*ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ*

# ਸ਼ਬਦ

**ਸਾਲ : ਦਸਵਾਂ** **ਪੂ : ਲੜੀ : ਸੈਂਤੀ** **ਜਨਵਰੀ-ਮਾਰਚ**, 2007

***ਸਰਪ੍ਰਸਤ***

ਹਰੀਸ਼ ਜੈਨ

***ਸਲਾਹਕਾਰ***

ਨ੍ਰਿਪਇੰਦਰ ਰਤਨ

**ਸੰਪਾਦਕ**

ਜਿੰਦਰ (ਆਨਰੇਰੀ)

***ਮੁੱਖ ਸੰਪਾਦਕ***

ਹਰਜੀਤ ਅਟਵਾਲ

67, HILLSIDE ROAD, SOUTHALL

MIDDLESEX , ENGLAND. UB1 2PE

Ph. : 020-85780393 MOBILE : 07782-265726

e mail address shabad_atwal @ hotmail.com.

Internet address : www.shabad_punjabi.com

*Managing Editor*

***Shiv***

984, Near Bindu Sharma Depot,

Model House, Jalandhar-144003

Mobile No.98148-03254 Ph.: 0181-2440191

**ਡਿਸਟ੍ਰੀਬਿਊਟਰ** : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 80 ਰੁ: ਸਾਲਾਨਾ

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

***ਨੋਟ :*** ਯੂਰਪ 'ਚ ਚੈੱਕ, ਬੈਂਕ ਡਰਾਫਟ J. S. ATWAL ਦੇ ਨਾਂ ਦਾ ਹੋਵੇ।

ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

ਦਰਸ਼ਨ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਕੰਡਾ ਕੰਪਿਊਟਰਜ਼ ਤੋਂ ਕੰਪੋਜ਼ ਕਰਵਾ ਕੇ ਸਵਿੱਤਰ ਪ੍ਰੈਸ, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਮੇਰਾ ਪੰਨਾ

ਸਫ਼ਰਨਾਮਾ ਸਾਹਿਤ ਦੀ ਮਾਣਯੋਗ ਵਿਧਾ ਹੈ। ਇਸ ਵਿਧਾ ਤੋਂ ਪਾਠਕ ਨੂੰ ਕਿਸੇ ਦੇਸ਼, ਥਾਂ, ਖਿੱਤੇ ਬਾਰੇ ਕੁਝ ਨਾ ਕੁਝ ਤੇ ਵਿਸ਼ੇਸ਼ ਤੋਂ ਵਿਸ਼ੇਸ਼ ਜਾਣਕਾਰੀ ਮਿਲਦੀ ਹੈ। ਕੰਪਿਊਟਰ ਯੁੱਗ ਵਿੱਚ ਇਹ ਜਾਣਕਾਰੀ ਹਾਸਿਲ ਕਰਨੀ ਸੌਖੀ ਹੋ ਗਈ ਹੈ। ਅੱਜ ਤੋਂ ਦੋ ਤਿੰਨ ਦਿਹਾਕੇ ਪਹਿਲਾਂ ਸਫ਼ਰਨਾਮੇ ਹੀ ਕਿਸੇ ਹੱਦ ਤੱਕ ਸਹਾਈ ਹੁੰਦੇ ਸਨ। ਸਮੇਂ-ਸਮੇਂ ਸਿਰ ਇਸ ਵਿਧਾ ਦੇ ਵਿਸ਼ੇ, ਸ਼ੈਲੀ ਵਿੱਚ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ ਆਈਆਂ ਹਨ। ਇਕ ਸਮੇਂ ਇਹ ਵਿਅਕਤੀਵਾਦੀ ਸਾਹਿਤ ਵੀ ਬਣਿਆ। ਸਾਹਿਤ ਦੇ ਬਾਕੀ ਰੂਪਾਂ ਵਾਂਗ ਪੰਜਾਬੀ ਵਿੱਚ ਵੀ ਸਫ਼ਰਨਾਮਾ ਪੱਛਮੀ ਸਾਹਿਤ ਦੇ ਸੰਪਰਕ 'ਚ ਆਉਣ ਪਿੱਛੋਂ ਹੀ ਵਿਕਸਿਤ ਹੋਇਆ। ਪੰਜਾਬੀ ਵਿੱਚ ਇਸ ਦੀ ਸ਼ੁਰੂਆਤ ਲਾਲ ਸਿੰਘ ਕਮਲਾ ਅਕਾਲੀ (ਮੇਰਾ ਵਲੈਤੀ ਸਫ਼ਰਨਾਮਾ-1930) ਨਾਲ ਹੁੰਦੀ ਹੈ। ਬਲਰਾਜ ਸਾਹਨੀ ਦੇ ਸਫ਼ਰਨਾਮਿਆਂ ਨੂੰ ਇਸ ਵਿਧਾ ਦੀ ਸਿਖ਼ਰ ਮੰਨਿਆ ਗਿਆ ਹੈ। ਅੰਗਰੇਜ਼ੀ 'ਚ ਬਾਇਰਿਨ, ਰਿਚਰਡ ਬਰਟਨ, ਲਾਰੰਸ ਤੇ ਫੌਸਟਰ ਦਾ ਨਾਂ ਆਉਂਦਾ ਹੈ। ਚੀਨੀ ਯਾਤਰੀ ਹਿਊਨ ਸਾਂਗ ਦੇ ਲਿਖੇ ਸਫ਼ਰਨਾਮੇ ਨੇ ਤਾਂ ਇਸ ਸਮੇਂ ਦੀ ਭਾਰਤੀ ਰਾਜਨੀਤਿਕ, ਆਰਥਿਕ ਤੇ ਸਮਾਜਿਕ ਵਿਵਸਥਾ ਦਾ ਅਜਿਹਾ ਚਿਤਰਣ ਕੀਤਾ ਹੈ ਕਿ ਉਸ ਸਮੇਂ ਦੇ ਇਤਿਹਾਸ ਨੂੰ ਸਮਝਣ ਵਿੱਚ ਇਹ ਬਹੁਤ ਸਹਾਈ ਹੁੰਦਾ ਹੈ। ਪਿਛਲੇ ਦਿਨੀਂ ਹਿੰਦੀ ਦੇ ਬਹੁ-ਚਰਚਿਤ ਕਥਾਕਾਰ ਅਸਗਰ ਵਜਾਹਤ ਨੇ 'ਤਦਭਾਵਨਾ' ਮੈਗਜ਼ੀਨ 'ਚ ਆਪਣੀ ਈਰਾਨ ਯਾਤਰਾ ਬਾਰੇ ਸਫ਼ਰਨਾਮਾ ਲਿਖਿਆ ਹੈ। ਸੰਜੀਵ ਨੇ ਇੰਗਲੈਂਡ ਬਾਰੇ ਲਿਖਿਆ ਹੈ। ਐਦਾਂ ਹੀ ਦੋ ਦਰਜਨ ਤੋਂ ਵੱਧ ਹਿੰਦੀ ਦੇ ਕਈ ਲੇਖਕਾ ਨੇ ਸਫ਼ਰਨਾਮੇ ਲਿਖੇ ਹਨ ਜੋ ਕਿ ਹਰ ਪੱਖੋਂ ਉਤਕ੍ਰਿਸ਼ਟ ਹਨ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬੀ ਵਿੱਚ ਵੀ ਬਹੁਤ ਸਾਰੇ ਸਫ਼ਰਨਾਮੇ ਲਿਖੇ ਗਏ ਹਨ। ਖਾਸ ਕਰਕੇ ਉਦੋਂ ਤੋਂ ਕੁ ਜਦੋਂ ਕੁ ਪੰਜਾਬੀ ਲੇਖਕਾਂ ਨੇ ਇੰਗਲੈਂਡ, ਕਨੇਡਾ, ਅਮਰੀਕਾ, ਪਾਕਿਸਤਾਨ, ਚੀਨ ਅਤੇ ਜਾਪਾਨ ਦੀ ਸੈਰ ਕੀਤੀ ਹੈ। ਹੀਰਾ ਸਿੰਘ ਦਰਦ, ਸ. ਸ. ਅਮੋਲ, ਹਰਦਿੱਤ ਸਿੰਘ, ਨਰਿੰਦਰ ਪਾਲ ਸਿੰਘ, ਪਿਆਰਾ ਸਿੰਘ ਦਾਤਾ, ਗਿਆਨੀ ਹਰਭਜਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਰਾਮ ਸਰੂਪ ਅਣਖੀ, ਕੇ. ਐਲ. ਗਰਗ, ਹਰਭਜਨ ਹੁੰਦਲ, ਬਲਦੇਵ ਧਾਲੀਵਾਲ, ਸੁਖਪਾਲ ਥਿੰਦ, ਵਨੀਤਾ, ਆਸਾ ਸਿੰਘ ਘੁੰਮਣ, ਅਤਰਜੀਤ ਕੌਰ ਸੂਰੀ ਤੇ ਸੋਢੀ ਸੁਲਤਾਨ ਸਿੰਘ ਨੇ ਸਫ਼ਰਨਾਮੇ ਲਿਖੇ। ਪ੍ਰਵਾਸੀ ਲੇਖਕਾਂ ਕੈਲਾਸ਼ਪੁਰੀ, ਰਵਿੰਦਰ ਰਵੀ, ਜਰਨੈਲ ਸਿੰਘ ਸੇਖਾ ਤੇ ਹਰਜੀਤ ਅਟਵਾਲ ਨੇ ਵੀ ਇਸ ਵਿਧਾ 'ਚ ਲਿਖਿਆ ਹੈ।

ਪਿਛਲੀ ਦਿਨੀਂ ਮੈਨੂੰ ਇਕ ਵਿਦਿਆਰਥੀ ਨੇ ਪੁੱਛਿਆ ਸੀ ਕਿ ਸਾਡੇ ਲੇਖਕ ਕਈ-ਕਈ ਚੈਪਟਰ ਪਾਸਪੋਰਟ ਦੀ ਤਿਆਰੀ 'ਤੇ ਹੀ ਲਿਖ ਦਿੰਦੇ ਹਨ। ਕਿਸੇ ਦੇ ਘਰ ਪੀਤੀ ਚਾਹ ਜਾਂ ਖਾਂਦੇ ਪਰੌਠਿਆਂ ਬਾਰੇ ਹੀ ਕਈ-ਕਈ ਪੰਨੇ ਲਿਖ ਦਿੰਦੇ ਹਨ ਜਿਸ ਦਾ ਸਫ਼ਰਨਾਮੇ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਅਸਲ ਵਿੱਚ ਸਫ਼ਰਨਾਮਾ ਲੇਖਕ ਤੋਂ ਕੁਝ ਜ਼ਿਆਦਾ ਹੀ ਮੰਗਦਾ ਹੈ। ਪੇਂਡੂ ਪਿਛੋਕੜ ਵਾਲੇ ਲੇਖਕ ਜਦੋਂ ਇਨ੍ਹਾਂ ਮੁਲਕਾਂ ਦੀ ਚਕਾਚੌਂਧ ਤੋਂ ਡੌਰ-ਭੌਰ ਹੋਏ ਖੜ੍ਹੇ ਹੁੰਦੇ ਹਨ ਤਾਂ ਪਾਠਕ ਸ਼ੱਕ ਵਿੱਚ ਪੈਣ ਲੱਗਦਾ ਹੈ। ਫਿਰ ਇਹੋ ਲੇਖਕ ਬਾਹਰਲੀ ਜ਼ਿੰਦਗੀ ਨੂੰ ਪੰਛੀ ਝਾਤ ਦੇਖ ਕੇ ਫੈਸਲੇ ਜਾਂ ਫੱਤਵੇ ਸੁਣਾਉਣ ਲੱਗਦੇ ਹਨ। ਗੁਰਬਚਨ ਦੇ ਲੇਖਕਾਂ ਵਿੱਚ ਅਜਿਹਾ ਕੁਝ ਦੇਖਣ ਨੂੰ ਅਕਸਰ ਹੀ ਮਿਲਦਾ ਹੈ। ਕੁਝ ਲੇਖਕ ਤਾਂ ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਦੇ ਰੇਖਾ-ਚਿੱਤਰ ਲਿਖ ਕੇ ਸਫ਼ਰਨਾਮਾ ਪੂਰਾ ਕਰ ਜਾਂਦੇ ਹਨ। ਇਸ ਤਰ੍ਹਾਂ ਸਾਹਿਤ ਦੀ ਇਸ ਵਿਧਾ ਨਾਲ ਪੂਰਾ ਇਨਸਾਫ਼ ਨਹੀਂ ਹੋ ਪਾਉਂਦਾ। ਅਸਲ ਵਿੱਚ ਇਹ ਵਿਧਾ ਵੀ ਹੋਰ ਵਿਧਾਵਾਂ ਜਿੰਨੀ ਮਿਹਨਤ ਮੰਗਦੀ ਹੈ। ਪੇਤਲਾ ਲਿਖਣ ਨਾਲੋਂ ਲੇਖਕ ਨੂੰ ਚਾਹੀਦਾ ਹੈ ਕਿ ਆਪਣੇ ਅਨੁਭਵਾਂ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਕੇ ਲਿਖੇ ਜਾਂ ਫਿਰ ਇਸ ਨੂੰ ਅਗਲੀਆਂ ਤਿੰਨ ਚਾਰ ਫੇਰੀਆਂ ਲਈ ਛੱਡ ਦੇਵੇ।

**-ਜਿੰਦਰ**

## ਜ਼ਿਨਾ-ਬਿਲ-ਜਬਰ ਦੀ ਸ਼ਿਕਾਰ-ਮੁਖਤਾਰ ਬੀਬੀ

*"ਮੈਂ ਜਦੋਂ ਬੋਲਣਾ ਖਤਮ ਕਰਦੀ ਹਾਂ, ਮੈਂ ਬਾਹਰੋਂ ਸ਼ਾਂਤ ਨਜ਼ਰ ਆਉਂਦੀ ਹਾਂ ਪਰ ਸ਼ਰਮ ਨਾਲ ਮੇਰਾ ਦਿਲ ਤੇ ਮੇਰਾ ਪੇਟ ਦਰਦ ਕਰ ਰਿਹਾ ਹੈ," ਇਹ ਸ਼ਬਦ ਹਨ ਮੁਖਤਾਰ ਬੀਬੀ ਦੇ। ਉਹ ਪੰਜਾਬ ਦੇ ਦੱਖਣ-ਪੱਛਮ 'ਚ ਪੈਂਦੇ, ਮੁਜ਼ਫਰਗੜ ਜ਼ਿਲ੍ਹੇ ਦੇ ਸਿੰਧੂ ਨਦੀ ਦੇ ਮੈਦਾਨਾਂ 'ਚ ਵਸੇ ਪਿੰਡ ਮੀਰਵਾਲਾ 'ਚ ਰਹਿੰਦੇ ਗੁਲਾਮ ਫ਼ਰੀਦ ਗੁਜਰ ਦੀ ਸਿੱਧੀ ਸਾਦੀ, ਅਨਪੜ੍ਹ, ਭੋਲੀ ਜਿਹੀ ਤਲਾਕਸ਼ੁਦਾ ਧੀ ਹੈ। ਉਸ ਦੇ ਭਰਾ ਸ਼ਕੂਰ 'ਤੇ ਮਸਤੋਈਆਂ ਨੇ ਇਲਜ਼ਾਮ ਲਾਇਆ ਕਿ ਉਸਨੇ ਉਨ੍ਹਾਂ ਦੀ ਬਿਰਾਦਰੀ ਦੀ ਇਕ ਮੁਟਿਆਰ ਸਲਮਾ ਨਾਲ ਗੱਲ ਕੀਤੀ ਸੀ। ਪਹਿਲਾਂ ਤਾਂ ਸ਼ਕੂਰ ਨਾਲ ਬਦਸਲੂਕੀ ਕੀਤੀ ਜਾਂਦੀ ਹੈ ਤੇ ਫੇਰ ਜਿਰਗਾ (ਕਬਾਇਲੀ ਪੰਚਾਇਤ) ਮੁਖਤਾਰ ਬੀਬੀ ਨਾਲ ਸਮੂਹਿਕ ਜ਼ਿਨਾ ਕਰਨ ਦਾ ਫੈਸਲਾ ਸੁਣਾਉਂਦੀ ਹੈ। ਇੱਥੋਂ ਹੀ ਮੁਖਤਾਰ ਬੀਬੀ ਦੇ ਦੁੱਖਾਂ ਦੀ ਕਹਾਣੀ ਸ਼ੁਰੂ ਹੁੰਦੀ ਹੈ। ਮਸਤੋਈ ਵੱਡਾ ਕਬੀਲਾ ਹੈ ਤੇ ਗੁਜਰਾਂ ਦੀ ਉਨ੍ਹਾਂ ਅੱਗੇ ਕੋਈ ਪੇਸ਼ ਨਹੀਂ ਜਾਂਦੀ। ਮੁਖਤਾਰ ਬੀਬੀ ਨਾਲ ਸਮੂਹਿਕ ਜ਼ਿਨਾ ਹੁੰਦਾ ਹੈ। ਉਸ ਦੀ ਆਪ ਬੀਤੀ ਨੂੰ ਮੀਡੀਆ ਹਾਈਲਾਈਟ ਕਰਦਾ ਹੈ। 31 ਅਗਸਤ, 2002 ਨੂੰ ਡੇਰਾ ਗਾਜ਼ੀ ਖਾਂ ਦੀ ਅਤੰਕਵਾਦ ਵਿਰੋਧੀ ਅਦਾਲਤ ਛੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਉਂਦੀ ਹੈ ਤੇ ਬਾਕੀ ਅੱਠਾਂ ਨੂੰ ਬਰੀ ਕਰ ਦਿੰਦੀ ਹੈ। ਮਸਤੋਈ ਲਾਹੌਰ ਹਾਈਕੋਰਟ 'ਚ ਅਪੀਲ ਕਰਦੇ ਹਨ ਤੇ 3 ਮਾਰਚ, 2005 ਨੂੰ ਲਾਹੌਰ ਹਾਈਕੋਰਟ ਪੰਜਾਂ ਦੋਸ਼ੀਆਂ ਨੂੰ ਬਰੀ ਕਰ ਦਿੰਦੀ ਹੈ ਤੇ ਛੇਵੇਂ ਨੂੰ ਉਮਰ ਕੈਦ। ਮੁਖਤਾਰ ਬੀਬੀ ਗ੍ਰਹਿ ਮੰਤਰੀ ਨੂੰ ਮਿਲਦੀ ਹੈ ਤੇ ਫੇਰ ਉਨ੍ਹਾਂ ਸਾਰਿਆਂ ਨੂੰ ਗ੍ਰਿਫਤਾਰ ਕਰਾਉਂਦੀ ਹੈ। ਇਸ ਦਲੇਰੀ ਭਰੇ ਕੰਮ 'ਚ ਉਸ ਦੀ ਮਦਦਤ ਨਸੀਮ ਕਰਦੀ ਹੈ। ਆਪਣੀ ਇਸ ਲੜਾਈ ਦੌਰਾਨ ਹੀ ਉਹ ਆਪਣੇ ਪਿੰਡ ਮੀਰਵਾਲਾ 'ਚ ਸਕੂਲ ਖੋਲ੍ਹਦੀ ਹੈ ਤੇ ਉਸਦੀ ਪ੍ਰਿੰਸੀਪਲ ਬਣਦੀ ਹੈ। ਹੁਣ ਲੋਕ ਉਸਨੂੰ ਮੁਖਤਾਰ ਮਾਈ ਕਰਕੇ ਯਾਦ ਕਰਦੇ ਹਨ। ਉਸਦਾ ਮੁਕੱਦਮਾ ਸੁਪਰੀਮ ਕੋਰਟ 'ਚ ਚਲ ਰਿਹਾ ਹੈ। ਆਪਣੀ ਆਪਬੀਤੀ, ਉਹ ਸਰਯਕੀ ਭਾਸ਼ਾ 'ਚ ਫਰੈਂਚ ਲੇਖਕਾ ਮਾਰੀ-ਥੇਰੀਜ਼-ਕਊਨੀ ਨੂੰ ਸੁਣਾਉਂਦੀ ਹੈ। ਮੁਸਤਫ਼ਾ ਬਲੂਚ ਅਤੇ ਸ਼ੈਫ ਖਾਨ ਜਿਨ੍ਹਾਂ ਨੂੰ ਫਰੈਂਚ ਦੇ ਨਾਲ-ਨਾਲ ਸਰਯਕੀ ਭਾਸ਼ਾ ਵੀ ਆਉਂਦੀ ਹੈ- ਕਊਨੀ ਤੇ ਮੁਖਤਾਰ ਲਈ ਅਨੁਵਾਦਕ ਦੇ ਤੌਰ 'ਤੇ ਸਹਾਈ ਹੁੰਦੇ ਹਨ।*

*ਪੇਸ਼ ਹੈ ਮੁਖਤਾਰ ਬੀਬੀ ਉਰਫ਼ ਮਾਈ, ਉਮਰ ਤੇਤੀ ਸਾਲ ਦੀ ਕਹਾਣੀ ਦਾ ਇੱਕ ਅਹਿਮ ਕਾਂਡ, ਉਸ ਦੇ ਸ਼ਬਦਾਂ 'ਚ ਹੀ।*

ਸਾਡੇ ਘਰ ਪਹੁੰਚਣ ਤੱਕ ਸਵੇਰ ਦੇ ਪੰਜ ਵੱਜ ਚੁੱਕੇ ਹੁੰਦੇ ਨੇ ਅਤੇ ਮੈਂ ਥੱਕ ਕੇ ਚੂਰ ਚੂਰ ਹਾਂ। ਅਜਿਹੇ ਸਮੇਂ ਮੇਰੇ ਵਰਗੀ ਮਾਮੂਲੀ ਹੈਸੀਅਤ ਦੀ ਔਰਤ ਸੋਚ ਵਿੱਚ ਪੈ ਜਾਂਦੀ ਹੈ ਕਿ ਕੀ ਉਸ ਵੱਲੋਂ ਕਬੀਲੇ ਦੀ ਪਰੰਪਰਾ ਦੇ ਜਮੇ-ਜਮਾਏ ਸਿਲਸਿਲੇ ਨੂੰ ਪਲਟਣ ਦੀ ਕੋਸ਼ਿਸ਼ ਕਰਨਾ ਠੀਕ ਹੈ। ਮੈਨੂੰ ਹੁਣ ਪਤਾ ਹੈ ਕਿ ਮੇਰੇ ਨਾਲ ਜ਼ਿਨਾ ਕਰਨ ਦਾ ਫੈਸਲਾ ਸਾਰੀ ਬਸਤੀ ਦੇ ਸਾਹਮਣੇ ਲਿਆ ਗਿਆ ਸੀ। ਹੋਰ ਪਿੰਡ ਵਾਲਿਆਂ ਦੇ ਨਾਲ ਮੇਰੇ ਬਾਪੂ ਅਤੇ ਚਾਚੇ ਨੇ ਵੀ ਇਹ ਫੈਸਲਾ ਸੁਣਿਆ ਸੀ, ਪਰ ਮੇਰੇ ਘਰ ਵਾਲਿਆਂ ਨੂੰ ਆਸ ਸੀ ਕਿ ਆਖਰ ਸਾਨੂੰ ਮਾਫ ਕਰ ਦਿੱਤਾ ਜਾਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਸੀਂ ਸਾਰੇ ਉਸ ਜਾਲ ਵਿੱਚ ਫਸ ਗਏ ਸੀ ਅਤੇ ਮੇਰੀ ਤਬਾਹੀ ਪਹਿਲਾਂ ਤੋਂ ਹੀ ਤੈਅ ਸੀ।

ਜੋ ਵੀ ਡਰ ਜਾਂ ਸ਼ੁਬ੍ਹੇ ਮੈਂ ਮਹਿਸੂਸ ਕਰਾਂ, ਹੁਣ ਪਿਛੇ ਹਟਣ ਲਈ ਬਹੁਤ ਦੇਰ ਹੋ ਚੁੱਕੀ ਹੈ। ਮਸਤੋਈ ਹੋਣ, ਜਾਂ ਗੁੱਜਰ ਜਾਂ ਬਲੂਚ, ਪੰਜਾਬ ਦੇ ਮਰਦਾਂ ਨੂੰ ਕੋਈ ਅੰਦਾਜ਼ਾ ਨਹੀਂ ਹੈ ਕਿ ਕਿਸੇ



ਔਰਤ ਲਈ ਅਜਿਹੀ ਜਬਰਦਸਤੀ ਬਾਰੇ ਗੱਲ ਕਰਨਾ ਕਿੰਨਾ ਤਕਲੀਫਦੇਹ ਹੈ ਕਿ ਦੱਸਿਆ ਨਹੀਂ ਜਾ ਸਕਦਾ। ਸਿੱਧਾ-ਸਾਦਾ ਲਫਜ਼ 'ਜ਼ਿਨਾ-ਬਿਲ-ਜਬਰ' ਹੀ ਕਾਫੀ ਹੈ। ਉਥੇ ਉਹ ਚਾਰ ਆਦਮੀ ਸਨ। ਮੈਂ ਉਹਨਾਂ ਦੇ ਚਿਹਰੇ ਦੇਖੇ ਸੀ। ਉਹਨਾਂ ਨੇ ਮੈਨੂੰ ਅਸਤਬਲ ਤੋਂ ਬਾਹਰ ਸੁੱਟ ਦਿੱਤਾ ਸੀ, ਲੋਕ ਦੇਖ ਰਹੇ ਸੀ ਅਤੇ ਮੈਂ ਆਪਣੇ ਅੱਧੇ ਨੰਗੇ ਬਦਨ ਨੂੰ ਢੱਕਣ ਦੀ ਕੋਸ਼ਿਸ਼ ਕਰ ਰਹੀ ਸੀ, ਫੇਰ ਮੈਂ ਉੱਥੋਂ ਚਲੀ ਗਈ ਸੀ। ਬਾਕੀ ਸਾਰਾ ਇੱਕ ਖੌਫਨਾਕ ਸੁਪਨਾ ਹੈ ਜਿਸਨੂੰ ਮੈਂ ਭੁੱਲਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹਾਂ।

ਆਪਣੀ ਕਹਾਣੀ ਨੂੰ ਬਾਰ ਬਾਰ ਦੁਹਰਾਉਣਾ-ਮੈਂ ਹਰਗਿਜ਼ ਅਜਿਹਾ ਨਹੀਂ ਕਰ ਸਕਦੀ। ਕਿਉਂਕਿ ਉਸ ਨੂੰ ਦੱਸਣਾ, ਉਸ ਨੂੰ ਫਿਰ ਤੋਂ ਜਿਉਣਾ ਹੈ। ਜੇ ਮੈਂ ਬੱਸ ਏਨਾ ਮਹਿਸੂਸ ਕਰ ਸਕਦੀ ਕਿ ਕਿਸੇ ਤੇ ਭਰੋਸਾ ਕਰ ਸਕਾਂ....ਜ਼ਨਾਨਾ ਪੁਲੀਸ ਨਾਲ ਇਹ ਘੱਟ ਤਕਲੀਫਦੇਹ ਹੁੰਦਾ, ਪਰ ਮੁਸ਼ਕਿਲ ਤਾਂ ਇਹ ਹੈ ਇਥੇ ਪੁਲੀਸ ਵਿੱਚ ਅਤੇ ਅਦਾਲਤਾਂ ਵਿੱਚ ਸਿਰਫ ਮਰਦ ਹਨ। ਹਮੇਸ਼ਾ ਮਰਦ।

ਅਤੇ ਸਾਡੀਆਂ ਪਰੇਸ਼ਾਨੀਆਂ ਅਜੇ ਖਤਮ ਨਹੀਂ ਹੋਈਆਂ। ਅਸੀਂ ਮੁਸ਼ਕਿਲ ਨਾਲ ਘਰ ਪਰਤੇ ਹਾਂ ਕਿ ਪੁਲੀਸ ਵਾਲੇ ਫੇਰ ਆ ਗਏ ਨੇ। ਇਸ ਵਾਰੀ ਉਹ ਮੈਨੂੰ ਜ਼ਿਲ੍ਹੇ ਦੇ ਪੁਲੀਸ ਦੇ ਵੱਡੇ ਦਫਤਰ ਵਿੱਚ 'ਰਸਮ ਅਦਾਇਗੀ' ਲਈ ਲਿਜਾ ਰਹੇ ਹਨ।

ਕਿਉਂਕਿ ਮਾਮਲੇ ਦੀਆਂ ਖਬਰਾਂ ਪਹਿਲਾਂ ਹੀ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ, ਮੈਨੂੰ ਖਿਆਲ ਆਉਂਦਾ ਹੈ ਕਿ ਅਫਸਰਾਂ ਨੂੰ ਦੂਜੇ ਅਖਬਾਰ ਵਾਲਿਆਂ ਦੇ ਆਉਣ ਦਾ ਡਰ ਹੈ, ਜੋ ਇਸ ਖਬਰ ਨੂੰ ਹੋਰ ਵੀ ਦੂਰ ਦੂਰ ਤੱਕ ਫੈਲਾ ਦੇਣਗੇ। ਹਾਲਾਂਕਿ ਮੈਨੂੰ ਸਚਮੁਚ ਕਿਸੇ ਚੀਜ਼ ਬਾਰੇ ਪੱਕਾ ਯਕੀਨ ਨਹੀਂ ਹੈ। ਜਿਸਮ ਦੀ ਇੱਕ ਇੱਕ ਹਰਕਤ ਮੇਰੇ ਲਈ ਇੱਕ ਕੋਸ਼ਿਸ਼ ਹੈ, ਅਤੇ ਆਪਣੇ ਉੱਪਰ ਦੂਸਰਿਆਂ ਦੀਆਂ ਨਜ਼ਰਾਂ ਮਹਿਸੂਸ ਕਰਨਾ ਨਿਰੀ ਬੇਇੱਜਤੀ। ਅਜਿਹੇ ਸਖਤ ਤਜ਼ੁਰਬੇ ਤੋਂ ਬਾਅਦ ਕੋਈ ਖਾ, ਪੀ ਅਤੇ ਸੌਂ ਕਿਵੇਂ ਸਕਦਾ ਹੈ ? ਪਰ ਇਸ ਦੇ ਬਾਵਜੂਦ, ਮੈਂ ਉਠ ਕੇ ਬਾਹਰ ਆਉਂਦੀ ਹਾਂ ਅਤੇ ਪੁਲੀਸ ਦੀ ਗੱਡੀ ਵਿੱਚ ਸਵਾਰ ਹੋ ਜਾਂਦੀ ਹਾਂ, ਜਿੱਥੇ ਮੈਂ ਆਪਣੀ ਚਾਦਰ ਵਿੱਚ ਆਪਣਾ ਮੂੰਹ ਲੁਕੋ ਲੈਂਦੀ ਹਾਂ, ਅਤੇ ਸੜਕ ਨੂੰ ਗੁਜ਼ਰਦਿਆਂ ਹੋਇਆਂ ਵੀ ਨਹੀਂ ਦੇਖਦੀ। ਮੈਂ ਇਕ ਅਲੱਗ ਹੀ ਔਰਤ ਬਣ ਗਈ ਹਾਂ।

****

ਮੈਂ ਫਰਸ਼ ਤੇ ਬੈਠੀ ਹਾਂ, ਅਜਨਬੀਆਂ ਨਾਲ, ਇੱਕ ਅਜਿਹੇ ਕਮਰੇ ਵਿੱਚ ਜੋ ਸਾਮਾਨ ਤੋਂ ਬਿਲਕੁਲ ਖਾਲੀ ਹੈ। ਮੈਨੂੰ ਕੁਝ ਵੀ ਪਤਾ ਨਹੀਂ ਕਿ ਮੈਂ ਇਥੇ ਕੀ ਕਰ ਰਹੀ ਹਾਂ, ਜਾਂ ਅੱਗੇ ਕੀ ਹੋਣ ਵਾਲਾ ਹੈ। ਕੋਈ ਮੈਨੂੰ ਪੁੱਛਗਿੱਛ ਕਰਨ ਖਾਤਿਰ ਲੈ ਜਾਣ ਲਈ ਨਹੀਂ ਆਉਂਦਾ।

ਅਤੇ ਕਿਉਂਕਿ ਮੇਰੇ ਨਾਲ ਕੋਈ ਵੀ ਗੱਲ ਨਹੀਂ ਕਰਦਾ, ਨਾ ਮੈਨੂੰ ਕੁਝ ਸਮਝਦਾ ਹੈ, ਮੇਰੇ ਕੋਲ ਇਸ ਬਾਰੇ ਸੋਚਣ ਲਈ ਬਹੁਤ ਸਮਾਂ ਹੈ ਕਿ ਔਰਤਾਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਂਦਾ ਹੈ। ਇਹ ਮਰਦ ਹੀ ਹਨ ਜੋ 'ਜਾਣਦੇ' ਹਨ, ਔਰਤਾਂ ਨੂੰ ਬੱਸ ਖਾਮੋਸ਼ ਰਹਿਣਾ ਅਤੇ ਇੰਤਜ਼ਾਰ ਕਰਨਾ ਚਾਹੀਦਾ। ਸਾਨੂੰ ਕੁਝ ਵੀ ਜਾਨਣ ਦੀ ਕੀ ਜ਼ਰੂਰਤ ਹੈ ? ਮਰਦ ਤੈਅ ਕਰਦੇ ਹਨ, ਹਕੂਮਤ ਕਰਦੇ ਹਨ, ਕਦਮ ਚੁੱਕਦੇ ਹਨ, ਸਹੀ-ਗਲਤ ਬਾਰੇ ਫੈਸਲੇ ਕਰਦੇ ਹਨ। ਮੈਂ ਉਹਨਾਂ ਬਕਰੀਆਂ ਬਾਰੇ ਸੋਚਦੀ ਹਾਂ, ਜਿਨ੍ਹਾਂ ਨੂੰ ਖੇਤਾਂ ਵਿੱਚ ਘੁੰਮਣ ਫਿਰਨ ਤੋਂ ਰੋਕਣ ਲਈ ਵਾੜੇ 'ਚ ਬੰਨ੍ਹ ਦਿੱਤਾ ਜਾਂਦਾ ਹੈ। ਇਥੇ ਮੇਰੀ ਹੈਸੀਅਤ ਇੱਕ ਬਕਰੀ ਤੋਂ ਵੱਧ ਨਹੀਂ, ਭਾਵੇਂ ਮੇਰੀ ਗਰਦਨ ਵਿੱਚ ਰੱਸੀ ਨਹੀਂ ਪਾਈ ਹੋਈ।

ਸਮਾਂ ਬੀਤਦਾ ਹੈ। ਜਦ ਸ਼ਕੂਰ ਅਤੇ ਮੇਰੇ ਅੱਬਾ ਇਹ ਦੇਖਣ ਲਈ ਆਉਂਦੇ ਹਨ ਕਿ ਕੀ ਹੋ ਰਿਹਾ ਹੈ ਤਾਂ ਪੁਲੀਸ ਉਹਨਾਂ ਨੂੰ ਵੀ ਮੇਰੇ ਨਾਲ ਉਸੇ ਕਮਰੇ ਵਿੱਚ ਬੰਦ ਕਰ ਦਿੰਦੀ ਹੈ, ਜਿੱਥੇ ਅਸੀਂ ਸਾਰਾ ਦਿਨ ਬੋਲਣ ਦੀ ਹਿੰਮਤ ਕੀਤੇ ਬਗੈਰ ਬੈਠੇ ਰਹਿੰਦੇ ਹਾਂ। ਦਿਨ ਛਿਪਦੇ ਨੂੰ ਪੁਲੀਸ ਸਾਨੂੰ ਗੱਡੀ

ਵਿੱਚ ਬਿਠਾ ਕੇ ਵਾਪਸ ਪਿੰਡ ਲੈ ਆਉਂਦੀ ਹੈ। ਕੋਈ ਪੁੱਛਗਿੱਛ ਨਹੀਂ, ਕੋਈ 'ਰਸਮ ਅਦਾਇਗੀ' ਨਹੀਂ। ਹਮੇਸ਼ਾਂ ਵਾਂਗ ਮੈਨੂੰ ਅਹਿਸਾਸ ਹੁੰਦਾ ਹੈ ਕਿ ਮੈਨੂੰ ਧੱਕ ਕੇ ਕਿਸੇ ਚੀਜ਼ ਤੋਂ ਕਿਨਾਰੇ ਕਰ ਦਿੱਤਾ ਗਿਆ ਹੈ, ਪਰ ਮੈਨੂੰ ਨਹੀਂ ਪਤਾ ਕਿ ਕਿਸ ਚੀਜ਼ ਤੋਂ। ਜਦ ਮੈਂ ਬੱਚੀ ਸੀ, ਅਤੇ ਫੇਰ ਮੈਂ ਇਕ ਜਵਾਨ ਔਰਤ ਬਣੀ ਤਾਂ ਮੈਂ ਬੱਸ ਏਨਾ ਕਰ ਸਕਦੀ ਸੀ ਕਿ ਗੌਰ ਨਾਲ ਵੱਡਿਆਂ ਦੀਆਂ ਗੱਲਾਂ ਸੁਣਾਂ ਤਾਂਕਿ ਸਮਝ ਸਕਾਂ ਉਹ ਕਿਸ ਚੀਜ਼ ਬਾਰੇ ਗੱਲਾਂ ਕਰ ਰਹੇ ਹਨ। ਮੈਂ ਨਾ ਤਾਂ ਸਵਾਲ ਪੁੱਛ ਸਕਦੀ ਸੀ, ਨਾ ਆਪਣੇ ਵੱਲੋਂ ਬੋਲ ਸਕਦੀ ਸੀ– ਮੈਂ ਸਿਰਫ ਦੂਜੇ ਲੋਕਾਂ ਦੇ ਸ਼ਬਦਾਂ ਨੂੰ ਟੁਕੜਾ ਟੁਕੜਾ ਜੋੜ ਕੇ ਇਹ ਸਮਝਣ ਦਾ ਇੰਤਜ਼ਾਰ ਕਰ ਸਕਦੀ ਸੀ ਕਿ ਮੇਰੇ ਆਲੇ ਦੁਆਲੇ ਕੀ ਹੋ ਰਿਹਾ ਹੈ।

ਅਗਲੇ ਦਿਨ ਸਵੇਰੇ ਪੰਜ ਵਜੇ ਪੁਲੀਸ ਆਉਂਦੀ ਹੈ ਅਤੇ ਮੈਨੂੰ ਉਸੇ ਤਾਂ ਤੇ ਉਸੇ ਕਮਰੇ ਵਿੱਚ ਲੈ ਜਾਂਦੀ ਹੈ, ਜਿੱਥੇ ਮੈਂ ਸਾਰਾ ਦਿਨ ਕੱਟਦੀ ਹਾਂ–ਦਿਨ ਢਲਣ ਤੇ ਫੇਰ ਗੱਡੀ ਵਿੱਚ ਬਿਠਾ ਕੇ ਘਰ ਲੈ ਆਉਣ ਲਈ। ਤੀਸਰੇ ਦਿਨ ਫੇਰ ਇਹੋ ਕੁਝ ਹੁੰਦਾ ਹੈ। ਉਹੀ ਕਮਰਾ, ਉਹੀ ਲੰਮਾ ਦਿਨ ਕੁਝ ਵੀ ਨਾ ਕਰਦੇ ਹੋਏ। ਮੈਨੂੰ ਪੱਕਾ ਯਕੀਨ ਤਾਂ ਨਹੀਂ ਹੈ ਕਿ ਇਹ ਕੈਦ ਇਲਾਕੇ ਵਿੱਚ ਅਖਬਾਰ ਵਾਲਿਆਂ ਦੀ ਮੌਜ਼ੂਦਗੀ ਕਾਰਨ ਹੈ, ਪਰ ਇਹ ਸ਼ੱਕ ਅੱਗੇ ਚਲ ਕੇ ਆਖਿਰ ਸੱਚਾ ਸਾਬਤ ਹੋਣ ਵਾਲਾ ਹੈ। ਮੈਨੂੰ ਜੇ ਪਤਾ ਹੁੰਦਾ ਤਾਂ ਮੈਂ ਘਰੋਂ ਬਾਹਰ ਆਉਣ ਤੋਂ ਨਾਂਹ ਕਰ ਦਿੰਦੀ। ਤੀਸਰੇ ਅਤੇ ਆਖਰੀ ਦਿਨ ਮੇਰੇ ਅੱਬਾ, ਸ਼ਕੂਰ ਅਤੇ ਮੁੱਲਾ ਨੂੰ ਉਸੇ ਥਾਣੇ ਵਿੱਚ ਲਿਆਂਦਾ ਗਿਆ। ਮੈਂ ਉਹਨਾਂ ਨੂੰ ਦੇਖ ਨਹੀਂ ਸਕਦੀ, ਕਿਉਂਕਿ ਅਸੀਂ ਅਲੱਗ–ਅਲੱਗ ਕਮਰਿਆਂ ਵਿੱਚ ਹਾਂ। ਬਾਅਦ ਵਿੱਚ ਮੈਨੂੰ ਪਤਾ ਚਲੇਗਾ ਕਿ ਇੱਕ ਸਜ਼ਾਯਾਫਤਾ ਲੋਕਾਂ ਲਈ ਹੈ ਅਤੇ ਦੂਸਰਾ ਮੁਜਰਮਾਂ ਲਈ। ਮੈਂ ਸਜ਼ਾਯਾਫਤਾ ਲੋਕਾਂ ਵਾਲੇ ਕਮਰੇ ਵਿੱਚ ਰੱਖੀ ਗਈ ਸੀ, ਮੁੱਲਾ ਅਤੇ ਮੇਰੇ ਘਰਵਾਲੇ ਦੂਸਰੇ ਕਮਰੇ ਵਿੱਚ। ਬਾਅਦ 'ਚ ਉਹ ਮੈਨੂੰ ਦੱਸਣਗੇ ਕਿ ਮੈਥੋਂ ਪਹਿਲਾਂ ਉਹਨਾਂ ਤਿੰਨਾਂ ਕੋਲੋਂ ਇਸ ਬਾਰੇ ਪੁੱਛਿਆ ਗਿਆ ਸੀ ਕਿ ਕੀ ਹੋਇਆ ਸੀ। ਆਖਿਰ ਜਦ ਮੈਨੂੰ ਪੁੱਛਗਿੱਛ ਲਈ ਲਿਜਾਇਆ ਜਾਂਦਾ ਹੈ ਤਾਂ ਮੁੱਲਾ ਨਾਲ ਮੇਰੀ ਮੁਲਾਕਾਤ ਹੁੰਦੀ ਹੈ, ਜਿਸ ਨੂੰ ਬੱਸ ਏਨਾ ਵਕਤ ਮਿਲਦਾ ਹੈ ਕਿ ਮੈਨੂੰ ਖਬਰਦਾਰ ਕਰ ਸਕੇ।

"ਹੁਸ਼ਿਆਰ ਰਹੀਂ! ਜੋ ਵੀ ਤੂੰ ਉਹਨਾਂ ਨੂੰ ਦੱਸਦੀ ਹੈਂ ਉਹ ਆਪਣੇ ਲਫਜ਼ਾਂ ਵਿੱਚ ਲਿਖਦੇ ਹਨ।"

ਹੁਣ ਮੇਰੀ ਵਾਰੀ ਹੈ, ਅਤੇ ਜਿਉਂ ਹੀ ਮੈਂ ਤਹਿਸੀਲ ਦੇ ਵੱਡੇ ਪੁਲੀਸ ਅਫਸਰ ਦੇ ਦਫਤਰ ਵਿੱਚ ਦਾਖਲ ਹੁੰਦੀ ਹਾਂ, ਮੇਰੀ ਸਮਝ ਵਿੱਚ ਆ ਜਾਂਦਾ ਹੈ।

"ਦੇਖ ਮੁਖਤਾਰ, ਅਸੀਂ ਮਸਤੋਈਆਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ। ਉਹ ਬੁਰੇ ਆਦਮੀ ਨਹੀਂ ਹਨ, ਪਰ ਤੂੰ ਉਹਨਾਂ ਦੇ ਖਿਲਾਫ ਇਲਜਾਮ ਲਗਾ ਰਹੀ ਹੈਂ। ਅਜਿਹਾ ਕਿਉਂ ਕਰ ਰਹੀ ਹੈਂ ਤੂੰ? ਇਸਦਾ ਕੋਈ ਮਤਲਬ ਨਹੀਂ ਹੈ।"

"ਪਰ ਉਹਨਾਂ ਨੇ ਮੇਰੀਆਂ ਬਾਹਾਂ ਫੜ ਲਈਆਂ ਸੀ, ਅਤੇ ਮੈਂ ਮਦਦ ਲਈ ਚਿਲਾਈ ਸੀ, ਮੈਂ ਰਹਿਮ ਦੀ ਭੀਖ ਮੰਗੀ ਸੀ.....।"

"ਬੇਵਕੂਫ ਲੜਕੀ, ਤੈਨੂੰ ਇਹ ਦਾਵਾ ਕਦੇ ਨਹੀਂ ਕਰਨਾ ਚਾਹੀਦਾ। ਜੋ ਕੁਝ ਤੈਂ ਹੁਣ ਤੱਕ ਕਿਹੈ ਉਹ ਮੈਂ ਲਿਖ ਲਵਾਂਗਾ, ਤੇ ਤੈਨੂੰ ਪਹਿਲੀ ਰਿਪੋਰਟ ਪੜ੍ਹ ਕੇ ਸੁਣਾ ਦੇਵਾਂਗਾ। ਪਰ ਕਲ੍ਹ ਮੈਂ ਤੈਨੂੰ ਅਦਾਲਤ ਵਿੱਚ ਲੈ ਕੇ ਜਾਵਾਂਗਾ, ਤੇ ਜੱਜ ਦੇ ਸਾਹਮਣੇ ਤੈਂ ਖਬਰਦਾਰ ਰਹਿਣਾ ਹੈ, ਬਹੁਤ ਖਬਰਦਾਰ। ਤੂੰ ਠੀਕ ਉਹੀ ਕਹੇਂਗੀ ਜੋ ਮੈਂ ਤੈਨੂੰ ਹੁਣ ਦੱਸ ਰਿਹਾ ਹਾਂ। ਮੈਂ ਹਰ ਚੀਜ਼ ਤਿਆਰ ਕਰ ਲਈ ਹੈ। ਤੇ ਤੈਨੂੰ ਪਤਾ ਹੈ ਇਹ ਤੇਰੀ ਬਿਹਤਰੀ ਲਈ ਹੈ ਤੇ ਤੇਰੇ ਘਰ ਵਾਲਿਆਂ ਦੀ ਬਿਹਤਰੀ ਲਈ, ਤੇ ਇਸ ਨਾਲ ਤੁਅੱਲਕ ਰੱਖਣ ਵਾਲੇ ਬਾਕੀ ਸਾਰਿਆਂ ਲਈ।"



"ਉਹਨਾਂ ਨੇ ਮੇਰੀ ਇੱਜਤ ਲੁੱਟ ਲਈ।"

"ਤੈਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਤੇਰੀ ਇੱਜਤ ਲੁੱਟੀ ਗਈ ਹੈ।"

ਉਸਦੀ ਮੇਜ ਉੱਤੇ ਇੱਕ ਕਾਗਜ਼ ਪਿਐ, ਜਿਸ 'ਤੇ ਉਸਨੇ ਪਹਿਲਾਂ ਹੀ ਕੁੱਝ ਲਿਖ ਰੱਖਿਐ। ਮੈਨੂੰ ਕਿਵੇਂ ਪਤਾ ਚਲੇਗਾ ਕਿ ਉਥੇ ਕੀ ਲਿਖਿਆ ਹੋਇਐ? ਕਾਸ਼, ਮੈਂ ਪੜ੍ਹਨਾ ਜਾਣਦੀ! ਉਸਨੇ ਮੈਨੂੰ ਕਾਗਜ਼ 'ਤੇ ਨਜ਼ਰ ਮਾਰਦਿਆਂ ਦੇਖ ਲਿਐ, ਪਰ ਉਸ ਨੂੰ ਕੋਈ ਪਰਵਾਹ ਨਹੀਂ।

"ਤੈਂਨੇ ਅਬਦੁਲ ਖਾਲਿਕ ਦਾ ਨਾਂ ਨਹੀਂ ਲੈਣਾ ਹੈ। ਤੈਂ ਇਹ ਨਹੀਂ ਕਹਿਣਾ ਕਿ ਤੇਰੀ ਇੱਜ਼ਤ ਲੁੱਟੀ ਗਈ ਹੈ। ਤੈਂ ਇਹ ਨਹੀਂ ਕਹਿਣਾ ਹੈ ਕਿ ਉਹੀ ਸੀ ਜਿਸਨੇ ਕੁੱਝ ਕੀਤਾ ਸੀ।"

"ਪਰ ਉਹ ਉਥੇ ਸੀ।"

"ਠੀਕ ਹੈ। ਤੂੰ ਚਾਹੇਂ ਤਾਂ ਸਚਮੁੱਚ ਇਹ ਕਹਿ ਸਕਦੀ ਹੈਂ ਕਿ ਅਬਦੁਲ ਖਾਲਿਕ ਉਥੇ ਸੀ। ਹਰ ਕੋਈ ਇਹ ਜਾਣਦਾ ਹੈ। ਮਿਸਾਲ ਦੇ ਤੌਰ 'ਤੇ ਤੂੰ ਕਹੇਂਗੀ ਕਿ ਅਬਦੁਲ ਖਾਲਿਕ ਨੇ ਆਵਾਜ਼ ਮਾਰੀ ਸੀ, "ਲਓ, ਉਥੇ ਹੈ ਉਹ। ਉਸ ਨੂੰ ਮਾਫ ਕਰ ਦਿਓ।"

ਬੱਸ ਏਨਾ ਕਾਫੀ ਹੈ। ਮੈਂ ਲੋਹੀ ਲਾਖੀ ਹੋ ਕੇ ਕਮਰੇ 'ਚੋਂ ਬਾਹਰ ਨਿਕਲ ਆਉਂਦੀ ਹਾਂ।

"ਮੈਨੂੰ ਪਹਿਲਾਂ ਤੋਂ ਹੀ ਹਰ ਚੀਜ਼ ਪਤਾ ਹੈ ਜੋ ਮੈਂ ਕਹਿਣੀ ਹੈ, ਕਿਉਂਕਿ ਮੈਂ ਪਹਿਲਾਂ ਹੀ ਉਹ ਕਹਿ ਚੁੱਕੀ ਹਾਂ। ਮੈਨੂੰ ਤੁਹਾਡੀ ਬਕਵਾਸ ਨਹੀਂ ਸੁਣਨੀ ਜਨਾਬ!"

ਤੇ ਅਚਾਨਕ ਮੈਂ ਗੈਲਰੀ ਵਿੱਚ ਹਾਂ, ਉਥੋਂ ਬਾਹਰ ਨਿਕਲਣ ਲਈ ਤਿਆਰ। ਬੁਰੀ ਤਰ੍ਹਾਂ ਜਲੀਲ ਅਤੇ ਨਫਰਤ ਨਾਲ ਭਰੀ ਹੋਈ। ਮੇਰੇ ਸਾਹਮਣੇ ਸਾਫ ਹੈ, ਇਹ ਪੁਲੀਸ ਵਾਲਾ ਚਾਹੁੰਦਾ ਹੈ, ਮੈਂ ਮਸਤੋਈਆਂ ਨੂੰ ਜ਼ਿਨਾ ਕਰਨ ਦੇ ਬਾਵਜੂਦ ਛੁੱਟ ਜਾਣ ਦਿਆਂ। ਉਸਨੇ ਸੋਚਿਆ ਕਿ ਉਹ ਮੈਨੂੰ ਡਰਾ ਕੇ ਸਾਰੇ ਇਲਜ਼ਾਮ ਵਾਪਸ ਲੈਣ ਲਈ ਮਨਾ ਲਵੇਗਾ। ਅੱਛਾ, ਤਾਂ ਉਹ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਸਚਮੁਚ? ਅਤੇ ਉਹ ਬੁਰੇ ਆਦਮੀ ਨਹੀਂ ਹਨ? ਅੱਧਾ ਪਿੰਡ ਜਾਣਦਾ ਹੈ ਕਿ ਉਹ ਕਿੰਨੇ ਬੁਰੇ ਹੋ ਸਕਦੇ ਹਨ। ਮੇਰੇ ਚਾਚੇ ਨੂੰ ਪਤਾ ਹੈ ਅਤੇ ਮੇਰੇ ਅੱਬਾ ਨੂੰ ਵੀ। ਸ਼ਕੂਰ ਅਤੇ ਮੈਂ ਉਹਨਾਂ ਦੇ ਸ਼ਿਕਾਰ ਹਾਂ। ਅਤੇ ਜਦ ਉਹ ਬੁਰੇ ਆਦਮੀ ਨਹੀਂ ਬਣ ਰਹੇ ਹੁੰਦੇ ਤਾਂ ਬੱਸ ਉਹੀ ਇਹੀ ਕਰਦੇ ਹਨ ਕਿ ਮੇਰੀ ਜਾਤ ਬਿਰਾਦਰੀ ਦੇ ਲੋਕਾਂ ਨੂੰ ਜ਼ਮੀਨ ਦੇ ਕੁਝ ਟੁਕੜੇ ਖਰੀਦਣ ਤੋਂ ਰੋਕ ਦੇਣ ਤਾਂਕਿ ਉਹ ਉਹਨਾਂ ਨੂੰ ਖੁਦ ਖਰੀਦ ਸਕਣ। ਜਾਗੀਰਦਾਰਾਂ ਦੀ ਤਾਕਤ ਇਹੀ ਹੁੰਦੀ ਹੈ। ਉਹ ਜ਼ਮੀਨ ਤੋਂ ਸ਼ੁਰੂ ਹੁੰਦੀ ਹੈ ਅਤੇ ਜ਼ਿਨਾ 'ਤੇ ਖਤਮ ਹੁੰਦੀ ਹੈ।

ਮੈਂ ਗਰੀਬ ਅਤੇ ਅਨਪੜ੍ਹ ਸਹੀ, ਅਤੇ ਮੈਂ ਆਪਣੀ ਟੰਗ ਕਦੇ ਮਰਦਾਂ ਦੇ ਮਾਮਲੇ ਵਿੱਚ ਨਹੀਂ ਅੜਾਈ, ਪਰ ਮੇਰੇ ਕੋਲ ਸੁਣਨ ਲਈ ਕੰਨ ਹਨ ਅਤੇ ਦੇਖਣ ਲਈ ਅੱਖਾਂ। ਨਾਲ ਹੀ ਬੋਲਣ ਲਈ ਆਵਾਜ਼–ਆਪਣੇ ਖਾਤਿਰ ਬੁਲੰਦ ਕਰਨ ਲਈ।

ਇੱਕ ਪੁਲੀਸ ਅਫਸਰ ਮੇਰੇ ਪਿੱਛੇ ਪਿੱਛੇ ਆ ਗਿਆ ਹੈ। ਉਹ ਮੈਨੂੰ ਮੇਰੇ ਬਾਪੂ ਅਤੇ ਮੁੱਲਾ ਤੋਂ ਅਲੱਗ ਲੈ ਜਾਂਦਾ ਹੈ, ਜੋ ਦੂਜੇ ਦਫਤਰ ਦੇ ਦਰਵਾਜ਼ੇ ਸਾਹਮਣੇ ਹੁਣ ਵੀ ਇੰਤਜ਼ਾਰ ਕਰ ਰਹੇ ਹਨ।

"ਇਧਰ ਆ, ਮੇਰੀ ਗੱਲ ਸੁਣ....ਠੰਡ ਰੱਖ, ਮੁਖਤਾਰਨ ਬੀਬੀ! ਸੁਣ! ਤੈਂ ਉਹੀ ਕਹਿਣੈ ਜੋ ਅਸੀਂ ਤੈਨੂੰ ਕਹਿਣ ਲਈ ਦੱਸਾਂਗੇ, ਕਿਉਂਕਿ ਇਹੀ ਤੇਰੇ ਲਈ ਬਿਹਤਰ ਹੈ ਤੇ ਸਾਡੇ ਲਈ ਵੀ।"

ਮੈਨੂੰ ਜਵਾਬ ਦੇਣ ਦਾ ਕੋਈ ਮੌਕਾ ਨਹੀਂ ਮਿਲਦਾ। ਇਕ ਹੋਰ ਅਫਸਰ ਮੇਰੇ ਬਾਪੂ, ਸ਼ਕੂਰ ਅਤੇ ਮੁੱਲਾ ਨੂੰ ਦਫਤਰ ਵਿੱਚ ਹੱਕ ਕੇ ਲੈ ਆਉਂਦਾ ਹੈ।

"ਠੀਕ ਹੈ–ਸਾਨੂੰ ਫੌਰਨ ਇਹ ਨਿਬੇੜ ਲੈਣਾ ਚਾਹੀਦੈ! ਤੁਸੀਂ ਲੋਕ ਇਹਨਾਂ ਤੇ ਦਸਤਖਤ ਕਰ ਦਿਓ ਤੇ ਅਸੀਂ ਰਿਪੋਰਟ ਭਰ ਦਿਆਂਗੇ।"

ਉਹ ਤਿੰਨ ਸਾਦੇ ਕਾਗਜ਼ ਚੁੱਕਦਾ ਹੈ ਅਤੇ ਉਹਨਾਂ ਤਿੰਨਾਂ ਆਦਮੀਆਂ ਨਾਲ ਦਰਵਾਜ਼ਾ ਬੰਦ ਕਰ ਲੈਂਦਾ ਹੈ। ਤਕਰੀਬਨ ਫੌਰਨ ਹੀ, ਉਹ ਫੇਰ ਕਮਰੇ 'ਚੋਂ ਨਿਕਲਦਾ ਹੈ ਅਤੇ ਮੇਰੇ ਵੱਲ ਆਉਂਦਾ ਹੈ।

"ਤੇਰਾ ਬਾਪੂ, ਭਰਾ ਅਤੇ ਮੁੱਲਾ ਰਾਜੀ ਹੋ ਗਏ ਹਨ, ਉਹਨਾਂ ਨੇ ਦਸਤਖਤ ਕਰ ਦਿੱਤੇ ਹਨ, ਤੇ ਬਾਕੀ ਚੀਜ਼ਾਂ ਅਸੀਂ ਨਿਪਟਾ ਦੇਵਾਂਗੇ। ਚੌਥਾ ਸਫਾ ਤੇਰੇ ਲਈ ਹੈ, ਸੋ ਤੂੰ ਵੀ ਉਹੀ ਕਰ ਜੋ ਉਹਨਾਂ ਨੇ ਕੀਤੈ, ਅੰਗੂਠੇ ਦੀ ਨਿਸ਼ਾਨੀ ਲਗਾ ਦੇ। ਤੇ ਅਸੀਂ ਕਾਗਜ਼ 'ਤੇ ਠੀਕ ਉਹੀ ਲਿਖ ਦਿਆਂਗੇ ਜੋ ਤੈਂ ਦੱਸਿਐ, ਕੋਈ ਦਿੱਕਤ ਨਹੀਂ। ਆਪਣਾ ਅੰਗੂਠਾ ਇੱਥੇ ਲਗਾ ਦੇ।"

ਮੁੱਲਾ ਨੇ ਦਸਤਖਤ ਕਰ ਦਿੱਤੇ ਹਨ, ਅਤੇ ਮੈਨੂੰ ਉਸ 'ਤੇ ਭਰੋਸਾ ਹੈ। ਸੋ ਮੈਂ ਆਪਣੇ ਅੰਗੂਠੇ ਦਾ ਨਿਸ਼ਾਨ ਉਸ ਸਾਦੇ ਕਾਗਜ਼ 'ਤੇ ਲਾਉਂਦਿਆਂ ਉਹੀ ਕਰਦੀ ਹਾਂ ਜੋ ਪੁਲੀਸ ਵਾਲਾ ਕਹਿੰਦਾ ਹੈ।

"ਬਿਲਕੁਲ ਠੀਕ! ਦੇਖਿਆ ਇਹ ਸਿਰਫ ਰਸਮ ਅਦਾਇਗੀ ਹੈ। ਛੇਤੀ ਹੀ ਤੈਨੂੰ ਅਦਾਲਤ ਵਿੱਚ ਲੈ ਜਾਵਾਂਗੇ, ਜੱਜ ਦੇ ਸਾਹਮਣੇ। ਇੱਥੇ ਹੀ ਠਹਿਰ।"

ਸੱਤ ਵਜੇ ਦੇ ਕਰੀਬ ਸੂਰਜ ਢਲਣ ਤੋਂ ਬਾਅਦ, ਪੁਲੀਸ ਦੀਆਂ ਦੋ ਗੱਡੀਆਂ ਸਾਨੂੰ ਲੈ ਜਾਂਦੀਆਂ ਹਨ। ਮੁੱਲਾ ਪਹਿਲੀ ਗੱਡੀ ਵਿੱਚ ਜਾਂਦਾ ਹੈ ਅਤੇ ਅਸੀਂ ਤਿੰਨੇ ਦੂਸਰੀ ਵਿੱਚ। ਰਸਤੇ ਵਿੱਚ ਪੁਲੀਸ ਨੂੰ ਜੱਜ ਦਾ ਇਕ ਸੁਨੇਹਾ ਮਿਲਦਾ ਹੈ। ਉਹ ਉਹਨਾਂ ਨੂੰ ਸੂਚਨਾ ਦਿੰਦਾ ਹੈ ਕਿ ਉਹ ਅਦਾਲਤ ਵਿੱਚ ਨਹੀਂ ਆ ਸਕਦਾ ਕਿਉਂਕਿ ਉਸ ਦੇ ਘਰ ਮਹਿਮਾਨ ਆਏ ਹੋਏ ਹਨ। ਉਹ ਕਹਿੰਦਾ ਹੈ ਕਿ ਸਾਨੂੰ ਉਸ ਦੇ ਘਰ ਲਿਆਇਆ ਜਾਵੇ। ਜਦ ਅਸੀਂ ਉੱਥੇ ਪਹੁੰਚਦੇ ਹਾਂ, ਉਹ ਆਪਣਾ ਇਰਾਦਾ ਬਦਲ ਲੈਂਦਾ ਹੈ।

"ਨਹੀਂ, ਇਸ ਨਾਲ ਕੰਮ ਨਹੀਂ ਚੱਲਣਾ, ਇੱਥੇ ਬਹੁਤ ਜ਼ਿਆਦਾ ਲੋਕ ਹਨ। ਇਸ ਕੰਮ ਨੂੰ ਅਦਾਲਤ ਵਿੱਚ ਕਰਨਾ ਹੀ ਬਿਹਤਰ ਹੋਵੇਗਾ। ਇਹਨਾਂ ਨੂੰ ਉਥੇ ਲੈ ਜਾਓ, ਮੈਂ ਤੁਹਾਡੇ ਪਿਛੇ ਪਿਛੇ ਆਉਂਦਾ ਹਾਂ।"

ਅਸੀਂ ਅਦਾਲਤ ਦੇ ਸਾਹਮਣੇ ਖੁੱਲ੍ਹੇ ਮੈਦਾਨ ਵਿੱਚ ਖੜੇ ਹਾਂ, ਅਤੇ ਜਦ ਜੱਜ ਆਉਂਦਾ ਹੈ, ਮੈਂ ਦੇਖਦੀ ਹਾਂ ਕਿ ਪੁਲੀਸ ਦੀ ਇੱਕ ਗੱਡੀ ਫੈਜ਼ ਅਤੇ ਚਾਰ ਹੋਰ ਲੋਕਾਂ ਨੂੰ ਨਾਲ ਲਿਆਈ ਹੈ ਜਿਨ੍ਹਾਂ ਨੂੰ ਮੈਂ ਹਨੇਰੇ ਵਿੱਚ ਸਾਫ ਸਾਫ ਦੇਖ ਨਹੀਂ ਸਕੀ। ਸਿਰਫ ਫੈਜ਼ ਹੈ ਜਿਸਨੂੰ ਮੈਂ ਪਹਿਚਾਨ ਸਕੀ ਹਾਂ।

ਮੈਨੂੰ ਪਤਾ ਨਹੀਂ ਸੀ ਕਿ ਉਹਨਾਂ ਨੂੰ ਵੀ ਬੁਲਾਇਆ ਗਿਆ ਸੀ। ਪੁਲੀਸ ਵਾਲਿਆਂ ਕਰਕੇ ਮੈਂ ਅਤੇ ਮੇਰੇ ਘਰ ਵਾਲੇ ਆਪਸ ਵਿੱਚ ਗੱਲ ਨਹੀਂ ਕਰਦੇ। ਸ਼ਕੂਰ ਉਦਾਸ ਲਗਦਾ ਹੈ, ਬੁਰੀ ਤਰ੍ਹਾਂ ਪਸਤ। ਉਸਦੇ ਚਿਹਰੇ ਦੇ ਨਿਸ਼ਾਨ ਹੁਣ ਵੀ ਦੱਸਦੇ ਹਨ ਉਸ 'ਤੇ ਕੀ ਗੁਜ਼ਰੀ ਹੈ, ਭਾਵੇਂ ਉਸਦੇ ਜ਼ਖਮਾਂ 'ਚੋਂ ਖੂਨ ਵਹਿਣਾ ਬੰਦ ਹੋ ਗਿਆ ਹੈ। ਹੁਣ ਤੱਕ ਮੇਰੇ ਭਰਾ ਨੇ ਮੇਰੇ ਬਾਪੂ ਤੋਂ ਸਿਵਾ ਹੋਰ ਕਿਸੇ ਨੂੰ ਨਹੀਂ ਦੱਸਿਆ ਕਿ ਉਸ ਨਾਲ ਕੀ ਹੋਇਆ ਸੀ। ਮੈਨੂੰ ਯਕੀਨ ਹੈ ਕਿ ਉਹ ਵੀ ਆਪਣੀ ਹਿਫਾਜ਼ਤ ਕਰ ਸਕੇਗਾ, ਪਰ ਉਹ ਛੋਟਾ ਹੈ, ਪੁਲੀਸ ਅਤੇ ਅਦਾਲਤ, ਦੋਨਾਂ ਦਾ ਸਾਹਮਣਾ ਕਰਨ ਲਈ ਬਹੁਤ ਛੋਟਾ, ਅਤੇ ਸਭ ਇਕ ਦਿਨ ਵਿੱਚ ਹੀ। ਮੈਂ ਸੋਚਦੀ ਹਾਂ ਕਿ ਕੀ ਉਸਨੂੰ ਵੀ, ਮੇਰੇ ਵਾਂਗ ਇਹ ਸਲਾਹ ਦਿੱਤੀ ਗਈ ਹੈ ਕਿ ਕਿਸੇ 'ਤੇ ਇਲਜ਼ਾਮ ਨਾ ਲਾਵੇ।

ਖੁਸ਼ਕਿਸਮਤੀ ਨਾਲ, ਮੇਰੇ ਅੱਬਾ ਇੱਥੇ ਹਨ। ਉਹ ਉਸੇ ਤਰ੍ਹਾਂ ਮੇਰੀ ਹਿਫਾਜ਼ਤ ਕਰਦੇ ਹਨ ਜਿਵੇਂ ਹਮੇਸ਼ਾਂ ਕਰਦੇ ਆਏ ਹਨ, ਕੁਝ ਦੂਸਰੇ ਬਾਪੂਆਂ ਵਾਂਗ ਨਹੀਂ, ਜੋ ਖੁਦ ਨੂੰ ਮੁਸੀਬਤ ਤੋਂ ਬਚਾਉਣ



ਲਈ ਆਪਣੇ ਪੁੱਤ ਜਾਂ ਧੀ ਦੀ ਕੁਰਬਾਨੀ ਦੇਣ ਤੋਂ ਨਹੀਂ ਝਿਜਕਦੇ। ਜਦ ਉਹਨਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਮੇਰੇ ਸ਼ੌਹਰ ਦੇ ਤੌਰ ਤੇ ਜੋ ਆਦਮੀ ਚੁਣਿਆ ਗਿਆ ਸੀ ਉਹ ਇੱਕ ਬਦਨਾਮ ਉੱਜਡ ਸੀ ਜੋ ਆਪਣੇ ਵਾਦੇ ਪੂਰੇ ਨਹੀਂ ਕਰਦਾ ਸੀ, ਤਾਂ ਮੇਰੇ ਅੱਬੂ ਨੇ ਮੇਰੇ ਤਲਾਕ ਦੇ ਸਿਲਸਿਲੇ ਵਿੱਚ ਮੇਰੀ ਹਿਮਾਇਤ ਕੀਤੀ ਸੀ। ਉਹ ਕਦੇ ਡੋਲੇ ਨਹੀਂ, ਅਤੇ ਨਾ ਹੀ ਮੈਂ, ਜਦ ਤੱਕ ਕਿ ਮੈਂ ਤਲਾਕ ਹਾਸਿਲ ਨਹੀਂ ਕਰ ਲਿਆ ਜੋ ਸਿਰਫ ਸ਼ੌਹਰ ਹੀ ਦੇ ਸਕਦਾ ਹੈ। ਇਹ ਆਪਣੀ ਬੀਵੀ ਨੂੰ ਛੁਟਕਾਰਾ ਦੇਣ ਦਾ ਉਸਦਾ ਕਰਾਰ ਹੁੰਦਾ ਹੈ ਅਤੇ ਉਸ ਤੋਂ ਬਿਨਾਂ ਔਰਤ ਦਾ ਤਲਾਕ ਨਹੀਂ ਹੋ ਸਕਦਾ। ਉਸਦਾ ਮਾਮਲਾ ਅਦਾਲਤ ਵਿੱਚ ਜੱਜ ਦੇ ਸਾਹਮਣੇ ਪੇਸ਼ ਹੋਣਾ ਚਾਹੀਦੈ, ਜੋ ਇੱਕ ਮਹਿੰਗਾ ਸੌਦਾ ਹੈ, ਅਤੇ ਉਂਜ ਵੀ ਹਮੇਸ਼ਾ ਇਸ ਦੀ ਇਜਾਜ਼ਤ ਨਹੀਂ ਮਿਲਦੀ। ਮੈਂ ਫਿਰ ਤੋਂ ਆਪਣੀ ਅਜ਼ਾਦੀ ਆਪਣੇ ਬਾਪੂ ਅਤੇ ਆਪਣੀ ਜ਼ਿਦ ਦੀ ਬਦੌਲਤ ਹਾਸਲ ਕੀਤੀ, ਜੋ ਅਸੀਂ ਔਰਤਾਂ ਕੋਲ ਮਰਦਾਂ ਦੇ ਖਿਲਾਫ ਇੱਕੋ ਇੱਕ ਹਥਿਆਰ ਹੈ।

ਮੇਰੇ ਬਾਪੂ ਨੂੰ ਪੱਕਾ ਯਕੀਨ ਸੀ ਕਿ ਕਬੀਲੇ ਦੇ ਇੱਕ ਕਾਨੂੰਨ ਮੁਤਾਬਿਕ, ਜੋ ਉਸਨੂੰ ਪੱਕਾ ਅਹਿਸਾਸ ਸੀ ਕਿ ਕਿਤੇ ਲਿਖਿਆ ਹੋਇਆ ਸੀ, ਫੈਜ਼ ਨੂੰ ਪਿੰਡ ਦੀ ਪੰਚਾਇਤ ਦੇ ਸਾਹਮਣੇ ਰਹਿਮ ਦਿਖਾਉਣਾ ਚਾਹੀਦਾ ਸੀ। ਮਾਫੀ ਤਾਂ ਉਦੋਂ ਵੀ ਮੁਮਕਿਨ ਹੈ ਜਦੋਂ ਕਿਸੇ ਜੱਦੀ ਝਗੜੇ ਵਿੱਚ ਕਿਸੇ ਦਾ ਕਤਲ ਹੋ ਜਾਵੇ। ਪਰ ਅਸਲ ਵਿੱਚ ਇਹ ਕਾਨੂੰਨ ਤਾਕਤਵਾਰ ਲੋਕਾਂ ਦੀ ਤਰਫਦਾਰੀ ਕਰਦਾ ਹੈ। ਉਹ ਚਾਹੁਣ ਤਾਂ ਕਿਸੇ ਕਸੂਰ ਨੂੰ ਮਾਫ ਕਰ ਸਕਦੇ ਹਨ ਪਰ ਉਹਨਾਂ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ ਅਤੇ ਚੂੰਕਿ ਮਸਤੋਈਆਂ ਦੀ ਤਾਦਾਦ ਬਾਕੀ ਲੋਕਾਂ ਨਾਲੋਂ ਵੱਧ ਹੈ, ਜਿਰਗੇ ਦੀ ਵਾਗਡੋਰ ਉਹਨਾਂ ਦੇ ਹੱਥ ਵਿੱਚ ਹੈ।

ਮਸਤੋਈਆਂ ਨੂੰ ਭੁੱਲਿਆ ਜਾਂ ਮਾਫ ਨਹੀਂ ਕੀਤਾ ਸੀ ਅਤੇ ਨਾ ਮੈਂ ਕਰਾਂਗੀ। ਜੋ ਕਸੂਰ ਉਹਨਾਂ ਦੇ ਦਾਵੇ ਦੇ ਮੁਤਾਬਿਕ ਉਹਨਾਂ ਦੇ ਖਿਲਾਫ ਕੀਤਾ ਗਿਆ ਹੈ, ਉਹ ਉਸ ਤਕਲੀਫ ਦੇ ਮੁਕਾਬਲੇ ਕੁਝ ਵੀ ਨਹੀਂ ਹੈ ਜੋ ਮੇਰੇ ਭਰਾ ਅਤੇ ਮੈਂ ਭੋਗੀ ਹੈ। ਇੱਜਤ ਉੱਤੇ ਮਸਤੋਈਆਂ ਦੀ ਕੋਈ ਇਜਾਰੇਦਾਰੀ ਨਹੀਂ ਹੈ।

ਮੈਂ ਜੱਜ ਦੇ ਸਾਹਮਣੇ ਖੜੀ ਹਾਂ। ਇਸ ਵਾਰੀ ਪਹਿਲਾਂ ਮੈਥੋਂ ਪੁੱਛ ਗਿੱਛ ਹੋ ਰਹੀ ਹੈ। ਉਹ ਰੋਅਬਦਾਰ ਆਦਮੀ ਹੈ, ਬਹੁਤ ਤਹਿਜ਼ੀਬ ਵਾਲਾ, ਅਤੇ ਪਹਿਲਾ ਅਫਸਰ ਜੋ ਇੱਕ ਹੋਰ ਕੁਰਸੀ ਲਿਆਉਣ ਲਈ ਕਹਿੰਦਾ ਹੈ ਤਾਂਕਿ ਮੈਂ ਬੈਠ ਸਕਾਂ। ਆਪਣੀ ਜੱਜ ਦੀ ਕੁਰਸੀ ਤੋਂ ਮੇਰੇ ਤੇ ਰੋਅਬ ਜਮਾਉਣ ਦੀ ਬਜਾਇ, ਉਹ ਮੇਰੇ ਸਾਹਮਣੇ ਬੈਠ ਜਾਂਦਾ ਹੈ, ਮੇਜ ਦੇ ਦੂਜੇ ਪਾਸੇ। ਉਹ ਪਾਣੀ ਦੀ ਇੱਕ ਸੁਰਾਹੀ ਅਤੇ ਗਿਲਾਸ ਵੀ ਮੰਗਵਾਉਂਦਾ ਹੈ। ਅਸੀਂ ਦੋਨੋਂ ਖੁਦ ਨੂੰ ਤਰੋਤਾਜਾ ਕਰਦੇ ਹਾਂ, ਅਤੇ ਮੈਂ ਉਸ ਦੀ ਸ਼ੁਕਰਗੁਜ਼ਾਰ ਹਾਂ, ਕਿਉਂਕਿ ਇਹ ਦਿਨ ਬਹੁਤ ਸਖਤ ਰਿਹਾ ਹੈ।

"ਯਾਦ ਰੱਖ ਮੁਖਤਾਰ ਬੀਬੀ, ਤੂੰ ਇੱਕ ਜੱਜ ਦੇ ਸਾਹਮਣੇ ਹੈਂ। ਸਭ ਕੁਝ ਜੋ ਹੋਇਆ ਉਹ ਮੈਨੂੰ ਬਿਲਕੁਲ ਸੱਚੋ ਸੱਚ ਦੱਸ ਦੇ। ਘਬਰਾ ਨਾ। ਮੈਂ ਜਾਨਣਾ ਚਾਹੁੰਦਾ ਤੇਰੇ ਨਾਲ ਕੀ ਕੀਤਾ ਗਿਆ। ਇਥੇ ਤੂੰ ਮੇਰੇ ਅਤੇ ਮੇਰੇ ਪੇਸ਼ਕਾਰ ਨਾਲ ਇਕੱਲੀ ਹੈਂ, ਉਹ ਸਾਰਾ ਕੁਝ ਲਿਖੇਗਾ ਜੋ ਤੂੰ ਮੈਨੂੰ ਦੱਸੇਗੀਂ। ਇਹ ਇਕ ਕਾਨੂੰਨੀ ਅਦਾਲਤ ਹੈ, ਤੇ ਮੈਂ ਇਥੇ ਪਤਾ ਕਰਨ ਆਇਆ ਹਾਂ ਕਿ ਕੀ ਹੋਇਆ ਸੀ। ਤੂੰ ਖੁੱਲ੍ਹ ਕੇ ਗੱਲ ਕਰ ਸਕਦੀ ਹੈਂ।"

ਮੈਂ ਆਪਣੀ ਕਹਾਣੀ ਸ਼ੁਰੂ ਕਰਦੀ ਹਾਂ, ਜਿੰਨੀ ਸ਼ਾਂਤੀ ਨਾਲ ਮੈਂ ਕਰ ਸਕਦੀ ਹਾਂ, ਪਰ ਮੇਰਾ ਦਿਲ ਮੇਰੀ ਸੰਘੀ 'ਚ ਆ ਗਿਆ ਹੈ। ਆਪਣੀ ਉਸ ਬੇਇੱਜਤੀ ਬਾਰੇ ਗੱਲ ਕਰਨਾ ਬੇਹੱਦ ਤਕਲੀਫਦੇਹ ਹੈ, ਪਰ ਜੱਜ ਮੇਰਾ ਹੌਂਸਲਾ ਵਧਾਉਂਦਾ ਹੈ।

"ਧਿਆਨ ਰੱਖ", ਉਹ ਮੈਨੂੰ ਯਾਦ ਕਰਵਾਉਂਦਾ ਹੈ, "ਮੈਨੂੰ ਸੱਚੀ ਦੱਸ। ਜਲਦਬਾਜੀ ਨਾ ਕਰ, ਘਬਰਾ ਨਾ। ਮੈਨੂੰ ਸਭ ਕੁਝ ਦੱਸ।"

ਮੈਨੂੰ ਉਸ 'ਤੇ ਸੱਚਮੁੱਚ ਯਕੀਨ ਹੁੰਦਾ ਹੈ। ਇਸ ਆਦਮੀ ਦੇ ਗੱਲ ਕਰਨ ਦੇ ਢੰਗ ਤੋਂ ਲੱਗਦਾ ਹੈ ਕਿ ਇਹ ਬੇਲਾਗ ਅਤੇ ਖਰਾ ਹੈ। ਉਸਨੇ ਮੈਨੂੰ ਪੁਲੀਸ ਵਾਲਿਆਂ ਵਾਂਗ ਧਮਕਾਉਣ ਜਾਂ ਮੇਰੇ ਮੂੰਹ ਵਿੱਚ ਆਪਣੀਆਂ ਗੱਲਾਂ ਪਾਉਣ ਨਾਲ ਸ਼ੁਰੂਆਤ ਨਹੀਂ ਕੀਤੀ। ਉਸਨੂੰ ਸਿਰਫ ਸੱਚ ਚਾਹੀਦੈ, ਅਤੇ ਉਹ ਗੌਰ ਨਾਲ ਸੁਣਦਾ ਹੈ, ਹਿਕਾਰਤ ਤੋਂ ਬਿਨਾਂ। ਜਦ ਵੀ ਉਹ ਦੇਖਦਾ ਹੈ ਕਿ ਮੈਂ ਬੇਚੈਨ ਹੋ ਰਹੀ ਹਾਂ, ਜਜਬਾਤ ਦੀ ਵਜਾਹ ਨਾਲ ਕੰਬਦਿਆਂ ਜਾਂ ਪਸੀਨੋ ਪਸੀਨ ਹੁੰਦਿਆਂ, ਉਹ ਮੈਨੂੰ ਰੋਕ ਦਿੰਦਾ ਹੈ।

"ਆਪਣਾ ਵਕਤ ਲੈ, ਅਰਾਮ ਨਾਲ ਗੱਲ ਕਰ। ਪਾਣੀ ਦੀ ਘੁੱਟ ਭਰ ਲੈ।"

ਪੁੱਛਗਿੱਛ ਡੇਢ ਘੰਟਾ ਚਲਦੀ ਹੈ। ਉਸ ਨਾਮੁਰਾਦ ਅਸਤਬਲ ਵਿੱਚ ਜੋ ਹੋਇਆ ਸੀ, ਜੱਜ ਉਸਦੀ ਇੱਕ ਇੱਕ ਤਫਸੀਲ ਜਾਨਣਾ ਚਾਹੁੰਦਾ ਹੈ। ਮੈਂ ਉਸਨੂੰ ਹਰ ਚੀਜ਼ ਦੱਸਦੀ ਹਾਂ, ਚੀਜ਼ਾਂ ਜੋ ਮੈਂ ਅਜੇ ਤੱਕ ਕਿਸੇ ਨੂੰ ਨਹੀਂ ਦੱਸੀਆਂ ਹਨ, ਖੁਦ ਆਪਣੀ ਮਾਂ ਨੂੰ ਵੀ ਨਹੀਂ। ਫੇਰ ਉਹ ਜਾ ਕੇ ਜੱਜ ਵਾਲੀ ਕੁਰਸੀ 'ਤੇ ਬੈਠ ਜਾਂਦਾ ਹੈ।

"ਤੈਂ ਮੈਨੂੰ ਸੱਚ ਦੱਸ ਕੇ ਚੰਗਾ ਕੀਤੈ। ਹੁਣ ਖੁਦਾ ਫੈਸਲਾ ਕਰੇਗਾ।"

ਉਹ ਲਿਖਣਾ ਸ਼ੁਰੂ ਕਰਦਾ ਹੈ, ਖਾਮੋਸ਼ੀ ਵਿੱਚ, ਅਤੇ ਮੈਂ ਏਨੀ ਪਸਤ ਹੋ ਗਈ ਹਾਂ ਕਿ ਮੈਂ ਆਪਣਾ ਸਿਰ ਮੇਜ ਉੱਤੇ ਟਿਕਾ ਦਿੰਦੀ ਹਾਂ। ਮੈਂ ਹੁਣ ਹੋਰ ਸਵਾਲ ਨਹੀਂ ਚਾਹੁੰਦੀ। ਮੈਂ ਸੌਣਾ ਚਾਹੁੰਦੀ ਹਾਂ। ਘਰ ਜਾਣਾ ਚਾਹੁੰਦੀ ਹਾਂ।

ਫੇਰ ਜੱਜ ਮੁੱਲਾ ਅਬਦੁਲ ਰੱਜਾਕ ਨੂੰ ਬੁਲਵਾਉਂਦਾ ਹੈ, ਜਿਸ ਨਾਲ ਉਹ ਉਸੇ ਇੱਜਤ ਨਾਲ ਪੇਸ਼ ਆਉਂਦਾ ਹੈ, ਜੋ ਉਸਨੇ ਮੇਰੇ ਸਿਲਸਿਲੇ ਵਿੱਚ ਦਿਖਾਈ ਸੀ।

"ਤੁਹਾਨੂੰ ਸੱਚ ਦੱਸਣਾ ਪਵੇਗਾ। ਤੁਸੀਂ ਇੱਕ ਜ਼ਿੰਮੇਵਾਰ ਆਦਮੀ ਹੋ। ਮੈਥੋਂ ਕੁੱਝ ਨਾ ਛਿਪਾਓ।"

ਮੁੱਲਾ ਬੋਲਣਾ ਸ਼ੁਰੂ ਕਰਦਾ ਹੈ, ਪਰ ਉਸਦੀ ਆਵਾਜ਼ ਛੇਤੀ ਹੀ ਮੇਰੇ ਲਈ ਮੱਧਮ ਹੁੰਦੀ ਚਲੀ ਜਾਂਦੀ ਹੈ। ਥਕੇਵੇਂ ਕਰਕੇ ਮੈਂ ਆਖਿਰ ਅਚਾਨਕ ਨੀਂਦ ਵਿੱਚ ਲੁੜਕ ਜਾਂਦੀ ਹਾਂ। ਫਿਰ ਮੈਨੂੰ ਕੁਝ ਯਾਦ ਨਹੀਂ ਕਿ ਅੱਗੇ ਕੌਣ ਆਇਆ, ਕੀ ਕਿਹਾ ਗਿਆ, ਸਭ ਕੁਝ ਧੁੰਧਲਾ-ਧੁੰਧਲਾ ਹੈ। ਮੈਨੂੰ ਉਦੋਂ ਤੱਕ ਹੋਸ਼ ਨਹੀਂ ਆਇਆ ਜਦ ਤੱਕ ਮੇਰੇ ਬਾਪੂ ਨੇ ਆ ਕੇ ਮੈਨੂੰ ਨਹੀਂ ਜਗਾਇਆ।

"ਮੁਖਤਰ, ਅਸੀਂ ਜਾ ਰਹੇ ਹਾਂ, ਚਲ ਉਠ। ਆਪਾਂ ਜਾਣੈ।"

ਜਿਉਂ ਹੀ ਮੈਂ ਅਦਾਲਤ 'ਚੋਂ ਨਿਕਲਣ ਲੱਗੀ, ਜੱਜ ਉਠਿਆ, ਮੇਰੇ ਕੋਲ ਆਇਆ, ਅਤੇ ਉਸਨੇ ਤਸੱਲੀ ਭਰਿਆ ਹੱਥ ਮੇਰੇ ਸਿਰ 'ਤੇ ਰੱਖ ਦਿੱਤਾ।

"ਹਾਰ ਨਾ ਮੰਨਣਾ। ਹਿੰਮਤ ਨਾਲ ਡਟੇ ਰਹਿਣੈ ਤੁਸੀਂ ਸਾਰਿਆਂ ਨੇ।"

ਪੁਲੀਸ ਆਖਿਰ ਸਾਨੂੰ ਘਰ ਲੈ ਜਾਂਦੀ ਹੈ। ਸਾਨੂੰ ਜਾਂਦਿਆਂ ਨੂੰ ਫੈਜ਼ ਅਤੇ ਉਸਦੇ ਨਾਲ ਦੇ ਲੋਕ ਨਜ਼ਰ ਨਹੀਂ ਆਏ, ਅਤੇ ਮੈਨੂੰ ਪਤਾ ਨਹੀਂ ਚੱਲਿਆ ਕਿ ਸਾਡੇ ਤੋਂ ਬਾਅਦ ਉਹਨਾਂ ਨਾਲ ਪੁੱਛਗਿੱਛ ਕੀਤੀ ਸੀ ਜਾਂ ਨਹੀਂ। ਬਹਿਰਹਾਲ, ਅਗਲੇ ਦਿਨ ਘਰ ਦੇ ਸਾਹਮਣੇ ਅਖਬਾਰ ਵਾਲੇ ਮੌਜੂਦ ਸਨ, ਅਜਨਬੀ ਲੋਕਾਂ ਦੇ ਨਾਲ, ਇਨਸਾਨੀ ਹੱਕਾਂ ਲਈ ਲੜਨ ਵਾਲੇ ਵੱਖ-ਵੱਖ ਸੰਗਠਨਾਂ ਤੋਂ ਆਈਆਂ ਹੋਈਆਂ ਔਰਤਾਂ ਅਤੇ ਮਰਦ। ਮੈਨੂੰ ਨਹੀਂ ਪਤਾ ਉਹ ਇੱਥੇ ਕਿਵੇਂ ਪਹੁੰਚੇ ਜਾਂ ਕਿਸ ਨੇ ਉਹਨਾਂ ਨੂੰ ਖਬਰ ਦਿੱਤੀ। ਮੇਰੀ ਮੁਲਾਕਾਤ ਬੀ. ਬੀ. ਸੀ. ਦੇ ਇੱਕ ਬੰਦੇ ਨਾਲ ਵੀ ਹੁੰਦੀ ਹੈ, ਇੱਕ



ਪਾਕਿਸਤਾਨੀ ਜੋ ਇਸਲਾਮਾਬਾਦ ਤੋਂ ਸਾਰਾ ਰਸਤਾ ਤੈਅ ਕਰਕੇ ਆਇਆ ਹੈ। ਏਨੇ ਸਾਰੇ ਓਪਰੇ ਲੋਕ ਹਨ ਕਿ ਮੈਂ ਹਿਸਾਬ ਨਹੀਂ ਰੱਖ ਪਾਉਂਦੀ ਕਿ ਉਹ ਕਿਸ ਦੀ ਨੁਮਾਇੰਦਗੀ ਕਰ ਰਹੇ ਹਨ। ਅਗਲੇ ਚਾਰ ਦਿਨਾਂ ਤੱਕ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਸਾਡੇ ਛੋਟੇ ਜਿਹੇ ਘਰ ਨੇ ਏਨੀ ਚਹਿਲ ਪਹਿਲ ਕਦੇ ਨਹੀਂ ਦੇਖੀ-ਮੁਰਗੀਆਂ ਵਿਹੜੇ ਵਿੱਚ ਦੌੜਦੀਆਂ ਹੋਈਆਂ, ਕੁੱਤਾ ਭੌਂਕਦਾ ਹੋਇਆ, ਅਤੇ ਇਹ ਸਾਰੀ ਗਹਿਮਾ-ਗਹਿਮੀ ਮੇਰੇ ਆਲੇ ਦੁਆਲੇ ਹੋ ਰਹੀ ਹੈ।

ਮੈਂ ਬਿਨਾ ਝਿਜਕੇ ਖੁੱਲ੍ਹ ਕੇ ਬੋਲਦੀ ਹਾਂ, ਸਿਵਾ ਉਦੋਂ ਜਦ ਕੋਈ ਬਹੁਤ ਜ਼ਿਆਦਾ ਵੇਰਵੇ ਮੰਗਦਾ ਹੈ। ਮੈਨੂੰ ਅਹਿਸਾਸ ਹੋ ਗਿਆ ਹੈ ਕਿ ਪਿੰਡ ਵਿੱਚ ਇਹ ਸ਼ੋਰ ਸ਼ਰਾਬਾ ਹੀ ਮੈਨੂੰ ਮੇਰੇ ਗਵਾਂਢੀਆਂ ਦੀਆਂ ਧਮਕੀਆਂ ਤੋਂ ਬਚਾ ਸਕਦਾ ਹੈ ਜਿਨ੍ਹਾਂ ਦੇ ਖੇਤ ਸਾਡੇ ਖੇਤਾਂ 'ਚੋਂ ਨਜ਼ਰ ਆਉਂਦੇ ਹਨ। ਜੇ ਏਨੇ ਸਾਰੇ ਲੋਕ ਮੇਰੇ ਬਾਰੇ ਪਤਾ ਕਰਨ ਲਈ ਆਏ ਹਨ ਤਾਂ ਸਿਰਫ ਇਸ ਲਈ ਕਿ ਮੈਂ ਮੁਲਕ ਦੇ ਆਪਣੇ ਇਲਾਕੇ ਦੀਆਂ ਉਹਨਾਂ ਤਮਾਮ ਔਰਤਾਂ ਲਈ ਖੜੀ ਹਾਂ, ਜਿਨ੍ਹਾਂ ਨਾਲ ਜਬਰਦਸਤੀ ਕੀਤੀ ਗਈ ਹੈ। ਪਹਿਲੀ ਵਾਰੀ ਇੱਕ ਔਰਤ ਇੱਕ ਪ੍ਰਤੀਕ ਬਣ ਗਈ ਹੈ।

ਅਤੇ ਇਹਨਾਂ ਅਜਨਬੀਆਂ ਤੋਂ ਮੈਨੂੰ ਜ਼ਿਨਾ ਦੇ ਹੋਰ ਮਾਮਲਿਆਂ, ਜ਼ੋਰ-ਜ਼ਬਰਦਸਤੀ ਦੇ ਹੋਰ ਕਾਰਨਾਮਿਆਂ ਬਾਰੇ ਪਤਾ ਚਲਦਾ ਹੈ, ਜਿਨ੍ਹਾਂ ਨੂੰ ਅਖਬਾਰਾਂ ਵਿੱਚ ਲਿਖਿਆ ਗਿਆ ਹੈ। ਕੋਈ ਮੈਨੂੰ ਇੱਕ ਰਿਪੋਰਟ ਪੜ੍ਹ ਕੇ ਸੁਣਾਉਂਦਾ ਹੈ, ਜਿਸਨੂੰ ਵੱਖ ਵੱਖ ਸੰਗਠਨਾਂ ਨੇ ਪਾਕਿਸਤਾਨੀ ਅਧਿਕਾਰੀਆਂ ਦੇ ਸਾਹਮਣੇ ਪੇਸ਼ ਕੀਤਾ ਹੈ। ਜਿਸ ਵਿੱਚ ਦਾਵਾ ਕੀਤਾ ਗਿਆ ਹੈ ਕਿ ਜੂਨ ਦੇ ਮਹੀਨੇ ਵਿੱਚ ਵੀਹ ਤੋਂ ਵੱਧ ਔਰਤਾਂ ਨਾਲ ਤਿਰਵੰਜਾ ਮਰਦਾਂ ਨੇ ਜਬਰਦਸਤੀ ਜ਼ਿਨਾ ਕੀਤਾ ਹੈ। ਦੋ ਔਰਤਾਂ ਮਰ ਚੁੱਕੀਆਂ ਹਨ। ਇੱਕ ਨੂੰ ਉਸ ਦੇ ਹਮਲਾਵਰਾਂ ਨੇ ਕਤਲ ਕਰ ਦਿੱਤਾ ਸੀ ਤਾਂਕਿ ਉਹ ਉਹਨਾਂ ਦੇ ਖਿਲਾਫ ਆਵਾਜ਼ ਨਾ ਉਠਾ ਸਕੇ, ਜਦਕਿ ਦੂਸਰੀ ਔਰਤ ਨੇ ਇਸ ਗੱਲ ਤੋਂ ਮਾਯੂਸ ਹੋ ਕੇ ਕਿ ਪੁਲੀਸ ਉਸ ਨਾਲ ਜ਼ਿਨਾ ਕਰਨ ਵਾਲਿਆਂ ਨੂੰ ਗ੍ਰਿਫਤਾਰ ਨਹੀਂ ਕਰ ਸਕਦੀ ਸੀ, ਦੋ ਜੁਲਾਈ ਨੂੰ ਖੁਦਕੁਸ਼ੀ ਕਰ ਲਈ ਸੀ-ਤਕਰੀਬਨ ਉਸੇ ਦਿਨ ਜਦ ਮੇਰੇ ਨਾਲ ਜੱਜ ਨੇ ਪੁੱਛਗਿੱਛ ਕੀਤੀ ਸੀ। ਇਸ ਸਭ ਨਾਲ ਮੇਰਾ ਡਟੇ ਰਹਿਣਾ, ਇਨਸਾਫ ਅਤੇ ਸੱਚ ਦੀ ਤਲਾਸ਼ ਕਰਨ ਦਾ ਹੌਸਲਾ ਹੋਰ ਮਜ਼ਬੂਤ ਹੁੰਦਾ ਹੈ, ਪੁਲੀਸ ਦੇ ਦਬਾਅ ਅਤੇ ਅਜਿਹੀ 'ਰਵਾਇਤ' ਦੇ ਬਾਵਜੂਦ ਜੋ ਚਾਹੁੰਦੀ ਹੈ ਕਿ ਔਰਤਾਂ ਖਾਮੋਸ਼ੀ ਨਾਲ ਤਕਲੀਫ ਸਹਿਣ ਜਦਕਿ ਮਰਦ ਆਪਣੀ ਮਨਮਾਨੀ ਕਰਨ।

ਖੁਦਕੁਸ਼ੀ ਹੁਣ ਮੇਰੇ ਦਿਮਾਗ ਵਿੱਚ ਸਭ ਤੋਂ ਆਖਰੀ ਚੀਜ਼ ਹੈ।

"ਸਾਡੇ ਮੁਲਕ ਦੀਆਂ ਅੱਧੀਆਂ ਔਰਤਾਂ ਜਬਰਦਸਤੀ ਦਾ ਸ਼ਿਕਾਰ ਹਨ।" ਇਕ ਜੋਸ਼ੀਲੀ ਪਾਕਿਸਤਾਨੀ ਔਰਤ ਮੈਨੂੰ ਸਮਝਾਉਂਦੀ ਹੈ, "ਉਹਨਾਂ ਨੂੰ ਜਾਂ ਤਾਂ ਜਬਰਦਸਤੀ ਸ਼ਾਦੀ ਵੱਲ ਧੱਕ ਦਿੱਤਾ ਜਾਂਦਾ ਹੈ ਜਾਂ ਉਹਨਾਂ ਦੀ ਇਸਮਤ ਲੁੱਟ ਲਈ ਜਾਂਦੀ ਹੈ ਜਾਂ ਫਿਰ ਮਰਦਾਂ ਵਿਚਾਲੇ ਖਰੀਦ ਫਰੋਖਤ ਦੀਆਂ ਚੀਜ਼ਾਂ ਵਾਂਗ ਇਸਤੇਮਾਲ ਕੀਤਾ ਜਾਂਦਾ ਹੈ। ਔਰਤਾਂ ਕੀ ਸੋਚਦੀਆਂ ਹਨ, ਇਸ ਨਾਲ ਕੋਈ ਫਰਕ ਨਹੀਂ ਪੈਂਦਾ,ਕਿਉਂਕਿ ਉਹਨਾਂ ਨੂੰ ਸੋਚਣ ਦੀ ਆਜ਼ਾਦੀ ਹੀ ਨਹੀਂ ਹੁੰਦੀ। ਉਹਨਾਂ ਨੂੰ ਇਸ ਗੱਲ ਦੀ ਇਜਾਜਤ ਨਹੀਂ ਦਿੱਤੀ ਜਾਂਦੀ ਕਿ ਉਹ ਪੜ੍ਹਨ ਜਾਂ ਲਿਖਣਾ ਸਿੱਖਣ, ਇਹ ਪਤਾ ਲਾਉਣ ਕਿ ਉਹਨਾਂ ਦੇ ਆਲੇ-ਦੁਆਲੇ ਦੀ ਦੁਨੀਆ ਕਿਵੇਂ ਕੰਮ ਕਰਦੀ ਹੈ। ਇਸ ਲਈ ਅਨਪੜ੍ਹ ਔਰਤਾਂ ਆਪਣੀ ਹਿਫਾਜਤ ਨਹੀਂ ਕਰ ਸਕਦੀਆਂ। ਉਹਨਾਂ ਨੂੰ ਆਪਣੇ ਹੱਕਾਂ ਬਾਰੇ ਕੁਝ ਪਤਾ ਨਹੀਂ ਹੁੰਦਾ ਅਤੇ ਉਹਨਾਂ ਦੀ ਬਗਾਵਤ ਨੂੰ ਨਾਕਾਮ ਕਰਨ ਲਈ ਉਹਨਾਂ ਦੇ ਮੂੰਹ ਵਿੱਚ ਸ਼ਬਦ ਤੁੰਨ ਦਿੱਤੇ ਜਾਂਦੇ ਹਨ। ਪਰ ਅਸੀਂ ਤੁਹਾਡੀ ਹਿਮਾਇਤ ਕਰਦੇ ਹਾਂ। ਬੱਸ ਹਿੰਮਤ ਰੱਖ....।"

ਅਫਸਰਾਂ ਨੇ ਮੇਰੇ ਨਾਲ ਠੀਕ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕੀਤੀ ਸੀ, "ਤੈਂ ਉਹੀ

ਕਹਿਣੈ ਜੋ ਅਸੀਂ ਤੈਨੂੰ ਕਹਿਣ ਲਈ ਦੱਸਦੇ ਹਾਂ, ਕਿਉਂਕਿ ਇਹੀ ਤੇਰੇ ਲਈ ਬਿਹਤਰ ਹੈ....।"

ਇੱਕ ਪੱਤਰਕਾਰ ਦੱਸਦਾ ਹੈ ਕਿ ਅਖਬਾਰਾਂ ਨੇ ਫੈਜ਼ ਦੇ ਖਿਲਾਫ ਇੱਕ ਪਿਛਲੀ ਸ਼ਿਕਾਇਤ ਵੀ ਲੱਭ ਲਈ ਹੈ, ਜੋ ਇੱਕ ਮਾਂ ਨੇ ਦਰਜ ਕਰਵਾਈ ਸੀ, ਉਸਦੀ ਜਵਾਨ ਬੇਟੀ ਨੂੰ ਉਸਨੇ ਉਸੇ ਸਾਲ ਕੁਝ ਸਮਾਂ ਪਹਿਲਾਂ ਅਗਵਾ ਕਰ ਲਿਆ ਸੀ। ਵਾਰ-ਵਾਰ ਉਸਦੀ ਇਸਮਤ ਲੁੱਟੀ ਸੀ ਅਤੇ ਉਦੋਂ ਹੀ ਛੱਡਿਆ ਸੀ ਜਦ ਲੋਕਲ ਅਖਬਾਰਾਂ ਨੇ ਖੁਦ ਮੇਰੇ ਇਲਜ਼ਾਮਾਂ ਦੀ ਖਬਰ ਛਾਪੀ ਸੀ।

ਏਨੀ ਸਾਰੀ ਜਾਣਕਾਰੀ ਨਾਲ ਮੇਰਾ ਸਿਰ ਘੁੰਮ ਰਿਹਾ ਹੈ, ਅਤੇ ਇੱਥੇ ਮੇਰੇ ਦੁਆਲੇ ਏਨੇ ਸਾਰੇ ਨਵੇਂ ਚਿਹਰੇ ਇਕੱਠੇ ਹਨ।

ਅਖਬਾਰ ਮੇਰੇ ਵੱਲ ਏਨਾ ਧਿਆਨ ਇਸ ਲਈ ਦੇ ਰਹੇ ਹਨ, ਕਿਉਂਕਿ ਮੈਂ ਆਪਣਾ ਮਾਮਲਾ ਅਦਾਲਤ ਵਿੱਚ ਲਿਜਾ ਰਹੀ ਹਾਂ। ਅਤੇ ਇੱਕ ਤਰ੍ਹਾਂ ਨਾਲ ਮੈਂ ਉਸ ਕਹਾਣੀ ਦਾ ਆਮ ਚਿਹਰਾ ਹਾਂ, ਜੋ ਹਜ਼ਾਰਾਂ ਪਾਕਿਸਤਾਨੀ ਔਰਤਾਂ ਨਾਲ ਤੁਅੱਲਕ ਰੱਖਦੀ ਹੈ।

ਮੈਂ ਬੇਹੱਦ ਖੁਸ਼ ਹਾਂ। ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਆਪਣੇ ਆਲੇ ਦੁਆਲੇ ਦੀਆਂ ਚੀਜ਼ਾਂ ਨੂੰ ਆਖਿਰਕਾਰ ਠੀਕ ਉਸੇ ਸ਼ਕਲ ਵਿੱਚ ਦੇਖ ਸਕਦੀ ਹਾਂ ਜਿਹੋ ਜਿਹੀਆਂ ਉਹ ਸਚਮੁਚ ਹਨ। ਮੇਰੇ ਪਿੰਡ ਤੋਂ ਅੱਗੇ, ਸੂਬੇ ਤੋਂ ਅੱਗੇ, ਦੂਰ ਇਸਲਾਮਾਬਾਦ ਤੱਕ ਇੱਕ ਪੂਰੀ ਦੁਨੀਆ ਹੈ ਜਿਸ ਬਾਰੇ ਮੈਂ ਕਦੇ ਨਹੀਂ ਜਾਣਦੀ ਸੀ। ਜਦ ਮੈਂ ਬੱਚੀ ਸੀ, ਮੇਰੇ ਸਭ ਤੋਂ ਲੰਮੇ ਸਫਰ ਆਂਢ-ਗਵਾਂਢ ਦੇ ਪਿੰਡਾਂ ਤੱਕ ਹੀ ਹੁੰਦੇ ਸੀ ਜਿੱਥੇ ਅਸੀਂ ਰਿਸ਼ਤੇਦਾਰਾਂ ਜਾਂ ਘਰਵਾਲਿਆਂ ਦੇ ਦੋਸਤਾਂ ਨਾਲ ਮਿਲਣ ਜਾਇਆ ਕਰਦੇ ਸਾਂ। ਮੈਨੂੰ ਇੱਕ ਮਾਮੇ ਦੀ ਯਾਦ ਹੈ ਜੋ ਕਦੇ ਕਦੇ ਸਾਡੇ ਕੋਲ ਰਹਿਣ ਲਈ ਆ ਜਾਂਦਾ ਹੁੰਦਾ ਸੀ। ਉਹ ਜਦ ਇੱਕ ਛੋਟਾ ਜਿਹਾ ਲੜਕਾ ਸੀ ਉਦੋਂ ਤੋਂ ਹੀ ਕਰਾਚੀ ਵਿੱਚ ਰਹਿੰਦਾ ਸੀ। ਜਦ ਉਹ ਸਮੁੰਦਰ, ਹਵਾਈ ਜਹਾਜ਼ਾਂ, ਪਹਾੜਾਂ ਅਤੇ ਦੂਰ ਪਾਰ ਤੋਂ ਆਉਣ ਵਾਲੇ ਅਣਗਿਣਤ ਲੋਕਾਂ ਦੀਆਂ ਗੱਲਾਂ ਕਰਦਾ ਸੀ ਤਾਂ ਅਸੀਂ ਉਸ ਦੀਆਂ ਗੱਲਾਂ ਸੁਣਿਆ ਕਰਦੇ ਸਾਂ, ਮੈਂ ਅਤੇ ਮੇਰੀਆਂ ਭੈਣਾਂ। ਮੈਂ ਸੱਤ ਜਾਂ ਅੱਠ ਸਾਲ ਦੀ ਹੋਵਾਂਗੀ, ਅਤੇ ਮੈਨੂੰ ਉਹਨਾਂ ਸਾਰੀਆਂ ਅਜੀਬ ਚੀਜ਼ਾਂ ਦੀ ਕਲਪਨਾ ਕਰਨ ਵਿੱਚ ਵੀ ਮੁਸ਼ਕਿਲ ਪੇਸ਼ ਆਉਂਦੀ ਸੀ। ਮੈਨੂੰ ਪਤਾ ਸੀ ਕਿ ਇਥੇ, ਆਪਣੇ ਪਿੰਡ ਵਿੱਚ, ਅਸੀਂ ਪਾਕਿਸਤਾਨ ਵਿੱਚ ਸਾਂ, ਅਤੇ ਸਾਡੇ ਮਾਮੇ ਦਾ ਕਹਿਣਾ ਸੀ ਕਿ ਪੱਛਮ ਵਿੱਚ ਹੋਰ ਵੀ ਕਈ ਮੁਲਕ ਹਨ, ਜਿਵੇਂ ਯੋਰਪ ਵਿੱਚ। ਮੈਂ ਤਾਂ ਸਿਰਫ ਅੰਗਰੇਜ਼ਾਂ ਬਾਰੇ ਸੁਣਿਆ ਸੀ ਜਿਨ੍ਹਾਂ ਨੇ ਸਾਡੇ ਮੁਲਕ 'ਤੇ ਕਬਜਾ ਕੀਤਾ ਸੀ, ਪਰ ਮੈਂ ਉਹਨਾਂ ਵਿੱਚੋਂ ਕਿਸੇ ਨੂੰ ਕਦੇ ਦੇਖਿਆ ਨਹੀਂ ਸੀ। ਮੈਨੂੰ ਖਿਆਲ ਵੀ ਨਹੀਂ ਸੀ ਕਿ ਪਾਕਿਸਤਾਨ ਵਿੱਚ 'ਫਿਰੰਗੀ' ਵੀ ਰਹਿੰਦੇ ਸੀ। ਦੱਖਣੀ ਪੰਜਾਬ ਵਿੱਚ ਸਾਡਾ ਪਿੰਡ ਏਨਾ ਦੂਰ ਹੈ, ਕਿਸੇ ਵੀ ਸ਼ਹਿਰ ਤੋਂ ਏਨੇ ਫਾਸਲੇ 'ਤੇ, ਅਤੇ ਮੈਂ ਉਸ ਦਿਨ ਤੱਕ ਕਦੇ ਟੈਲੀਵਿਜ਼ਨ ਵੀ ਨਹੀਂ ਦੇਖਿਆ ਸੀ, ਜਦ ਤੱਕ ਕਿ ਸਾਡਾ ਕਰਾਚੀ ਵਾਲਾ ਮਾਮਾ ਆਪਣੇ ਨਾਲ ਇੱਕ ਟੈਲੀਵਿਜ਼ਨ ਨਹੀਂ ਲੈ ਆਇਆ.....ਤਸਵੀਰਾਂ ਨੇ ਮੈਨੂੰ ਮੋਹ ਲਿਆ ਸੀ। ਮੈਨੂੰ ਸਮਝ ਵਿੱਚ ਨਹੀਂ ਆਉਂਦੀ ਕਿ ਉਸ ਅਜੀਬੋ ਗਰੀਬ ਡੱਬੇ ਦੇ ਪਿੱਛੇ ਕੌਣ ਸੀ ਜੋ ਉਸ ਵਕਤ ਬੋਲ ਰਿਹਾ ਸੀ ਜਦ ਮੈਂ ਵੀ ਬੋਲ ਰਹੀ ਸੀ। ਹਾਲਾਂਕਿ ਕਮਰੇ ਵਿੱਚ ਮੇਰੇ ਸਿਵਾ ਹੋਰ ਕੋਈ ਨਹੀਂ ਸੀ।

ਇਹ ਕੈਮਰੇ ਜੋ ਮੇਰੀ ਫਿਲਮ ਬਣਾ ਰਹੇ ਹਨ ਇਹ ਟੈਲੀਵਿਜ਼ਨ ਹਨ....ਇਹ ਫੋਟੋਗ੍ਰਾਫਰ ਇਹ ਅਖਬਾਰਾਂ ਵਾਲੇ ਹਨ.....

ਪਿੰਡ ਵਿੱਚ ਲੋਕ ਕਹਿੰਦੇ ਹਨ ਕਿ ਮੈਨੂੰ ਅਖਬਾਰਾਂ ਵਾਲਿਆਂ ਨੇ 'ਕਿਡਨੈਪ' ਕਰ ਲਿਐ, ਜੋ ਮੈਨੂੰ ਅਜਿਹੇ ਮਜਮੂਨ ਲਿਖਣ ਲਈ ਇਸਤੇਮਾਲ ਕਰ ਰਹੇ ਹਨ, ਜਿਸ ਨਾਲ ਪੰਜਾਬੀ ਅਫਸਰਾਂ ਅਤੇ ਅਧਿਕਾਰੀਆਂ ਦੀ ਸ਼ਰਮਿੰਦਗੀ ਵੱਧਦੀ ਜਾ ਰਹੀ ਹੈ। ਅਤੇ ਮੈਨੂੰ ਖੁਦਕਸ਼ੀ ਕਰਨ ਜਾਂ ਖੁਦ ਨੂੰ



ਜ਼ਿੰਦਾ ਦਫਨ ਕਰ ਲੈਣ ਦੀ ਬਜਾਇ ਅਜਿਹਾ ਕਰਨ ਤੇ ਸ਼ਰਮ ਆਉਣੀ ਚਾਹੀਦੀ ਹੈ। ਪਰ ਇਹ ਸਾਰੇ ਲੋਕ ਜੋ ਬਾਹਰੋਂ ਵੱਖ ਵੱਖ ਥਾਵਾਂ ਤੋਂ ਇੱਥੇ ਆਏ ਹਨ, ਮੈਨੂੰ ਅਜੀਬੋ ਗਰੀਬ ਚੀਜ਼ਾਂ ਸਿਖਾ ਰਹੇ ਹਨ। ਮਸਲਨ, ਇਹ ਕਿ ਮੇਰੇ ਭਰਾ ਅਤੇ ਫੇਰ ਮੇਰੇ ਨਾਲ ਕੀਤੀ ਗਈ ਜ਼ਬਰਦਸਤੀ ਦਰਅਸਲ ਸਾਨੂੰ ਇਸ ਇਲਾਕੇ ਤੋਂ ਭਜਾਉਣ ਲਈ ਚਲੀ ਗਈ ਮਸਤੋਈਆਂ ਦੀ ਇੱਕ ਚਾਲ ਸੀ। ਗੁੱਜਰਾਂ ਤੋਂ ਮਸਤੋਈ ਚਿੜ੍ਹਦੇ ਹਨ, ਉਹਨਾਂ ਨੂੰ ਚੰਗਾ ਨਹੀਂ ਲੱਗਦਾ ਜਦ ਸਾਡੀ ਜਾਤ ਦੇ ਕਿਸਾਨ ਉਹ ਖੇਤ ਖਰੀਦਦੇ ਹਨ ਜੋ ਉਹਨਾਂ ਦੀ ਮਲਕੀਅਤ ਹਨ। ਮੈਨੂੰ ਪਤਾ ਨਹੀਂ ਕਿ ਇਹ ਸੱਚ ਹੈ ਜਾਂ ਨਹੀਂ, ਪਰ ਮੇਰੇ ਘਰ ਦੇ ਕੁਝ ਲੋਕਾਂ ਦਾ ਇਹੀ ਯਕੀਨ ਹੈ, ਕਿਉਂਕਿ ਅਸੀਂ ਤਾਦਾਦ ਵਿੱਚ ਘੱਟ ਹਾਂ, ਮਸਤੋਈਆਂ ਨਾਲੋਂ ਗਰੀਬ ਹਾਂ ਅਤੇ ਸਾਡੀ ਸਿਆਸੀ ਤਾਕਤ ਵੀ ਘੱਟ ਹੈ, ਇਸ ਲਈ ਕਿਸੇ ਗੁੱਜਰ ਲਈ ਕੋਈ ਜ਼ਮੀਨ ਖਰੀਦਣਾ ਬਹੁਤ ਮੁਸ਼ਕਿਲ ਹੈ।

ਅਖਬਾਰ ਨਵੀਸਾਂ ਦੇ ਨਾਲ ਗਹਿਮਾ-ਗਹਿਮੀ ਦੇ ਇਹਨਾਂ ਚਾਰ ਦਿਨਾਂ ਨੇ ਮੇਰੇ ਸਾਹਮਣੇ ਇਹ ਗੱਲ ਬੜੀ ਬੇਰਹਿਮੀ ਨਾਲ ਸਾਫ ਕਰ ਦਿੱਤੀ ਹੈ, ਆਖਿਰਕਾਰ, ਕਿ ਮੈਂ ਅਨਪੜ੍ਹ ਹੋਣ ਕਰਕੇ ਕਿੰਨੀ ਅਪਾਹਿਜ ਹਾਂ ਅਤੇ ਇਸ ਵਜਾਹ ਕਰਕੇ ਮੈਂ ਜ਼ਰੂਰੀ ਚੀਜ਼ਾਂ ਬਾਰੇ ਖੁਦ ਆਪਣਾ ਮਨ ਨਹੀਂ ਬਣਾ ਸਕਦੀ। ਇਸ ਨਾਲ ਮੈਨੂੰ ਹੁਣ ਸਚਮੁੱਚ ਤਕਲੀਫ ਹੁੰਦੀ ਹੈ, ਆਪਣੇ ਘਰਵਾਲਿਆਂ ਦੀ ਗਰੀਬੀ ਤੋਂ ਨਿਸਬਤਨ ਜ਼ਿਆਦਾ। ਮੈਂ "ਨਿਸਬਤਨ" ਕਹਿੰਦੀ ਹਾਂ, ਕਿਉਂਕਿ ਸਾਡੇ ਕੋਲ ਘੱਟੋ ਘੱਟ ਖਾਣ ਲਈ ਤਾਂ ਕਾਫੀ ਹੈ। ਅਤੇ ਸਹਾਰੇ ਲਈ ਸਾਡੇ ਕੋਲ ਦੋ ਬਲਦ, ਇੱਕ ਗਾਂ, ਅੱਠ ਬੱਕਰੀਆਂ ਅਤੇ ਇੱਕ ਗੰਨੇ ਦਾ ਖੇਤ ਹੈ। ਪਰ ਮੈਨੂੰ ਗੁੱਸਾ ਦਰਅਸਲ ਇਸ ਗੱਲ ਤੇ ਆਉਂਦਾ ਹੈ ਕਿ ਮੈਂ ਲਿਖੇ ਹੋਏ ਸ਼ਬਦ ਬਾਰੇ ਕੁਝ ਨਹੀਂ ਜਾਣਦੀ। ਕੁਰਾਨ ਹੀ ਮੇਰਾ ਇੱਕਲਾ ਖਜ਼ਾਨਾ ਹੈ, ਉਹ ਮੇਰੇ ਅੰਦਰ ਲਿਖੀ ਹੋਈ ਹੈ, ਮੇਰੀ ਯਾਦਦਾਸ਼ਤ ਵਿੱਚ ਅਤੇ ਉਹੀ ਇੱਕ ਕਿਤਾਬ ਹੈ ਜੋ ਮੇਰੇ ਕੋਲ ਹੈ।

ਏਨਾ ਹੀ ਨਹੀਂ, ਉਹ ਬੱਚੇ ਜਿਨ੍ਹਾਂ ਨੂੰ ਕੁਰਾਨ ਪੜ੍ਹਨਾ ਸਿਖਾਉਂਦੀ ਸੀ, ਠੀਕ ਉਸੇ ਤਰ੍ਹਾਂ ਜਿਵੇਂ ਮੈਨੂੰ ਸਿਖਾਇਆ ਗਿਆ ਸੀ, ਹੁਣ ਮੇਰੇ ਕੋਲ ਨਹੀਂ ਆਉਂਦੇ। ਇੱਕ ਸਮਾਂ ਸੀ ਜਦ ਇੱਕ ਟੀਚਰ ਦੀ ਹੈਸੀਅਤ ਨਾਲ ਮੇਰੀ ਇੱਜਤ ਸੀ, ਪਰ ਹੁਣ ਪਿੰਡ ਮੈਨੂੰ ਦੁੱਰ-ਦੁੱਰ ਕਰਦਾ ਹੈ, ਬਹੁਤ ਸਾਰੀਆਂ ਅਫਵਾਹਾਂ, ਬਹੁਤ ਸਾਰੇ ਵੱਡੇ ਸ਼ਹਿਰ ਦੇ ਅਖਬਾਰ ਵਾਲੇ, ਬਹੁਤ ਸਾਰੇ ਫੋਟੋਗ੍ਰਾਫਰ ਅਤੇ ਖਬਰਾਂ ਵਾਲੇ ਕੈਮਰੇ। ਬਹੁਤ ਸਾਰੀ ਬਦਨਾਮੀ। ਕੁਝ ਲੋਕਾਂ ਲਈ ਮੈਂ ਕਰੀਬ-ਕਰੀਬ ਹੀਰੋਇਨ ਹਾਂ, ਜਦਕਿ ਦੂਸਰਿਆਂ ਲਈ ਮੈਂ ਕੋੜੀ ਹਾਂ, ਇੱਕ ਝੂਠੀ ਜੋ ਮਸਤੋਈਆਂ ਲਈ ਮੁਸੀਬਤ ਖੜੀ ਕਰਨ ਦੀ ਜੁਰਤ ਕਰ ਰਹੀ ਹੈ। ਲਿਹਾਜ਼ਾ ਲੱਗਦਾ ਹੈ ਕਿ ਲੜਨ ਲਈ ਮੈਨੂੰ ਸਾਰਾ ਕੁਝ ਗੁਆਉਣਾ ਪਵੇਗਾ- ਮੇਰੀ ਨੇਕਨਾਮੀ, ਮੇਰੀ ਇੱਜ਼ਤ ਉਹ ਸਭ ਕੁਝ ਜੋ ਕਦੇ ਮੇਰੀ ਜ਼ਿੰਦਗੀ ਸੀ। ਪਰ ਇਹ ਮਹੱਤਵਪੂਰਨ ਨਹੀਂ ਹੈ।

ਮੈਨੂੰ ਇਨਸਾਫ ਚਾਹੀਦੈ।

ਪੰਜਵੇਂ ਦਿਨ, ਜ਼ਿਲ੍ਹੇ ਦਾ ਵੱਡਾ ਅਫਸਰ ਮੈਨੂੰ ਬੁਲਵਾਉਂਦਾ ਹੈ। ਦੋ ਪੁਲੀਸ ਵਾਲੇ ਮੈਨੂੰ, ਮੇਰੇ ਬਾਪੂ, ਸ਼ਕੂਰ ਅਤੇ ਮੁੱਲਾ ਨੂੰ ਆਪਣੇ ਨਾਲ ਮੁਜੱਫਰਗੜ ਲਿਜਾਣ ਲਈ ਆਉਂਦੇ ਹਨ। ਮੈਨੂੰ ਆਸ ਸੀ ਕਿ ਫਿਲਹਾਲ ਸਾਰੀ 'ਰਸਮ ਅਦਾਇਗੀ' ਪੂਰੀ ਹੋ ਚੁੱਕੀ ਹੈ ਅਤੇ ਹੁਣ ਇਨਸਾਫ ਆਪਣਾ ਕੰਮ ਕਰੇਗਾ, ਪਰ ਜਦ ਮੈਂ ਅਫਸਰ ਦੇ ਦਫਤਰ ਪਹੁੰਚਦੀ ਹਾਂ, ਮੈਨੂੰ ਉਥੇ ਥਾਣੇ ਦੇ ਦੋ ਅਫਸਰ ਮਿਲਦੇ ਹਨ-ਉਹੀ ਜੋ ਚਾਹੁੰਦੇ ਸੀ ਕਿ ਮੈਂ ਉਹੀ ਕਹਾਂ ਜੋ ਖੁਦ ਮੇਰੀ ਬਿਹਤਰੀ ਲਈ ਸੀ। ਕੀ ਜ਼ੋਰ-ਦਬਾਅ ਦਾ ਚੱਕਰ ਫੇਰ ਸ਼ੁਰੂ ਹੋ ਜਾਵੇਗਾ ? ਛੋਟੀ ਜਿਹੀ ਚੀਜ਼ ਵੀ ਹੁਣ ਮੈਨੂੰ ਬੇਚੈਨ ਕਰ ਦਿੰਦੀ ਹੈ ਅਤੇ ਮੇਰੇ ਚਿਹਰੇ ਨੇ ਮੇਰੇ ਅੰਦੇਸ਼ੇ ਨੂੰ ਸਾਫ ਸਾਫ ਜਾਹਿਰ ਕਰ ਦਿੱਤਾ ਹੋਣੈ। ਮੈਂ ਆਪਣੇ ਬਾਪੂ ਅਤੇ ਮੁੱਲਾ 'ਤੇ

ਯਕੀਨ ਕੀਤਾ ਸੀ ਜਦ ਮੈਂ ਪੁਲੀਸ ਵਾਲੇ ਦੇ ਕਾਗਜ਼ 'ਤੇ ਅੰਗੂਠਾ ਲਾਇਆ ਸੀ। ਉਹ ਕਾਗਜ਼ ਹੁਣ ਮੈਨੂੰ ਯਕੀਨ ਹੈ ਕਿ ਇਕ ਜਾਲ ਸੀ।

ਜ਼ਿਲ੍ਹੇਦਾਰ ਦੋਨਾਂ ਅਫਸਰਾਂ ਨੂੰ ਬਾਹਰ ਜਾਣ ਲਈ ਕਹਿੰਦਾ ਹੈ ਤਾਂਕਿ ਉਹ ਮੇਰੇ ਨਾਲ ਇਕੱਲੇ ਗੱਲ ਕਰ ਸਕੇ।

"ਪੁੱਤਰ ਕੀ ਤੈਨੂੰ ਇਹਨਾਂ ਆਦਮੀਆਂ ਤੋਂ ਕੋਈ ਦਿੱਕਤ ਹੈ! ਕੀ ਇਹਨਾਂ ਨੇ ਤੇਰੇ ਨਾਲ ਕੋਈ ਬੇਇਨਸਾਫੀ ਕੀਤੀ ਹੈ?"

"ਮੈਨੂੰ ਕੋਈ ਦਿੱਕਤ ਨਹੀਂ ਹੈ, ਸਿਵਾ ਇਸਦੇ ਕਿ ਇਹਨਾਂ ਵਿੱਚੋਂ ਇਕ ਨੇ ਦਬਾਅ ਪਾਇਆ ਸੀ ਕਿ ਮੈਂ ਇੱਕ ਸਾਦੇ ਕਾਗਜ਼ ਤੇ ਅੰਗੂਠਾ ਲਾ ਦਿਆਂ। ਉਸਨੇ ਇੱਕ ਹੋਰ ਕਾਗਜ਼ ਮੇਰੇ ਭਰਾ, ਮੇਰੇ ਬਾਪੂ ਅਤੇ ਮੁੱਲਾ ਲਈ ਤਿਆਰ ਕੀਤਾ ਸੀ। ਸਾਨੂੰ ਇਹ ਵੀ ਨਹੀਂ ਪਤਾ ਕਿ ਉਹਨਾਂ ਕਾਗਜ਼ 'ਤੇ ਕੀ ਲਿਖਿਆ ਸੀ।"

"ਵਾਕਈ?" ਜ਼ਿਲ੍ਹੇਦਾਰ ਹੈਰਾਨ ਲੱਗਦਾ ਹੈ ਅਤੇ ਮੈਨੂੰ ਗੌਰ ਨਾਲ ਦੇਖਦਾ ਹੈ।

"ਕੀ ਤੈਨੂੰ ਉਸ ਆਦਮੀ ਦਾ ਨਾਂ ਪਤਾ ਹੈ ਜਿਸਨੇ ਅਜਿਹਾ ਕੀਤਾ ਸੀ?"

"ਨਹੀਂ, ਪਰ ਮੈਂ ਉਸਨੂੰ ਪਹਿਚਾਨ ਸਕਦੀ ਹਾਂ।"

"ਠੀਕ ਹੈ। ਮੈਂ ਉਹਨਾਂ ਦੋਨਾਂ ਨੂੰ ਵਾਪਸ ਬੁਲਾਵਾਂਗਾ, ਤੂੰ ਇਸ਼ਾਰੇ ਨਾਲ ਮੈਨੂੰ ਦੱਸ ਦੇਣਾ।"

ਉਹ ਦੋਨਾਂ ਆਦਮੀਆਂ ਨੂੰ ਬੁਲਵਾਉਂਦਾ ਹੈ। ਮੈਨੂੰ ਖਿਆਲ ਵੀ ਨਹੀਂ ਸੀ ਕਿ ਉਹ ਨਾਇਬ ਜ਼ਿਲ੍ਹੇਦਾਰ ਸੀ। ਬਾਹਿਰਹਾਲ, ਮੈਂ ਉਸ ਆਦਮੀ ਵੱਲ ਇਸ਼ਾਰਾ ਕਰਕੇ ਦੱਸ ਦਿੰਦੀ ਹਾਂ, ਇਸ ਤੋਂ ਬਾਅਦ ਜ਼ਿਲ੍ਹੇਦਾਰ ਬਿਨਾ ਕੁਝ ਕਿਹਾਂ ਉਹਨਾਂ ਨੂੰ ਬਾਹਰ ਭੇਜ ਦਿੰਦਾ ਹੈ।

"ਮੈਂ ਉਸਨੂੰ ਦੇਖ ਲਿਆਂਗਾ।" ਉਹ ਮੈਨੂੰ ਕਹਿੰਦਾ ਹੈ, "ਲੱਗਦਾ ਹੈ ਉਹਨਾਂ ਨੇ ਮੇਰੇ ਲਈ ਜੋ ਫਾਈਲ ਤਿਆਰ ਕੀਤੀ ਸੀ, ਉਸਨੂੰ ਉਹ ਲਿਆਉਣਾ ਭੁੱਲ ਗਏ ਹਨ-ਉਂਝ ਵੀ ਇਹਨਾਂ ਨੂੰ ਚੰਗੀ ਤਰ੍ਹਾਂ ਨਹੀਂ ਪਤਾ ਕਿ ਉਸ ਵਿੱਚ ਕੀ ਕੁਝ ਲਿਖਿਆ ਹੋਇਆ ਹੈ। ਮੈਂ ਉਹਨਾਂ ਨੂੰ ਕਿਹੈ, ਲੱਭ ਕੇ ਮੇਰੇ ਕੋਲ ਲਿਆਉਣ ਲਈ। ਤੈਨੂੰ ਬਾਅਦ ਦੀ ਕਿਸੇ ਤਰੀਕ 'ਤੇ ਫੇਰ ਇੱਥੇ ਆਉਣ ਲਈ ਕਿਹਾ ਜਾਵੇਗਾ।"

ਤਿੰਨ ਜਾਂ ਚਾਰ ਦਿਨ ਬਾਅਦ ਸਾਡੇ ਇਲਾਕੇ ਦੀ ਪੁਲੀਸ ਸਾਨੂੰ ਦੱਸਣ ਲਈ ਆਉਂਦੀ ਹੈ ਕਿ ਅਗਲੀ ਸਵੇਰ ਸਾਨੂੰ ਇੱਕ ਹੋਰ ਪੁੱਛਗਿੱਛ ਲਈ ਲਿਜਾਇਆ ਜਾਵੇਗਾ।

ਇਸ ਵਾਰੀ ਮੁਜੱਫਰਗੜ੍ਹ ਵਿੱਚ ਸਾਡੀ ਮੁਲਾਕਾਤ ਜ਼ਿਲ੍ਹੇਦਾਰ ਨਾਲ ਨਹੀਂ, ਬਲਕਿ ਉਥੋਂ ਦੇ ਹਸਪਤਾਲ ਦੇ ਇੱਕ ਡਾਕਟਰ ਨਾਲ ਹੁੰਦੀ ਹੈ। ਮਸੋਤਈਆਂ ਨੇ ਲੱਗਦਾ ਹੈ, ਹੁਣ ਆਪਣੇ ਇਲਜਾਮ ਦਰਜ ਕਰਵਾਉਣ ਦਾ ਫੈਸਲਾ ਕਰ ਲਿਆ ਹੈ ਅਤੇ ਸਲਮਾ ਨੂੰ ਆਪਣੇ ਨਾਲ ਲੈ ਕੇ ਆਏ ਹਨ ਤਾਂਕਿ ਉਹ ਪੁਲੀਸ ਨੂੰ ਦੱਸ ਸਕੇ ਕਿ ਮੇਰੇ ਭਰਾ ਨੇ ਉਸ ਨਾਲ ਜ਼ਬਰਦਸਤੀ ਕੀਤੀ ਸੀ, ਅਤੇ ਉਹ ਵੀ ਤਕਰੀਬਨ ਉਸੇ ਸਮੇਂ ਪਹੁੰਚਦੀ ਹੈ ਜਦ ਅਸੀਂ ਪੁਲੀਸ ਦੀ ਇੱਕ ਵੱਖਰੀ ਗੱਡੀ ਵਿੱਚ। ਡਾਕਟਰ ਸਲਮਾ ਅਤੇ ਸ਼ਕੂਰ ਦੋਹਾਂ ਦੀ ਜਾਂਚ ਕਰੇਗਾ। ਰਹੀ ਮੈਂ, ਤਾਂ ਮੈਨੂੰ ਅਜੇ ਤੱਕ ਕੋਈ ਅੰਦਾਜਾ ਨਹੀਂ ਕਿ ਮੈਂ ਇਥੇ ਕਿਉਂ ਹਾਂ। ਔਰਤ ਹੋਣ ਦੇ ਨਾਤੇ, ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਲਮਾ ਦੀ ਜਾਂਚ ਕਰਨ ਵਿੱਚ ਕੁਝ ਜ਼ਿਆਦਾ ਹੀ ਦੇਰ ਹੋ ਗਈ ਹੈ। ਮੇਰੀ ਜਾਂਚ 30 ਜੂਨ ਨੂੰ ਇੱਕ ਡਾਕਟਰ ਨੇ ਕੀਤੀ ਸੀ, ਘਟਨਾ ਦੇ ਅੱਠ ਦਿਨ ਬਾਅਦ, ਅਤੇ ਮੈਨੂੰ ਯਕੀਨਨ ਪੁਲੀਸ ਕੋਲ ਇਸ ਤੋਂ ਪਹਿਲਾਂ ਹੀ ਜਾਣਾ ਚਾਹੀਦਾ ਸੀ, ਪਰ ਉਸ ਸਮੇਂ ਤਾਂ ਮੈਂ ਅਜਿਹਾ ਕਰਨ ਦੇ ਕਾਬਲ ਹੀ ਨਹੀਂ ਸੀ।



ਜੋ ਕੱਪੜੇ ਮੈਂ ਪਾ ਰੱਖੇ ਸੀ, ਉਹਨਾਂ ਨੂੰ ਪੁਲੀਸ ਦੁਆਰਾ ਲੈ ਜਾਣ ਤੋਂ ਪਹਿਲਾਂ ਹੀ, ਗੁਨਾਹ ਦੀ ਸ਼ਰਮਿੰਦਗੀ ਨੂੰ ਦਬਾਉਣ ਲਈ ਮਾਂ ਦੇ ਹੁਕਮ ਤੇ ਧੋ ਦਿੱਤਾ ਗਿਆ ਸੀ, ਪਰ ਮੈਨੂੰ ਬਾਅਦ ਵਿੱਚ ਪਤਾ ਚੱਲਿਆ ਕਿ ਜਾਂਚ ਕਰਨ ਵਾਲੀ ਡਾਕਟਰ ਨੇ ਉਸ ਗੱਲ ਦੀ ਤਾਈਦ ਕੀਤੀ ਸੀ, ਜੋ ਮੈਂ ਪਹਿਲਾਂ ਹੀ ਜਾਣਦੀ ਸੀ ਕਿ ਮੈਨੂੰ ਅੰਦਰੂਨੀ ਚੋਟਾਂ ਪਹੁੰਚੀਆਂ ਸਨ ਅਤੇ ਇਹ ਕਿ ਉਸ ਨੂੰ ਪੱਕਾ ਯਕੀਨ ਸੀ ਕਿ ਮੇਰੇ ਨਾਲ ਜ਼ਬਰਦਸਤੀ ਕੀਤੀ ਗਈ ਸੀ, ਹਾਲਾਂਕਿ ਉਸਨੇ ਉਸ ਸਮੇਂ ਮੈਨੂੰ ਕੁਝ ਵੀ ਨਹੀਂ ਕਿਹਾ ਸੀ। ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਸੀ ਕਿ ਡਾਕਟਰੀ ਦੀ ਜਾਂਚ ਨੇ ਉਸਨੂੰ ਇਹ ਕਹਿਣ ਦੀ ਖੁੱਲ੍ਹ ਦੇ ਦਿੱਤੀ ਸੀ ਕਿ ਨਾ ਤਾਂ ਮੈਂ ਬਦਹਵਾਸ ਸੀ, ਨਾ ਪਾਗਲ। ਹਾਲਾਂਕਿ, ਬੇਇੱਜਤੀ ਦੇ ਨਿੱਜੀ ਜ਼ਖਮਾਂ ਦਾ ਅੰਦਾਜ਼ਾ ਕੋਈ ਨਹੀਂ ਲਾ ਸਕਦਾ, ਅਤੇ ਚਾਹੇ ਖੁਦਾਰੀ ਦੀ ਵਜਾਹ ਨਾਲ ਹੋਵੇ ਜਾਂ ਸ਼ਰਮਿੰਦਗੀ ਦੀ ਵਜਾਹ ਨਾਲ, ਮੈਂ ਕਿਸੇ ਹਾਲਤ ਵਿੱਚ ਖੁਦ ਨੂੰ ਉਹਨਾਂ ਬਾਰੇ ਗੱਲ ਕਰਨ ਲਈ ਰਾਜ਼ੀ ਨਹੀਂ ਕਰ ਸਕਦੀ।

ਰਹੀ ਸਲਮਾ, ਜਿਹਦਾ ਦਾਵਾ ਹੈ ਕਿ ਉਸ ਨਾਲ 22 ਜੂਨ ਨੂੰ ਜ਼ਿਨਾ ਕੀਤਾ ਗਿਆ, ਤਾਂ ਜਾਂਚ ਲਈ ਕੁਝ ਜ਼ਿਆਦਾ ਹੀ ਦੇਰ ਹੋ ਚੁੱਕੀ ਹੈ। ਜੇ ਉਹ ਕੰਵਾਰੀ ਨਹੀਂ ਹੈ, ਜਿਸ ਬਾਰੇ ਮੈਨੂੰ ਸ਼ੱਕ ਹੈ। ਲਿਹਾਜਾ, ਡਾਕਟਰ ਸ਼ਕੂਰ ਨੂੰ ਇੱਕ ਆਸਾਨ ਜਿਹੀ ਜਾਂਚ ਲਈ ਬੁਲਵਾਉਂਦਾ ਹੈ। ਉਸ ਦਾ ਅੰਦਾਜਾ ਹੈ ਕਿ ਮੇਰਾ ਭਰਾ ਵੱਧ ਤੋਂ ਵੱਧ ਬਾਰਾਂ-ਤੇਰਾਂ ਸਾਲਾਂ ਦਾ ਹੈ, ਜੋ ਮੇਰੇ ਬਾਪੂ ਨੂੰ ਖੁਦ ਪਤਾ ਸੀ।

ਮੈਂ ਕੁਦਰਤੀ ਤੌਰ 'ਤੇ ਸਲਮਾ ਦੀ ਜਾਂਚ ਦੌਰਾਨ ਮੌਜੂਦ ਨਹੀਂ ਹਾਂ, ਪਰ ਬਾਅਦ ਵਿੱਚ ਪਿੰਡ ਵਿੱਚ ਹੁੰਦੀਆਂ ਗੱਲਾਂ ਤੋਂ ਪਤਾ ਚਲਦਾ ਹੈ ਕਿ ਜਦ ਡਾਕਟਰ ਉਸਨੂੰ ਦੱਸਦੀ ਹੈ ਕਿ ਉਹ ਸ਼ਕੂਰ ਦੀ ਜਾਂਚ ਦੇ ਨਤੀਜਿਆਂ ਨੂੰ ਉਸ ਦੀ ਜਾਂਚ ਦੇ ਨਤੀਜਿਆਂ ਨਾਲ ਮਿਲਾ ਕੇ ਦੇਖੇਗੀ ਤਾਂ ਉਹ ਸੁਰ ਬਦਲ ਲੈਂਦੀ ਹੈ।

"ਸ਼ਕੂਰ?" ਉਹ ਚੀਕਦੀ ਹੈ। "ਨਹੀਂ, ਉਹ ਨਹੀਂ ਸੀ ਜਿਸਨੇ ਮੇਰੇ ਨਾਲ ਜ਼ਬਰਦਸਤੀ ਕੀਤੀ। ਉਸਨੇ ਮੇਰੀ ਬਾਂਹ ਫੜੀ ਹੋਈ ਸੀ ਜਦ ਉਸਦੇ ਵੱਡੇ ਭਰਾ ਅਤੇ ਤਿੰਨ ਚਾਚੇ ਦੇ ਪੁੱਤ ਭਰਾਵਾਂ ਨੇ ਮੇਰੀ ਇੱਜਤ ਲੁੱਟੀ।" ਡਾਕਟਰ ਉਸਨੂੰ ਹੈਰਾਨੀ ਨਾਲ ਘੂਰਦੀ ਹੈ।

"ਕੀ ਬਕ ਰਹੀ ਹੈਂ ਤੂੰ? ਬਾਰਾਂ ਸਾਲ ਦੇ ਲੜਕੇ ਵਿੱਚ ਏਨੀ ਤਾਕਤ ਹੋ ਸਕਦੀ ਹੈ ਕਿ ਉਹ ਤੈਨੂੰ ਬਾਹਾਂ ਤੋਂ ਫੜ ਕੇ ਰੱਖੇ, ਇੱਕਲਾ, ਜਦ ਬਾਕੀ ਤਿੰਨ ਤੇਰੇ ਨਾਲ ਜ਼ਬਰਦਸਤੀ ਕਰ ਰਹੇ ਹੋਣ? ਇਹ ਕੋਈ ਮਖੌਲ ਹੈ?"

ਫਿਰ ਵੀ ਡਾਕਟਰ ਉਸਦੀ ਜਾਂਚ ਕਰਦੇ ਹਨ। ਉਹ ਉਸਦੀ ਉਮਰ ਦਾ ਅੰਦਾਜ਼ਾ ਸਤਾਈ ਸਾਲ ਲਾਉਂਦੇ ਹਨ, ਅਤੇ ਇਹ ਦਰਜ ਕਰਦੇ ਹਨ ਕਿ ਉਹ ਕਰੀਬ-ਕਰੀਬ ਤਿੰਨ ਸਾਲਾਂ ਤੋਂ ਮਰਦਾਂ ਨਾਲ ਸੌਂਦੀ ਰਹੀ ਹੈ, ਜਿਸ ਦੌਰਾਨ ਇੱਕ ਵਾਰੀ ਉਸ ਦਾ ਹਮਲ ਗਿਰ ਚੁੱਕਾ ਹੈ। ਨਤੀਜੇ ਦੇ ਤੌਰ ਤੇ ਡਾਕਟਰ ਮਹਿਸੂਸ ਕਰਦੇ ਹਨ ਕਿ ਉਸਦੇ ਆਖਰੀ ਸਰੀਰਕ ਸੰਬੰਧ 22 ਜੂਨ ਦੇ ਫਰਜੀ ਜ਼ਿਨਾ-ਬਿਲ-ਜਹਰ ਤੋਂ ਪਹਿਲਾਂ ਹੋਏ ਸੀ।

ਮੈਨੂੰ ਠੀਕ ਠਾਕ ਪਤਾ ਨਹੀਂ ਕਿ ਡਾਕਟਰ ਆਪਣੇ ਨਤੀਜਿਆਂ ਤੇ ਕਿਵੇਂ ਪਹੁੰਚਦੇ ਹਨ, ਪਰ ਮੈਨੂੰ ਹਰ ਰੋਜ਼ ਅਜਿਹੀਆਂ ਚੀਜ਼ਾਂ ਬਾਰੇ ਹੋਰ ਵੀ ਪਤਾ ਚਲਦਾ ਰਹਿੰਦਾ ਹੈ। ਮੇਰੇ ਭਰਾ ਦੇ ਸਿਲਸਿਲੇ ਵਿੱਚ ਉਹਨਾਂ ਨੇ ਜੋ ਤਰੀਕਾ ਇਸਤੇਮਾਲ ਕੀਤਾ, ਉਸ ਨੂੰ ਡੀ.ਐਨ.ਏ. ਟੈਸਟ ਕਹਿੰਦੇ ਹਨ। ਅਤੇ ਸ਼ਕੂਰ ਨੇ ਸਲਮਾ ਨਾਲ ਜ਼ਿਨਾ ਨਹੀਂ ਕੀਤਾ। ਉਹ ਤਾਂ ਸੰਜੋਗ ਨਾਲ ਠੀਕ ਉਸੇ ਸਮੇਂ ਗੰਨੇ ਦੇ ਖੇਤ ਵਿੱਚ ਸੀ ਜਦ ਸਲਮਾ ਵੀ ਉਥੇ ਸੀ, ਅਤੇ ਮਸਤੋਈਆਂ ਨੇ ਇਸ ਦਾ ਫਾਇਦਾ ਉਠਾਇਆ। ਅਖਬਾਰ ਸਾਰੇ ਕਹਿੰਦੇ ਹਨ ਕਿ ਉਹ ਉਸ ਨਾਲ ਇਸ਼ਕ ਕਰਦਾ ਸੀ। ਖੈਰ ਲੋਕਾਂ ਨੂੰ ਕਿਸੇ 'ਤੇ

ਇਸ਼ਕਬਾਜ਼ੀ ਦਾ ਇਲਜਾਮ ਲਾਉਣ ਲਈ ਇੱਕ ਨਿਗਾਹ ਹੀ ਕਾਫੀ ਹੁੰਦੀ ਹੈ। ਲੜਕੀਆਂ ਤੋਂ ਆਮ ਆਸ ਕੀਤੀ ਜਾਂਦੀ ਹੈ ਕਿ ਉਹ ਸ਼ਰਮਾ ਕੇ ਆਪਣੀਆਂ ਅੱਖਾਂ ਨੀਵੀਆਂ ਰੱਖਣਗੀਆਂ, ਪਰ ਸਲਮਾ ਉਹ ਜੋ ਚਾਹੁੰਦੀ ਹੈ, ਕਰਦੀ ਹੈ। ਉਸ ਨੂੰ ਕੋਈ ਡਰ ਨਹੀਂ ਕਿ ਲੋਕ ਉਸਨੂੰ ਦੇਖਦੇ ਹਨ, ਅਤੇ ਉਹ ਤਾਂ ਇਹ ਕੋਸ਼ਿਸ਼ ਵੀ ਕਰਦੀ ਹੈ ਕਿ ਲੋਕ ਉਸ ਨੂੰ ਦੇਖਣ।

ਜੋ ਜ਼ਿੰਦਗੀ ਮੈਂ ਹੁਣ ਤੱਕ ਗੁਜ਼ਾਰਦੀ ਆਈ ਹਾਂ, ਕੁਰਾਨ ਸਿਖਾਉਂਦਿਆਂ, ਉਹ ਇਹਨਾਂ ਸਾਰੇ ਗਲੀਜ ਮਾਮਲਿਆਂ ਤੋਂ ਦੂਰ ਇੱਕ ਹੋਰ ਹੀ ਦੁਨੀਆ ਸੀ। ਮੇਰੇ ਘਰ ਵਾਲਿਆਂ ਨੂੰ ਮੈਨੂੰ ਅਤੇ ਮੇਰੀਆਂ ਭੈਣਾਂ ਨੂੰ ਇਸ ਤਰ੍ਹਾਂ ਪਾਲਿਆ ਕਿ ਅਸੀਂ ਰਵਾਇਤਾਂ ਦੀ ਇੱਜ਼ਤ ਕਰੀਏ ਅਤੇ ਸਾਰੀਆਂ ਛੋਟੀਆਂ ਕੁੜੀਆਂ ਵਾਂਗ ਮੈਂ ਜਦ ਦਸ ਸਾਲਾਂ ਦੀ ਸੀ ਉਦੋਂ ਹੀ ਮੈਨੂੰ ਪਤਾ ਚਲ ਗਿਆ ਸੀ ਕਿ ਮੁੰਡਿਆਂ ਨਾਲ ਗੱਲ ਕਰਨ ਦੀ ਮਨਾਹੀ ਸੀ। ਮੈਂ ਇਸ ਪਾਬੰਦੀ ਨੂੰ ਕਦੇ ਨਹੀਂ ਤੋੜਿਆ। ਮੈਂ ਸ਼ਾਦੀ ਵਾਲੇ ਦਿਨ ਤੋਂ ਪਹਿਲਾਂ ਕਦੇ ਆਪਣੇ ਸ਼ੌਹਰ ਦਾ ਚਿਹਰਾ ਨਹੀਂ ਦੇਖਿਆ ਸੀ। ਖੁਦ ਮੈਂ ਉਸਨੂੰ ਨਾ ਚੁਣਿਆ ਹੁੰਦਾ, ਪਰ ਮੈਂ ਆਪਣੇ ਘਰ ਵਾਲਿਆਂ ਦੀ ਇੱਜ਼ਤ ਕਰਦੀ ਹਾਂ ਅਤੇ ਇਸ ਮਾਮਲੇ ਵਿੱਚ ਮੈਂ ਉਹਨਾਂ ਦੀਆਂ ਇੱਛਾਵਾਂ ’ਤੇ ਫੁੱਲ ਚਾੜ੍ਹੇ ਸਨ। ਦੂਜੇ ਪਾਸੇ ਸਲਮਾ ਗੈਰ-ਸ਼ਾਦੀਸ਼ੁਦਾ ਹੈ ਅਤੇ ਉਸ ਨੂੰ ਪਾਕ ਸਾਫ ਅਤੇ ਬੇਦਾਗ ਹੋਣਾ ਚਾਹੀਦਾ ਸੀ ਅਤੇ ਉਸਦੇ ਘਰਵਾਲੇ ਕੁਝ ਖਿਚੜੀ ਪਕਾ ਰਹੇ ਹਨ। ਪਹਿਲਾਂ ਉਹਨਾਂ ਨੇ ਮੇਰੇ ਭਰਾ ’ਤੇ ਗੰਨੇ ਚੋਰੀ ਕਰਨ ਦਾ ਇਲਜ਼ਾਮ ਲਾਇਆ, ਫੇਰ ਸਲਮਾ ਨਾਲ ਸੌਣ ਦਾ, ਅਤੇ ਹੁਣ ਦਾਹਵਾ ਕਰ ਰਹੇ ਹਨ ਕਿ ਉਸਨੇ ਖੁਦ ਉਸ ਨਾਲ ਜ਼ਬਰਦਸਤੀ ਨਹੀਂ ਕੀਤੀ ਬਲਕਿ ਮੇਰੇ ਵੱਡੇ ਭਰਾ ਅਤੇ ਕੁਝ ਚਾਚੇ ਦੇ ਪੁੱਤ ਭਰਾਵਾਂ ਨੇ ਉਸ ਨਾਲ ਜ਼ਿਆਦਤੀ ਕੀਤੀ....ਮੈਂ ਹਿੰਮਤ ਜੁਟਾ ਕੇ ਰੱਖਣ ਦੀ ਕੋਸ਼ਿਸ਼ ਕਰਦੀ ਹਾਂ, ਪਰ ਕਦੇ ਕਦੇ ਇਹਨਾਂ ਸਾਰੀਆਂ ਝੂਠੀਆਂ ਗੱਲਾਂ ਕਰਕੇ ਮਾਯੂਸ ਵੀ ਹੋ ਜਾਂਦੀ ਹਾਂ। ਮੈਨੂੰ ਇਨਸਾਫ ਕਿਵੇਂ ਹਾਸਿਲ ਹੋ ਸਕਦੈ ਜਦ ਇਹ ਲੋਕ ਮੇਰੇ ਗਵਾਂਢੀ, ਲਗਾਤਾਰ ਆਪਣੀ ਕਹਾਣੀ ਵਿੱਚ ਕਸੀਦੇ ਕੱਢਦੇ ਰਹਿੰਦੇ ਹਨ, ਉਸ ਚਾਦਰ ਵਾਂਗ ਜਿਸ ’ਤੇ ਹਰ ਰੋਜ਼ ਇੱਕ ਨਵਾਂ ਰੰਗ ਚੜ੍ਹ ਜਾਂਦਾ ਹੈ।

ਮੈਂ ਜਾਣਦੀ ਹਾਂ ਕਿ ਮੇਰੇ ਨਿੱਕੇ ਜਿਹੇ ਭਰਾ ਅਤੇ ਮੇਰੇ ’ਤੇ ਕੀ ਗੁਜ਼ਰੀ ਹੈ।

ਸ਼ਕੂਰ ਨੇ ਜੱਜ ਨੂੰ ਦੱਸਿਆ ਸੀ ਕਿ ਉਸ ਕੁਨਬੇ ਦੇ ਤਿੰਨ ਲੋਕਾਂ ਨੇ ਉਸ ਨੂੰ ਫੜ ਕੇ ਉਸ ਨਾਲ ਬੁਰਾ ਕੰਮ ਕੀਤਾ ਸੀ, ਅਤੇ ਇਹ ਕਿ ਉਹ ਚੀਕਿਆ ਸੀ, “ਮੈਂ ਆਪਣੇ ਅੱਬਾ ਨੂੰ ਦੱਸਣ ਜਾ ਰਿਹਾਂ, ਮੈਂ ਪੁਲੀਸ ਨੂੰ ਦੱਸ ਦਿਆਂਗਾ।” ਤਦ ਉਹਨਾਂ ਆਦਮੀਆਂ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਜੇ ਉਸ ਨੇ ਮੂੰਹ ਖੋਲ੍ਹਿਆ ਤਾਂ ਉਹ ਉਸ ਨੂੰ ਮਾਰ ਦੇਣਗੇ। ਫੇਰ ਉਹ ਉਸ ਨੂੰ ਆਪਣੀ ਹਵੇਲੀ ਵਿੱਚ ਘੜੀਸ ਕੇ ਲੈ ਗਏ, ਉਸਨੂੰ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ, ਉਸਨੂੰ ਮਾਰਿਆ-ਕੁੱਟਿਆ, ਉਸ ਨਾਲ ਫੇਰ ਗਲਤ ਕੰਮ ਕੀਤਾ ਅਤੇ ਉਸ ਨੂੰ ਪੁਲੀਸ ਨੂੰ ਉਦੋਂ ਹੀ ਸੌਂਪਿਆ ਜਦ ਮੇਰੇ ਬਾਪੂ ਨੇ ਦਖਲ ਦਿੱਤਾ ਜੋ ਘੰਟਿਆਂ ਤੋਂ ਉਸ ਨੂੰ ਲੱਭ ਰਿਹਾ ਸੀ।

ਇਥੇ ਪਾਕਿਸਤਾਨ ਵਿੱਚ ਕਿਸੇ ਔਰਤ ਲਈ ਇਹ ਸਾਬਿਤ ਕਰਨਾ ਮੁਸ਼ਕਲ ਹੈ ਕਿ ਉਸ ਨਾਲ ਜ਼ਿਨਾ ਕੀਤਾ ਗਿਆ ਹੈ ਕਿਉਂਕਿ ਕਾਨੂੰਨ ਮੁਤਾਬਿਕ ਉਸਨੂੰ ਜੁਰਮ ਦੇ ਚਾਰ ਚਸ਼ਮਦੀਦ ਮਰਦ ਗਵਾਹ ਪੇਸ਼ ਕਰਨੇ ਪੈਂਦੇ ਹਨ। ਬਦਕਿਸਮਤੀ ਨਾਲ ਮੇਰੇ ਅਤੇ ਮੇਰੇ ਭਰਾ ਦੋਹਾਂ ਨਾਲ ਕੀਤੇ ਗਏ ਜ਼ਿਨਾ ਦੇ ਚਸ਼ਮਦੀਦ ਗਵਾਹ ਤਾਂ ਸਿਰਫ ਉਹੀ ਹਨ ਜੋ ਖੁਦ ਮੁਜਰਿਮ ਵੀ ਹਨ।

**ਅਨੁਵਾਦ: ਕੇਸਰਾ ਰਾਮ**



# ਤੇ ਅਮ੍ਰਿਤਾ ਚਲੀ ਗਈ

**-ਪੇਸ਼ਕਸ਼ : ਤਲਵਿੰਦਰ ਸਿੰਘ**

30 ਜਨਵਰੀ, 1913 ਦਾ ਚੜ੍ਹਦਾ ਹੋਇਆ ਸੂਰਜ ਧੁੰਦ ਤੇ ਕੋਰੇ ਵਿਚ ਜਕੜੇ ਵਾਤਾਵਰਣ ਵਿਚ ਤਾਜ਼ਗੀ ਖਿਲਾਰ ਰਿਹਾ ਸੀ। ਘਰਾਂ ਦੀਆਂ ਖਿੜਕੀਆਂ ਤੇ ਜੰਮੀ ਹੋਈ ਬਰਫ਼ ਉੱਤੇ ਜਦੋਂ ਡੈਨਯੂਬ ਦੀ ਹਵਾ ਪੈਂਦੀ ਤਾਂ ਕੁਝ ਇਸ ਤਰ੍ਹਾਂ ਦੀਆਂ ਆਕ੍ਰਿਤੀਆਂ ਉਭਰਦੀਆਂ ਜਿਵੇਂ ਕਿਸੇ ਨੇ ਚਿੱਤਰ ਉਲੀਕੇ ਹੋਣ। ਚਿੱਟੇ ਲਿਬਾਸ ਪਹਿਨੀ ਬੁੱਡਾ ਦੀਆਂ ਪਹਾੜੀਆਂ ਪਰੀ ਲੋਕ ਦਾ ਕੋਈ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਇਹ ਉਹ ਦਿਨ ਸੀ ਜਦੋਂ ਅਮ੍ਰਿਤਾ ਨੇ ਇਸ ਦੁਨੀਆ ’ਚ ਪੈਰ ਰੱਖਿਆ। ਡਾਕਟਰ ਨੇ ਜਦੋਂ ਅਮ੍ਰਿਤਾ ਦੇ ਪਿਤਾ ਸ. ਉਮਰਾਓ ਸਿੰਘ ਨੂੰ ਵਧਾਈ ਦੇਂਦਿਆਂ ਕਿਹਾ ਕਿ ਧੀ ਆਈ ਹੈ ਤਾਂ ਉਹਨਾਂ ਦੀਆਂ ਅੱਖਾਂ ਖੁਸ਼ੀ ਨਾਲ ਚਮਕ ਪਈਆਂ ਜਿਵੇਂ ਪਹਿਲਾਂ ਹੀ ਬੱਚੀ ਹੋਣ ਦੀ ਆਸ ਹੋਵੇ।

ਅਮ੍ਰਿਤਾ ਦੇ ਜਨਮ ਸਮੇਂ ਬੁੱਡਾਪੈੱਸਟ ਯੂਰਪ ਦਾ ਇਕ ਮਹੱਤਵਪੂਰਨ ਸ਼ਹਿਰ ਸੀ। ਆਬਾਦੀ ਭਾਵੇਂ ਦਸ ਲੱਖ ਤੋਂ ਵੀ ਘੱਟ ਸੀ ਪਰ ਇਤਿਹਾਸਕ ਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਇਹ ਵੀਆਨਾ ਤੇ ਪੈਰਿਸ ਦੀ ਬਰਾਬਰੀ ਕਰ ਰਿਹਾ ਸੀ। ਇਥੇ ਅਜਾਇਬ-ਘਰ, ਚਿੱਤਰ-ਸ਼ਾਲਾਵਾਂ, ਸੰਗੀਤ ਭਵਨ, ਖ਼ੂਬਸੂਰਤ ਰੈਸਤੋਰਾਂ ਤੇ ਸ਼ਾਨਦਾਰ ਕੌਫ਼ੀ ਹਾਊਸ ਸਨ। ਇਹ ਲੇਖਕਾਂ, ਬੁੱਧੀਜੀਵੀਆਂ ਦੀ ਕਰਮ-ਭੂਮੀ ਸੀ। ਰੰਗਮੰਚ ਦੀ ਦੁਨੀਆ ਵਿਚ ਇਸਦੀ ਚੜ੍ਹਤ ਸੀ। ਇਥੇ ਇਬਸਨ, ਸ਼ਾਅ, ਗੋਰਕੀ, ਸਿੰਟਰਡਰਬਗ ਜਿਹੇ ਵਿਸ਼ਵ ਪ੍ਰਸਿੱਧ ਨਾਟਕਕਾਰਾਂ ਦੀਆਂ ਸਿਰਜਣਾਵਾਂ ਨੂੰ ਮੰਚਤ ਕੀਤਾ ਜਾ ਰਿਹਾ ਸੀ। ਸੱਭਿਆਚਾਰਕ ਸੱਥ ਉੱਤੇ ਉਦਾਰ ਵਿਚਾਰਧਾਰਾ ਦਾ ਬੋਲ ਬਾਲਾ ਸੀ। ਤਤਕਾਲੀਨ ਪ੍ਰਧਾਨ ਮੰਤਰੀ ਜਨਾਬ ਕਾਉਂਟ ਇਸਤਵਾਨ ਤਿੱਸਾ ਰਾਜਨੀਤਕ ਖੇਤਰ ਦੀ ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਸਨ। ਬੁੱਡਾਪੈੱਸਟ ਦੇ ਅਜਿਹੇ ਵਾਤਾਵਰਣ ਵਿਚ ਅਮ੍ਰਿਤਾ ਦਾ ਜਨਮ ਹੋਇਆ।

ਬੱਚੀ ਜਨਮ ਤੋਂ ਈ ਨਿੱਖਰੀ ਹੋਈ ਸ਼ਖ਼ਸੀਅਤ ਦੀ ਮਾਲਕ ਸੀ। ਉਤਸੁਕਤਾ ਨਾਲ ਲਬਰੇਜ਼ ਮੋਟੀਆਂ ਅੱਖਾਂ ਜਿਵੇਂ ਸਾਰੇ ਸੰਸਾਰ ਦੀ ਥਾਹ ਪਾ ਲੈਣਾ ਚਾਹੁੰਦੀਆਂ ਹੋਣ। ਚੌੜਾ ਤੇ ਤੇਜੱਸਵੀ ਮੱਥਾ ਜਿਸਨੂੰ ਵੇਖ ਕੇ ਲੋਕ ਕਹਿੰਦੇ ਕਿ ਇਸ ਬੱਚੀ ਦਾ ਦਿਮਾ.ਗ ਕਮਾਲ ਦਾ ਹੋਵੇਗਾ। ਅਮ੍ਰਿਤਾ ਜਦੋਂ ਚੌਦਾਂ ਮਹੀਨਿਆਂ ਦੀ ਸੀ ਤਾਂ ਉਹਨੂੰ ਨਿੱਕੀ ਭੈਣ ਮਿਲ ਗਈ। ਇਸ ਨੰਨ੍ਹੇ ਮੁੰਨੇ, ਪਿਆਰੇ ਤੇ ਜਿਊਂਦੇ ਜਾਗਦੇ ਖਿਡੌਣੇ ਨੂੰ ਪਾ ਕੇ ਉਹ ਕਿੰਨੀ ਖੁਸ਼ ਹੋਈ ਸੀ। ਜਦੋਂ ਕਦੇ ਮਾਂ ਇਸ ਨੰਨੀ ਬੱਚੀ ਨੂੰ ਉਹਦੀ ਗੋਦ ’ਚੋਂ ਕੱਢ ਪੰਘੂੜੇ ਵਿਚ ਲਿਟਾਉਂਦੀ ਤਾਂ ਅਮ੍ਰਿਤਾ ਚੀਕਾਂ ਮਾਰ ਉੱਠਦੀ। ਉਸਨੂੰ ਆਪਣੇ ਖਿਡੌਣੇ ਦਿੰਦੀ ਤੇ ਉਹਨੂੰ ਖੁਸ਼ ਵੇਖ ਕੇ ਖੁਸ਼ ਹੁੰਦੀ। ਆਪਣੀ ਨਿੱਕੀ ਭੈਣ ਨਾਲ ਸਾਰੀ ਉਮਰ ਉਸਦੀ ਨਿੱਘੀ ਸਾਂਝ ਬਣੀ ਰਹੀ। ਅਮ੍ਰਿਤਾ ਦੀ ਮਾਂ ਅੰਤੋਏਨੇਤ ਸ਼ੇਰਗਿੱਲ ਦੇ ਸ਼ਬਦਾਂ ਮੁਤਾਬਕ, ‘ਅਮ੍ਰਿਤਾ ਸਭ ਤੋਂ ਜ਼ਿਆਦਾ ਆਪਣੀ ਛੋਟੀ ਭੈਣ ਨੂੰ ਨਹਾਉਂਦਿਆਂ ਵੇਖ ਕੇ ਖੁਸ਼ੀ ਮਹਿਸੂਸ ਕਰਦੀ।’

ਯੂਰਪ ਵਿਚ ਲੜਾਈ ਦਾ ਦੌਰ ਆਇਆ ਤਾਂ ਸ਼ੇਰਗਿੱਲ ਪਰਿਵਾਰ ਨੂੰ ਭਾਰਤ ਤੋਂ ਪੈਸੇ ਆਉਣ ਵਿਚ ਕਠਿਨਾਈ ਆਉਣ ਲੱਗੀ ਤਾਂ ਉਹ ਬੁੱਡਾਪੈੱਸਟ ਦੇ ਨੇੜੇ ਇਕ ਪਿੰਡ ਵਿਚ ਚਲੇ ਗਏ ਜਿੱਥੇ ਬੱਚੀਆਂ ਦੇ ਖੇਡਣ ਲਈ ਬਗੀਚਾ ਸੀ, ਬਿੱਲੀਆਂ ਤੇ ਕੁੱਕੜ-ਕੁਕੜੀਆਂ ਸਨ। ਅਮ੍ਰਿਤਾ ਲੱਗਪੱਗ ਪੰਜਾਂ ਵਰ੍ਹਿਆਂ ਦੀ ਹੋਈ ਤਾਂ ਉਹਦੀ ਪੜ੍ਹਾਈ ਦੀ ਸ਼ੁਰੂਆਤ ਹੋਈ। ਨਾਲ਼ ਹੀ ਰੰਗਦਾਰ ਪੈਨਸਿਲਾਂ ਨਾਲ ਚਿੱਤਰਕਾਰੀ ਦਾ ਸਿਲਸਿਲਾ ਆਰੰਭ ਹੋ ਗਿਆ। ਉਹ ਆਪਣੇ ਖਿਡੌਣਿਆਂ ਦੇ ਚਿੱਤਰ ਹੂਬਹੂ ਕਾ.ਗਜ਼ਾਂ ਤੇ ਲਾਹ ਲੈਂਦੀ। ਸੱਤ ਸਾਲ ਦੀ ਉਮਰ ਤੱਕ ਉਹ ਕਿਤਾਬਾਂ ਵਿਚ ਪੜ੍ਹੀਆਂ ਕਹਾਣੀਆਂ ਨੂੰ ਚਿੱਤਰਾਂ ਦੀ ਜ਼ੁਬਾਨੀ ਕਹਿਣ ਦੀ ਮੁਹਾਰਤ ਗ੍ਰਹਿਣ ਕਰ ਗਈ ਸੀ। ਮਾਂ ਉਹਨੂੰ ਹੰਗਰੀ

ਦੇ ਲੋਕ ਗੀਤ ਸੁਣਾਉਂਦੀ ਤਾਂ ਉਹ ਉਹਨਾਂ ਗੀਤਾਂ ਵਿਚਲੇ ਖਾਸੇ ਨੂੰ ਆਪਣੇ ਜ਼ਿਹਨ ਵਿਚ ਉਤਾਰਦੀ ਤੇ ਫਿਰ ਚਿੱਤਰਾਂ ਦੀ ਜ਼ੁਬਾਨ ਵਿਚ ਪੇਸ਼ ਕਰਦੀ।

ਭਾਸ਼ਾਵਾਂ ਨੂੰ ਸਿੱਖਣ ਵਿਚ ਮੁਹਾਰਤ ਉਹਨੂੰ ਕੁਦਰਤੀ ਮਿਲੀ ਦਾਤ ਸੀ। ਮਾਤਾ ਪਿਤਾ ਵਿਚ ਗੱਲ ਬਾਤ ਦਾ ਮਾਧਿਅਮ ਅੰਗਰੇਜ਼ੀ ਸੀ। ਇਕ ਦਿਨ ਉਹ ਅੰਗਰੇਜ਼ੀ ਵਿਚ ਗੱਲਾਂ ਕਰ ਰਹੇ ਸਨ ਕਿ ਉਹ ਬੋਲੀ, 'ਮਾਂ ਮੈਂ ਦੱਸ ਸਕਦੀ ਆਂ ਕਿ ਤੁਸੀਂ ਕੀ ਕਿਹੈ।'

'ਕੀ ਮਤਲਬ ?' ਮਾਤਾ ਪਿਤਾ ਦੋਵੇਂ ਚੌਂਕ ਪਏ ਕਿਉਂਕਿ ਹੰਗਰੀ ਭਾਸ਼ਾ ਤੋਂ ਇਲਾਵਾ ਉਸ ਨੂੰ ਕਿਸੇ ਹੋਰ ਭਾਸ਼ਾ ਦਾ ਇਕ ਲਫ਼ਜ਼ ਵੀ ਨਹੀਂ ਸੀ ਸਿਖਾਇਆ ਗਿਆ। ਜਦੋਂ ਉਸਨੇ ਕਹੀਆਂ ਗਈਆਂ ਗੱਲਾਂ ਦਾ ਹੂਬਹੂ ਅਨੁਵਾਦ ਸੁਣਾ ਦਿੱਤਾ ਤਾਂ ਮਾਂ ਬਾਪ ਦੋਵੇਂ ਹੈਰਾਨ ਰਹਿ ਗਏ। ਅਮ੍ਰਿਤਾ ਉਦੋਂ ਸੱਤਾਂ ਸਾਲਾਂ ਦੀ ਸੀ।

ਯੁੱਧ ਦੇ ਮੁੱਕਣ ਤੇ ਅਮ੍ਰਿਤਾ ਦਾ ਪਰਿਵਾਰ ਫਿਰ ਬੁੱਡਾਪੈੱਸਟ ਆ ਗਿਆ। ਉਹਦੀ ਪੜ੍ਹਾਈ ਫਿਰ ਸੁਚਾਰੂ ਢੰਗ ਨਾਲ ਚੱਲਣ ਲੱਗੀ। ਇਤਿਹਾਸ ਦੀਆਂ ਘਟਨਾਵਾਂ ਉਹਨੂੰ ਕੁਝ ਇਸ ਤਰ੍ਹਾਂ ਖਿੱਚ ਪਾਉਂਦੀਆਂ ਕਿ ਆਪਣੇ ਵਿਹਲੇ ਸਮੇਂ ਵਿਚ ਉਹ ਇਹਨਾਂ ਨੂੰ ਤੇਲ ਜਾਂ ਪਾਣੀ ਵਾਲੇ ਰੰਗਾਂ ਵਿਚ ਚਿੱਤ੍ਰਿਤ ਕਰਦੀ। ਇਸੇ ਹੀ ਵੇਲੇ ਅਮ੍ਰਿਤਾ ਉਪਰ ਇਕ ਮਨੋਵਿਗਿਆਨਕ ਪ੍ਰਯੋਗ ਸਹਿਜੇ ਹੀ ਹੋ ਗਿਆ। 1920 ਦੀ ਕ੍ਰਿਸਮਸ ਸੀ। ਅਮ੍ਰਿਤਾ ਦੀ ਮਾਂ ਨੇ ਦੋਸਤਾਂ ਨੂੰ ਘਰ ਵਿਚ ਇਕ ਪਾਰਟੀ ਤੇ ਬੁਲਾਇਆ ਸੀ। ਇਸ ਦਾਅਵਤ ਵਿਚ ਹੰਗਰੀ ਦੇ ਇਕ ਨਾਮਵਰ ਮਨੋ-ਵਿਸ਼ਲੇਸ਼ਕ ਡਾ. ਉਝੇਲੀ ਵੀ ਸਨ। ਉਹਨਾਂ ਦਾ ਧਿਆਨ ਅਮ੍ਰਿਤਾ ਵੱਲ ਗਿਆ ਤਾਂ ਉਹਨਾਂ ਨੂੰ ਲੱਗਾ ਕਿ ਇਹ ਕੁੜੀ ਨਿਵੇਕਲੀ ਪ੍ਰਤਿਭਾ ਦੀ ਮਾਲਕ ਹੈ। ਦਾਅਵਤ ਦੇ ਦੌਰਾਨ ਹੀ ਅਮ੍ਰਿਤਾ ਦੀ ਬੌਧਿਕ ਪਰਖ ਸ਼ੁਰੂ ਹੋ ਗਈ। ਡਾ. ਉਝੇਲੀ ਨੇ ਉਹਨੂੰ ਕਈ ਤਰ੍ਹਾਂ ਦੀਆਂ ਮਾਨਸਿਕ ਗੁੰਝਲਾਂ ਵਿਚ ਉਲਝਾਇਆ। ਵੰਨ ਸੁਵੰਨੇ ਸੁਆਲ ਕੀਤੇ। ਪਰਖ ਮੁੱਕੀ ਤਾਂ ਅਮ੍ਰਿਤਾ ਪਸੀਨੇ ਨਾਲ ਤਰ ਬਤਰ ਸੀ। ਅਮ੍ਰਿਤਾ ਦੀ ਨਾਨੀ ਨੇ ਉਸਦੀ ਮਾਂ ਨੂੰ ਡਾਂਟਿਆ, 'ਤੈਨੂੰ ਇਸ ਮਾਸੂਮ ਬੱਚੀ ਨੂੰ ਇਹੋ ਜਿਹੀਆਂ ਪਰਖਾਂ 'ਚ ਪਾਉਣ ਦੀ ਇਜਾਜ਼ਤ ਨਹੀਂ ਸੀ ਦੇਣੀ ਚਾਹੀਦੀ। ਪਤਾ ਹੈ ਇਸਦੇ ਫੁੱਲਾਂ ਜਿਹੇ ਸਰੀਰ ਤੇ ਇਸਦਾ ਕਿਹੋ ਜਿਹਾ ਪ੍ਰਭਾਵ ਪਿਆ ਹੋਵੇਗਾ ?'

ਜਦੋਂ ਡਾ. ਉਲੇਝੀ ਨੇ ਆਪਣੀ ਰਿਪੋਰਟ ਲਿਖੀ ਤਾਂ ਉਹਨੇ ਵਿਗਿਆਨਕ ਦ੍ਰਿਸ਼ਟੀ ਤੋਂ ਇੰਕਸ਼ਾਫ਼ ਕੀਤਾ ਕਿ ਇਸ ਕੁੜੀ ਕੋਲ਼ ਅਸਾਧਾਰਨ ਪ੍ਰਤਿਭਾ ਹੈ ਪਰ ਉਸ ਨਾਲ ਬੜੀ ਸਾਵਧਾਨੀ ਤੋਂ ਕੰਮ ਲੈਣਾ ਪਵੇਗਾ ਕਿਉਂਕਿ ਕਿਸੇ ਉਲਟ ਪ੍ਰਭਾਵ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ।

ਅਮ੍ਰਿਤਾ ਦੇ ਜੀਊਂਦੇ ਜੀਅ ਬਹੁਤ ਸਾਰੇ ਲੋਕਾਂ ਨੂੰ ਉਹਦੇ ਬਾਰੇ ਗ਼ਲਤ ਫਹਿਮੀਆਂ ਰਹੀਆਂ। ਲੋਕਾਂ ਦਾ ਮੱਤ ਸੀ ਕਿ ਅਮ੍ਰਿਤਾ ਵੀ ਉਹੋ ਜਿਹੇ ਸੁਭਾਅ ਤੇ ਰੁਚੀਆਂ ਦੀ ਮਾਲਕ ਹੋਵੇਗੀ ਜਿਹੋ ਜਿਹੀਆਂ ਆਮ ਅਮੀਰ ਘਰਾਣਿਆਂ ਦੀਆਂ ਔਰਤਾਂ ਹੁੰਦੀਆਂ ਹਨ, ਜੋ ਸ਼ੌਕੀਆ ਬੁਰਸ਼ ਚਲਾਉਂਦੀਆਂ ਹਨ ਤੇ ਅਜਿਹਾ ਕਰਦੇ ਵਕਤ ਨੌਕਰ ਨੌਕਰਾਣੀਆਂ ਨੂੰ ਵਖ਼ਤ ਪਾਈ ਰੱਖਦੀਆਂ ਨੇ- ਕਿਸੇ ਨੇ ਖੜੇ ਹੋ ਕੇ ਪਲੇਟ ਫੜੀ ਹੋਈ, ਕੋਈ ਉਂਗਲਾਂ ਵਿਚ ਬੁਰਸ ਫੜੀ ਖਲੋਤਾ, ਕਿਸੇ ਦੇ ਹੱਥਾਂ ਵਿਚ ਰੰਗਾਂ ਦੀਆਂ ਟਿਊਬਾਂ, ਕਿਸੇ ਕੋਲ਼ ਫੁੱਲਾਂ ਦਾ ਗੁਲਦਸਤਾ ਤੇ ਕਿਸੇ ਨੇ ਨਾਸ਼ਤੇ ਦੀ ਪਲੇਟ ਫੜੀ ਹੋਈ। ਪਰ ਜਿਨ੍ਹਾਂ ਅਮ੍ਰਿਤਾ ਨੂੰ ਵੇਖਿਆ ਸੀ ਉਹ ਜਾਣਦੇ ਸਨ ਕਿ ਉਹ ਵੱਡੇ ਘਰ ਦੀ ਔਰਤ ਸੀ ਪਰ ਕੁਦਰਤੀ ਤੌਰ ਤੇ ਉੱਚੇ ਇਨਸਾਨੀ ਗੁਣਾਂ ਤੇ ਸਹਿਜਤਾ ਦੀ ਧਾਰਨੀ ਸੀ। ਮਾਂ ਚੰਗੇ ਰਈਸੀ ਪਰਿਵਾਰ ਵਿਚੋਂ ਸੀ, ਪਿਤਾ ਤਾਂ ਸਨ ਹੀ ਖਾਨਦਾਨੀ ਪਰਿਵਾਰ ਵਿਚੋਂ। ਅਮ੍ਰਿਤਾ ਦੋ ਰਈਸ ਪਰਿਵਾਰਾਂ ਦਾ



ਸਹਿਜ ਸੁਮੇਲ ਸੀ।

ਮਾਂ ਮਾਰੀ ਅੰਤੋਏਨੇਤ ਦੇ ਪਿਤਾ ਲੂਈ ਗਾਟੇਸਮਾਨ ਇਕ ਬੀਮਾ ਕੰਪਨੀ ਵਿਚ ਕੰਮ ਕਰਦੇ ਸਨ ਜਿਨ੍ਹਾਂ ਦਾ ਦੇਹਾਂਤ ਬਾਅਦ ਵਿਚ ਇਕ ਅਨਾਥ ਆਸ਼ਰਮ ਵਿਚ ਹੋਇਆ। ਲੂਈ ਦੇ ਪਿਤਾ ਆਸਟ੍ਰੇਲੀਆ ਦੀ ਸੈਨਾ ਵਿਚ ਇਕ ਅਫ਼ਸਰ ਰਹਿ ਚੁੱਕੇ ਸਨ ਤੇ ਮਾਂ ਬਿਹਤਰੀਨ ਪਿਆਨੋ ਵਾਦਕ ਤੇ ਗਾਇਕ ਸੀ। ਮਾਰੀ ਅੰਤੋਏਨੇਤ ਦੀ ਨਾਨੀ ਯਹੂਦੀ ਸੀ। ਅਮ੍ਰਿਤਾ ਦੇ ਪਤੀ ਵਿਕਟਰ ਏਗਾਨ ਮਾਰੀ ਅੰਤੋਏਨੇਤ ਦੀ ਮਾਂ ਦੀਆਂ ਗਾਇਕੀ ਰੁਚੀਆਂ ਦੇ ਬੇਹੱਦ ਪ੍ਰਸੰਸਕ ਰਹੇ। ਮਾਰੀ ਨੇ ਵੀ ਪਿਆਨੋ ਵਾਦਨ ਤੇ ਗਾਇਕੀ ਦੀ ਸਿਖਲਾਈ ਲਈ ਸੀ ਪਰ ਚਾਹੁੰਦਿਆਂ ਵੀ ਇਸ ਤੋਂ ਆਰਥਕ ਲਾਹਾ ਨਾ ਲੈ ਸਕੀ। ਉਸਦੇ ਜਾਨਣ ਵਾਲਿਆਂ ਨੂੰ ਪਤਾ ਸੀ ਕਿ ਸੰਗੀਤ ਨਾਲ ਉਸਦਾ ਲਗਾਓ ਇਸ਼ਕ ਦੀ ਹੱਦ ਤੱਕ ਦਾ ਹੈ ਪਰ ਉਹਦੀਆਂ ਨਿੱਕੀਆਂ ਉਂਗਲਾਂ ਪਿਆਨੋ ਵਿਚੋਂ ਅੰਗੂਠੀਆਂ ਜਿਹੀ ਚਮਕ ਨਾ ਕੱਢ ਸਕੀਆਂ। ਸ਼ਾਇਦ ਏਸੇ ਲਈ ਉਹ ਅਮ੍ਰਿਤਾ ਤੇ ਇੰਦਰਾ ਨੂੰ ਸੰਗੀਤਕਾਰ ਬਣਾਉਣਾ ਲੋਚਦੀ ਸੀ।

ਅਮ੍ਰਿਤਾ ਦੇ ਪਿਤਾ ਸ. ਉਮਰਾਓ ਸਿੰਘ ਮਜੀਠੀਆ ਪੰਜਾਬ ਦੇ ਪੁਰਾਣੇ ਰਈਸ ਸਨ। ਉਹਨਾਂ ਦੇ ਦਾਦਾ ਸ. ਅਤਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਬੜੇ ਚਹੇਤੇ ਸਨ। ਅਤਰ ਸਿੰਘ ਦੇ ਇਕ ਲੜਾਈ ਵਿਚ ਮਾਰੇ ਜਾਣ ਪਿੱਛੋਂ ਉਹਨਾਂ ਦੇ ਪੁੱਤਰ ਸ. ਸੂਰਤ ਸਿੰਘ ਨੇ ਉਹਨਾਂ ਦੀ ਥਾਂ ਲਈ। ਸੂਰਤ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਜਨਰਲ ਦੇ ਅਹੁਦੇ ਤੱਕ ਅੱਪੜੇ ਤੇ 1847 ਦੀ ਸਿੱਖ-ਅੰਗਰੇਜ਼ ਲੜਾਈ ਵਿਚ ਬੜੀ ਬਹਾਦਰੀ ਨਾਲ ਲੜੇ। ਕਿਉਂਕਿ ਸਿੱਖਾਂ ਦੀ ਜਿੱਤ ਨਹੀਂ ਹੋਈ ਇਸ ਕਰਕੇ ਉਹਨਾਂ ਨੂੰ ਸਾਰੀ ਜਾਇਦਾਦ ਤੋਂ ਮਹਿਰੂਮ ਕਰਨ ਉਪਰੰਤ ਬਨਾਰਸ ਭੇਜ ਦਿੱਤਾ ਗਿਆ। ਜਦੋਂ 1857 ਵਿਚ ਸਿਪਾਹੀਆਂ ਨੇ ਫਿਰ ਅੰਗਰੇਜ਼ਾਂ ਦੇ ਵਿਰੁੱਧ ਲੜਾਈ ਲੜੀ ਤਾਂ ਇਸ ਵਾਰ ਸੂਰਤ ਸਿੰਘ ਅੰਗਰੇਜ਼ਾਂ ਦੀ ਧਿਰ ਬਣਕੇ ਲੜੇ। ਅੰਗਰੇਜ਼ਾਂ ਦੀ ਜਿੱਤ ਹੋਈ ਤਾਂ ਸੂਰਤ ਸਿੰਘ ਦੇ ਮਾਣ ਸਨਮਾਨ ਦੀ ਮੁੜ ਬਹਾਲੀ ਹੋਈ ਤੇ ਉਹਨਾਂ ਨੂੰ ਰਾਜੇ ਦਾ ਖਿਤਾਬ ਦੇ ਕੇ 1859 ਵਿਚ ਫਿਰ ਪੰਜਾਬ ਭੇਜ ਦਿੱਤਾ ਗਿਆ ਤੇ ਇਸਦੇ ਨਾਲ ਹੀ ਸੰਯੁਕਤ ਪ੍ਰਾਂਤ (ਹੁਣ ਵਾਲੇ ਉੱਤਰ ਪ੍ਰਦੇਸ਼) ਦੇ ਗੋਰਖਪੁਰ ਜ਼ਿਲ੍ਹੇ ਵਿਚ ਹੱਛੀ ਖਾਸੀ ਜ਼ਮੀਨ ਵੀ ਇਨਾਮ ਵਿਚ ਦਿੱਤੀ ਗਈ। 1881 ਵਿਚ ਸੂਰਤ ਸਿੰਘ ਦੀ ਮੌਤ ਹੋਈ। ਉਹਨਾਂ ਦੀ ਮੌਤ ਤੋਂ ਬਾਅਦ ਦੋਵੇਂ ਬੇਟੇ ਉਮਰਾਓ ਸਿੰਘ ਤੇ ਸੁੰਦਰ ਸਿੰਘ ਅੱਗੇ ਆਏ। ਸੁੰਦਰ ਸਿੰਘ ਰਾਜਨੀਤੀ ਵੱਲ ਮੋੜਾ ਖਾ ਗਏ ਤੇ ਉਮਰਾਓ ਸਿੰਘ ਗਿਆਨ ਵਿਗਿਆਨ ਵੱਲ ਸੂਰਤ ਸਿੰਘ ਦੇ ਦੇਹਾਂਤ ਵੇਲੇ ਇਹ ਦੋਵੇਂ ਨਾਬਾਲਗ਼ ਸਨ ਇਸ ਲਈ ਅੰਗਰੇਜ਼ ਸਰਕਾਰ ਨੇ ਇਹਨਾਂ ਦੀ ਦੇਖਭਾਲ ਲਈ ਅਟਾਰੀ ਦੇ ਕਪਤਾਨ ਸ. ਗੁਲਾਬ ਸਿੰਘ ਦੀ ਜ਼ਿੰਮੇਵਾਰੀ ਲਾਈ। ਉਮਰਾਓ ਸਿੰਘ ਥੋੜ੍ਹਾ ਵੱਡਾ ਹੋਇਆ ਤਾਂ ਉਹਨਾਂ ਦਾ ਵਿਆਹ ਕਪਤਾਨ ਗੁਲਾਬ ਸਿੰਘ ਦੀ ਬੇਟੀ ਨਾਲ ਕਰ ਦਿੱਤਾ ਗਿਆ। ਉਸ ਵਿਆਹ ਵਿਚੋਂ ਸ. ਉਮਰਾਓ ਸਿੰਘ ਦੇ ਚਾਰ ਬੱਚੇ ਹੋਏ-ਬਲਰਾਮ ਸਿੰਘ, ਸੱਤਿਆਵਾਨ ਸਿੰਘ, ਵਿਵੇਕ ਸਿੰਘ ਤੇ ਬੇਟੀ ਪ੍ਰਕਾਸ਼। ਮਾੜੀ ਕਿਸਮਤ ਕਿ ਉਮਰਾਓ ਸਿੰਘ ਦੀ ਪਤਨੀ ਦਾ ਦਿਹਾਂਤ ਹੋ ਗਿਆ ਤੇ ਉਹ ਲੰਦਨ ਚਲੇ ਗਏ। ਉਦੋਂ ਮਾਰੀ ਅੰਤੋਏਨੇਤ ਵੀ ਉਥੇ ਈ ਸੀ ਪਰ ਲੰਦਨ ਵਿਚ ਉਹਨਾਂ ਦੀ ਮੁਲਾਕਾਤ ਨਹੀਂ ਹੋ ਸਕੀ।

ਮੁਲਾਕਾਤ ਹਿੰਦੁਸਤਾਨ ਵਿਚ ਹੋਈ। ਹੋਇਆ ਇੰਜ ਕਿ ਮਾਰੀ ਅੰਤਨੋਏਤ ਆਪਣੀ ਇਕ ਹੰਗੇਰੀਅਨ ਸਹੇਲੀ ਨੂੰ ਮਿਲਣ ਲੰਦਨ ਗਈ ਹੋਈ ਸੀ ਤੇ ਉਹਦੇ ਨਾਲ ਹੀ ਰਹਿ ਰਹੀ ਸੀ। ਅਚਾਨਕ ਸਹੇਲੀ ਨੂੰ ਸ਼ੱਕ ਹੋਇਆ ਕਿ ਕਿਧਰੇ ਮਾਰੀ ਉਹਦੇ ਪਤੀ ਵੱਲ ਨਾ ਆਕਰਸ਼ਤ ਹੋ ਜਾਏ ਸੋ ਉਹਨੇ ਮਾਰੀ ਨੂੰ ਆਪਣੇ ਤੋਂ ਅਲੱਗ ਕਰ ਦਿੱਤਾ। ਮਾਰੀ ਇਕ ਚੀਨਣ ਸਹੇਲੀ ਨਾਲ ਰਹਿਣ ਲੱਗੀ। ਤਾਂ ਹੀ ਉਹਨੂੰ ਸਿੱਖਾਂ ਦੇ ਅੰਤਮ ਮਹਾਰਾਜੇ ਦਲੀਪ ਸਿੰਘ ਦੀਆਂ ਦੋਵਾਂ ਧੀਆਂ -ਸੋਫ਼ੀਆ ਤੇ ਬਾਂਬਾ

ਵਿਚੋਂ ਰਾਜਕੁਮਾਰੀ ਬਾਂਬਾ ਵੱਲੋਂ ਦਿੱਤਾ ਗਿਆ ਇਕ ਵਿਗਿਆਪਨ ਪੜ੍ਹਨ ਨੂੰ ਮਿਲਿਆ ਜਿਸ ਵਿਚ ਕਿਹਾ ਗਿਆ ਸੀ ਕਿ ਜੇ ਕੋਈ ਸੰਗੀਤ ਅਤੇ ਕਲਾ ਨਾਲ ਰੁਚੀਆਂ ਰੱਖਣ ਵਾਲੀ ਔਰਤ ਰਾਜਕੁਮਾਰੀ ਬਾਂਬਾ ਨਾਲ ਹਿੰਦੁਸਤਾਨ ਜਾ ਕੇ ਰਹਿਣ ਲਈ ਰਜ਼ਾਮੰਦ ਹੋਵੇ ਤਾਂ ਸੰਪਰਕ ਕਰੇ। ਮਾਰੀ ਨੇ ਸੰਪਰਕ ਕੀਤਾ ਤਾਂ ਉਹਦੀ ਚੋਣ ਹੋ ਗਈ ਤੇ ਉਹ ਹਿੰਦੋਸਤਾਨ ਆ ਕੇ ਰਹਿਣ ਲੱਗੀ। ਇਥੇ ਇਕ ਪਾਰਟੀ ਵਿਚ ਮਾਰੀ ਨੇ ਕੋਈ ਗੀਤ ਗਾਇਆ। ਇਸ ਪਾਰਟੀ ਵਿਚ ਸ. ਉਮਰਾਓ ਸਿੰਘ ਵੀ ਮੌਜੂਦ ਸਨ। ਉਹਨਾਂ ਦਾ ਝੁਕਾਅ ਮਾਰੀ ਵੱਲ ਹੋ ਗਿਆ ਤੇ ਪਿੱਛੋਂ ਇਹ ਝੁਕਾਅ ਵਿਆਹ ਵਿਚ ਤਬਦੀਲ ਹੋ ਗਿਆ। 4 ਫਰਵਰੀ, 1912 ਨੂੰ ਸਿੱਖ ਰਹੁ ਰੀਤਾਂ ਮੁਤਾਬਕ ਲਾਹੌਰ ਵਿਚ ਉਹਨਾਂ ਦਾ ਵਿਆਹ ਹੋਇਆ। ਵਿਆਹ ਤੋਂ ਤੁਰੰਤ ਬਾਅਦ ਉਮਰਾਓ ਸਿੰਘ ਤੇ ਉਹਨਾਂ ਦੀ ਪਤਨੀ ਮਾਰੀ ਅੰਤੋਨਏਤ ਹੰਗਰੀ ਆ ਗਏ।

ਸ. ਉਮਰਾਓ ਸਿੰਘ ਦਾ ਰੁਝਾਨ ਸੰਗੀਤ ਤੇ ਸਾਹਿਤ ਤੋਂ ਲੈ ਕੇ ਖਗੋਲ ਵਿਗਿਆਨ ਅਤੇ ਜੋਤਿਸ਼ ਤਕ ਸੀ। ਉਹਨਾਂ ਦੇ ਇਕ ਮਿੱਤਰ ਮਾਲਕਮ ਮਗਰਿਜ ਜੋ ਉਹਨਾਂ ਨੂੰ 1935 ਵਿਚ ਮਿਲੇ ਨੇ, ਉਹਨਾਂ ਨੂੰ ਯਾਦ ਕਰਦਿਆਂ ਕਿਹਾ, 'ਉਹ ਰਾਤ ਨੂੰ ਛੱਤ ਉਤੇ ਚੜ੍ਹ ਜਾਂਦੇ ਤੇ ਦੂਰਬੀਨ ਨਾਲ ਤਾਰਿਆਂ ਦੀ ਗਤੀ ਦਾ ਹਿਸਾਬ ਲਗਾਉਂਦੇ ਰਹਿੰਦੇ। ਇੰਜ ਕਰਦੇ ਹੋਏ ਉਹ ਏਨੇ ਗੁਆਚ ਜਾਂਦੇ ਕਿ ਵਕਤ ਦਾ ਉਹਨਾਂ ਨੂੰ ਕੋਈ ਖਿਆਲ ਨਾ ਰਹਿੰਦਾ। ਇਓਂ ਲੱਗਦਾ ਜਿਵੇਂ ਉਹ ਤਾਰਿਆਂ ਕੋਲ ਪਹੁੰਚ ਕੇ ਉਹਨਾਂ ਦਾ ਸ਼ਾਂਤ ਸੰਗੀਤ ਸੁਣਨਾ ਚਾਹੁੰਦੇ ਹੋਣ।

ਅਮ੍ਰਿਤਾ ਦੇ ਰਹਿਣ ਸਹਿਣ ਵਿਚ ਉਹਦਾ ਪਿਤਾ ਪੁਰਖੀ ਤੇ ਪਰਿਵਾਰਕ ਸ਼ਾਹੀ ਠਾਠ ਹੁੰਦਾ ਪਰ ਉਹ ਅਮੀਰੀ ਦੀ ਫੋਕੀ ਸ਼ਾਨ ਨਾਲ ਕਦੇ ਆਪਣੀ ਸਾਂਝ ਨਾ ਬਣਾ ਸਕੀ। ਏਹੀ ਕਾਰਨ ਸੀ ਕਿ ਭਾਰਤੀ ਜਨ ਜੀਵਨ ਦੀ ਬਦਸੂਰਤੀ ਵਿਚੋਂ ਵੀ ਉਹਨੂੰ ਖ਼ੂਬਸੂਰਤੀ ਨਜ਼ਰ ਆਈ। ਫੋਕੀਆਂ ਰਸਮਾਂ ਵਾਲੇ ਸਮਾਗਮਾਂ ਵਿਚ ਉਹਦਾ ਸਾਹ ਘੁੱਟਣ ਲੱਗਦਾ। ਇਕ ਵਾਰ ਅਜਿਹੇ ਹੀ ਇਕ ਰਸਮੀ ਜਿਹੇ ਸਮਾਗਮ ਨੂੰ ਉਹਨੇ ਬੜੀ ਖ਼ੂਬਸੂਰਤੀ ਨਾਲ ਗ਼ੈਰ-ਰਸਮੀ ਕਰ ਦਿੱਤਾ ਕਿ ਲੋਕ ਬਾਅਦ ਵਿਚ ਹੱਸਦੇ ਹੱਸਦੇ ਦੂਹਰੇ ਹੋ ਗਏ। ਖਾਣੇ ਵੇਲੇ ਹੋਇਆ ਇੰਜ ਕਿ ਰੋਟੀ ਨਾਲ ਕੁਝ ਹਰੀਆਂ ਮਿਰਚਾਂ ਵੀ ਰੱਖੀਆਂ ਹੋਈਆਂ ਸਨ। ਪਰ ਉਹਨਾਂ ਨੂੰ ਕੋਈ ਖਾ ਨਹੀਂ ਸੀ ਰਿਹਾ ਮਤੇ ਉਹ ਜ਼ਿਆਦਾ ਕੌੜੀ ਹੋਵੇ ਤੇ ਅੱਖ ਨੱਕ 'ਚੋਂ ਪਾਣੀ ਵਹਿਣ ਲੱਗੇ। ਅਮ੍ਰਿਤਾ ਨੇ ਇਕ ਮਿਰਚ ਚੁੱਕੀ ਤੇ ਦੰਦੀ ਵੱਢੀ। ਮਿਰਚ ਦੀ ਕੁੜੱਤਣ ਨੇ ਮੂੰਹ ਵਿਚ ਜਿਵੇਂ ਅੱਗ ਲਾ ਦਿੱਤੀ। ਹਾਲ ਪਾਹਰਿਆ ਪਾਉਣ ਦੀ ਥਾਂ ਉਹ ਸੰਭਲੀ ਤੇ ਸਾਰਿਆਂ ਨੂੰ ਸੰਬੋਧਤ ਹੋ ਕੇ ਬੋਲੀ, 'ਲਵੋ ਲਵੋ, ਬਹੁਤ ਸੁਆਦੀ ਮਿਰਚ ਹੈ।' ਆਏ ਹੋਏ ਪ੍ਰਾਹੁਣਿਆਂ ਨੇ ਵੇਖਾ ਵੇਖੀ ਮਿਰਚਾਂ ਫੜ ਲਈਆਂ ਤੇ ਖਾਂਦਿਆਂ ਸਾਰ 'ਸੀ ਸੀ' ਕਰਨ ਲੱਗੇ। ਬਾਅਦ ਵਿਚ ਕਿੰਨਾ ਹੀ ਚਿਰ ਹਾਸੜ ਮਚੀ ਰਹੀ।

ਅਮ੍ਰਿਤਾ ਦੇ ਨਜ਼ਦੀਕ ਜਾਣ ਵਾਲਾ ਹਰੇਕ ਜਣਾ ਬੇਹੱਦ ਆਪਣਾਪਨ ਲੈ ਕੇ ਗਿਆ। ਇਕ ਬਿਜਲੀ ਵਾਲਾ ਜਿਸ ਦਾ ਉਹਨਾਂ ਨਾਲ ਵਾਹ ਪੈਂਦਾ ਸੀ, ਆਖਦਾ, 'ਕਈ ਵੱਡਿਆਂ ਘਰਾਂ ਦੇ ਲੋਕ ਅਜਿਹੇ ਨੇ ਜੋ ਸਾਨੂੰ ਮਹਾਤੜਾਂ ਨੂੰ ਕੀੜੇ ਮਕੌੜੇ ਸਮਝਦੇ ਨੇ, ਇਕ ਇਹ ਬੀਬੀ ਹੈ ਜੋ ਏਨਾ ਮਾਣ ਦਿੰਦੀ ਹੈ ਤੇ ਬਿਲਕੁਲ ਆਪਣਾ ਸਮਝਦੀ ਹੈ।'

ਹਰ ਇਕ ਨਾਲ ਰਚ ਮਿਚ ਜਾਣਾ ਅਮ੍ਰਿਤਾ ਦੇ ਸੁਭਾਅ ਵਿਚ ਸ਼ਾਮਲ ਸੀ ਪਰ ਜੇ ਕਦੇ ਕੋਈ ਇਸ ਖੁੱਲ੍ਹਦਿਲੇਪਨ ਦਾ ਨਜ਼ਾਇਜ਼ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਦਾ ਤਾਂ ਉਹ ਫੌਰਨ ਇਕ ਫ਼ਾਸਲਾ ਅਖਤਿਆਰ ਕਰ ਲੈਂਦੀ।

1938 ਵਿਚ ਉਹ ਵਿਕਟਰ ਏਗਾਨ ਨਾਲ ਵਿਆਹ ਕਰਨ ਲਈ ਹੰਗਰੀ ਚਲੀ ਗਈ।



1939 ਵਿਚ ਉਹ ਫਿਰ ਭਾਰਤ ਆ ਗਈ ਤੇ ਕੁਝ ਚਿਰ ਸ਼ਿਮਲੇ ਰਹਿਣ ਪਿੱਛੋਂ ਆਪਣੇ ਪਿਤਾ ਦੀ ਰਿਆਸਤ ਸਰਾਇਆ (ਗੋਰਖਪੁਰ) ਵਿਖੇ ਆਪਣੇ ਪਤੀ ਨਾਲ ਜਾ ਕੇ ਰਹਿਣ ਲੱਗੀ। ਇਥੇ ਉਹਦੇ ਪਤੀ ਅਮ੍ਰਿਤਾ ਦੇ ਚਾਚਾ ਜੀ ਦੀ ਇਕ ਫੈਕਟਰੀ ਵਿਚ ਡਾਕਟਰ ਸਨ। ਅਮ੍ਰਿਤਾ ਨੇ ਬਹੁਤ ਸਾਰੇ ਚਿੱਤਰ ਏਥੇ ਰਹਿ ਕੇ ਬਣਾਏ।

ਜੂਨ 1941 ਵਿਚ ਜਦੋਂ ਉਹ ਗਰਮੀ ਤੋਂ ਬਚਣ ਸ਼ਿਮਲੇ ਗਈ ਹੋਈ ਸੀ ਤਾਂ ਮਾਤਾ ਪਿਤਾ ਨੂੰ ਪਤਾ ਲੱਗਾ ਕਿ ਅਮ੍ਰਿਤਾ ਨੇ ਸਰਾਇਆ ਛੱਡ ਕੇ ਲਾਹੌਰ ਆ ਕੇ ਰਹਿਣ ਦਾ ਮਨ ਬਣਾ ਲਿਆ ਹੈ ਤਾਂ ਉਹਨਾ ਨੂੰ ਚੰਗਾ ਨਾ ਲੱਗਾ। ਪਰ ਅਮ੍ਰਿਤਾ ਦੀ ਦਲੀਲ ਸੀ ਕਿ ਸਰਾਇਆ ਦੇ ਮੁਕਾਬਲੇ ਉਹਦੇ ਪਤੀ ਦੀ ਪ੍ਰੈਕਟਿਸ ਲਾਹੌਰ ਵਰਗੇ ਵੱਡੇ ਸ਼ਹਿਰ ਵਿਚ ਚੰਗੀ ਚੱਲੇਗੀ। ਉਹਨੇ ਆਪਣੀ ਦਲੀਲ ਨਾਲ ਮਾਤਾ ਪਿਤਾ ਨੂੰ ਕਾਇਲ ਕਰ ਲਿਆ। ਉਹ ਸਤੰਬਰ 1941 ਵਿਚ ਲਾਹੌਰ ਆ ਗਈ ਤੇ ਏਹੀ ਥਾਂ ਅਮ੍ਰਿਤਾ ਲਈ ਅਖੀਰਲਾ ਕਰਮ-ਖੇਤਰ ਸਿੱਧ ਹੋਇਆ।

ਵਿਕਟਰ ਏਗਾਨ ਦੇ ਨਾਲ ਵਿਆਹ ਤੋਂ ਪਹਿਲਾਂ ਉਹ ਜਦੋਂ ਵੀ ਉਹਦੇ ਨਾਲ ਹੰਗਰੀ ਜਾਂਦੀ ਤਾਂ ਉਹਦੇ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਂਦੀ। ਸ. ਇਕਬਾਲ ਸਿੰਘ ਅਮ੍ਰਿਤਾ ਦੀ ਜੀਵਨੀ ਵਿਚ ਉਹਦੇ ਹੋਰ ਸੰਬੰਧਾਂ ਦਾ ਜ਼ਿਕਰ ਵੀ ਕਰਦੇ ਹਨ। ਉਹਦੇ ਅਨੁਸਾਰ ਅਮ੍ਰਿਤਾ ਆਪਣੇ ਨਿੱਜੀ ਜੀਵਨ ਵਿਚ ਹੋਰ ਮਰਦਾਂ ਨਾਲ ਪ੍ਰੇਮ ਸਬੰਧਾਂ ਵਿਚ ਬੱਝੀ ਹੋਈ ਸੀ। ਉਸਨੇ ਕੁਝ ਅਜਿਹੇ ਹਵਾਲੇ ਉਸ ਜੀਵਨੀ ਵਿਚ ਲਿਖੇ ਹਨ ਤੇ ਨਾਲ ਇਹ ਵੀ ਲਿਖਿਆ ਹੈ ਕਿ ਇਹਨਾਂ ਸੰਬੰਧਾਂ ਕਾਰਨ ਪਤੀ ਪਤਨੀ ਦੇ ਰਿਸ਼ਤੇ ਵਿਚ ਕਦੇ ਕੋਈ ਫ਼ਰਕ ਨਹੀਂ ਆਇਆ।

ਬੁੱਡਾਪੈੱਸਟ ਵਿਚ ਵਿਕਟਰ ਦੀ ਮਾਂ ਕੋਲ ਦੋ ਕਮਰਿਆਂ ਦਾ ਫਲੈਟ ਸੀ ਜਿਹਦੇ 'ਚੋਂ ਇਕ ਵਿਚ ਅਮ੍ਰਿਤਾ ਤੇ ਵਿਕਟਰ ਰਹਿੰਦੇ ਤੇ ਦੂਜੇ ਵਿਚ ਵਿਕਟਰ ਦੀ ਮਾਤਾ। ਇਸ ਫਲੈਟ ਨੂੰ ਉਹਨਾਂ ਆਪਣੀ ਲੋੜ ਮੁਤਾਬਕ ਸਵਾਰਿਆ ਸਜਾਇਆ। ਅਮ੍ਰਿਤਾ ਵਿਕਟਰ ਨੂੰ ਬੇਹੱਦ ਪਿਆਰ ਕਰਦੀ ਸੀ। ਵਿਕਟਰ ਜਦੋਂ ਵੀ ਉਹਨੂੰ ਪੁੱਛਦਾ ਕਿ ਉਹ ਉਹਦੇ ਨਾਲ ਕਿੰਨਾ ਪਿਆਰ ਕਰਦੀ ਹੈ ਤਾਂ ਉੱਤਰ ਵਿਚ ਉਹ ਸਿਰਫ਼ ਹੱਸ ਛੱਡਦੀ। ਵਿਆਹ ਤੋਂ ਪਹਿਲਾਂ ਵਿਕਟਰ ਨੇ ਉਹਨੂੰ ਕਿਹਾ ਸੀ ਕਿ ਉਹਦਾ ਏਨਾ ਵਸੀਹ ਦਾਇਰਾ ਹੈ, ਏਨੇ ਲੋਕਾਂ ਨਾਲ ਮੇਲ ਜੋਲ ਹੈ, ਏਨੀ ਉਹ ਮਸ਼ਹੂਰ ਚਿੱਤਰਕਾਰ ਹੈ ਫਿਰ ਉਹਦੇ ਨਾਲ ਵਿਆਹ ਕਿਉਂ ਲਈ ਰਜ਼ਾਮੰਦ ਹੈ ਤਾਂ ਅਮ੍ਰਿਤਾ ਨੇ ਕਿਹਾ ਸੀ ਕਿ ਉਹ ਕਿਸੇ ਹੋਰ ਨਾਲ ਰਹਿਣ ਦੀ ਕਲਪਨਾ ਵੀ ਨਹੀਂ ਕਰ ਸਕਦੀ।

ਵਿਆਹ ਤੋਂ ਪਿੱਛੋਂ ਵਿਕਟਰ ਨੇ ਅਮ੍ਰਿਤਾ ਨੂੰ ਕਿਹਾ ਸੀ, 'ਸਾਡੇ ਨਵੇਂ ਸੰਬੰਧਾਂ ਦਾ ਮਤਲਬ ਕੋਈ ਬੰਧਨ ਨਹੀਂ ਹੈ। ਤੂੰ ਪਹਿਲਾਂ ਵਾਂਗ ਹੀ ਆਜ਼ਾਦ ਮਹਿਸੂਸ ਕਰੀਂ। ਜੇ ਕਦੀ ਲੱਗੇ ਕਿ ਇਹ ਰਿਸ਼ਤਾ ਬੋਝ ਬਣ ਰਿਹਾ ਹੈ ਤਾਂ ਮੇਰੇ ਕੋਲੋਂ ਜਾਣ ਵਿਚ ਕਦੀ ਸੰਕੋਚ ਨਾ ਕਰੀਂ। ਆਪਣੇ ਮਨ ਪਸੰਦ ਮਿੱਤਰਾਂ ਨਾਲ ਜਿੱਥੇ ਤੇ ਜਦੋਂ ਵੀ ਚਾਹੇਂ ਤੂੰ ਆ ਜਾ ਸਕਦੀ ਏਂ। ਮੈਂ ਆਪਣਾ ਕੰਮ ਕਰਾਂਗਾ, ਤੂੰ ਆਪਣਾ ਕਰੀ ਜਾ। ਅਸੀਂ ਇਕ ਦੂਜੇ ਦੀ ਆਜ਼ਾਦੀ ਵਿਚ ਵਿਘਨ ਨਹੀਂ ਪਾਵਾਂਗੇ।'

ਇਸ ਵਿਆਹ ਨਾਲ ਦੋਹਾਂ ਦੇ ਮਾਤਾ ਪਿਤਾ ਖੁਸ਼ ਨਹੀਂ ਸਨ ਪਰ ਅਮ੍ਰਿਤਾ ਬੇਹੱਦ ਖੁਸ਼ ਸੀ। ਉਹਨੇ ਲਿਖਿਆ, 'ਅਸੀਂ ਠੀਕ ਠਾਕ ਹਾਂ ਤੇ ਇਕ ਦੂਜੇ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹਾਂ। ਸਾਡਾ ਇਹ ਖ਼ੂਬਸੂਰਤ ਰਿਸ਼ਤਾ ਵਿਸ਼ਵਾਸ ਦੀ ਬਿਨਾ ਤੇ ਖਲੋਤਾ ਹੈ। ਮੈਨੂੰ ਉਮੀਦ ਹੈ ਕਿ ਇਹ ਇੰਜ ਹੀ ਚੱਲੇਗਾ।'

ਅਮ੍ਰਿਤਾ ਜਦੋਂ ਤੱਕ ਜਿਊਂਦੀ ਰਹੀ ਇਕ ਸਹਿਜਤਾ ਤੇ ਸਮਝ ਉਹਨਾਂ ਦਰਮਿਆਨ ਬਰਕਰਾਰ ਰਹੀ। ਅਮ੍ਰਿਤਾ ਦੇ ਮਰਨ ਪਿੱਛੋਂ ਵਿਕਟਰ ਨੇ ਦੂਜਾ ਵਿਆਹ ਕਰਾ ਲਿਆ ਪਰ ਉਹਦੇ ਪ੍ਰਤੀ

ਮੁਹੱਬਤ ਕਾਇਮ ਰਹੀ। ਵਿਕਟਰ ਦੀ ਦੂਜੀ ਪਤਨੀ ਨਾਲ ਜਦੋਂ ਅਮ੍ਰਿਤਾ ਬਾਰੇ ਸੁਆਲ ਕੀਤਾ ਗਿਆ ਕਿ ਉਹ ਉਸ ਬਾਰੇ ਕਿਵੇਂ ਮਹਿਸੂਸ ਕਰਦੀ ਹੈ ਤਾਂ ਉਹਦਾ ਉੱਤਰ ਸੀ, 'ਉਹ ਇਕ ਬਹੁਤ ਵੱਡੀ ਕਲਾਕਾਰ ਸੀ। ਉਹਦੇ ਮੁਕਾਬਲੇ ਮੈਂ ਬਹੁਤ ਸਾਧਾਰਨ ਔਰਤ ਹਾਂ। ਮੈਂ ਉਹਦੇ ਚਿੱਤਰਾਂ ਨੂੰ ਪਸੰਦ ਕਰਦੀ ਹਾਂ।'

ਵਿਕਟਰ ਅਮ੍ਰਿਤਾ ਬਾਰੇ ਕਿਵੇਂ ਸੋਚਦਾ ਰਿਹਾ ਇਹਦਾ ਨਮੂਨਾ ਉਹਨਾਂ ਨਾਲ ਦੂਜਿਆਂ ਦੀਆਂ ਹੋਈਆਂ ਗੱਲਾਂ ਬਾਤਾਂ ਤੋਂ ਮਿਲ ਜਾਂਦਾ ਹੈ। ਉਹ ਅਮ੍ਰਿਤਾ ਬਾਰੇ ਬਹੁਤੀਆਂ ਟਿੱਪਣੀਆਂ ਨਹੀਂ ਕਰਦਾ। ਪਰ ਜਦੋਂ ਵੀ ਉਹਨੇ ਕੁਝ ਵਿਚਾਰ ਰੱਖੇ ਉਹ ਡੂੰਘੇ ਸਨੇਹ ਨਾਲ ਲਬਰੇਜ਼ ਹੁੰਦੇ। ਉਹਨੇ ਅਮ੍ਰਿਤਾ ਦੇ ਜਾਣ ਪਿੱਛੋਂ ਵੀ ਕਦੇ ਉਹਦੇ ਨਾਲੋਂ ਦੂਰੀ ਨਹੀਂ ਸੀ ਪਾਈ। ਉਹ ਦੱਸਦਾ, 'ਮੇਰੇ ਕੋਲ ਦੋ ਚੀਜ਼ਾਂ ਆਈਆਂ-ਇਕ ਉਹਦੀ ਸਕੈੱਚ-ਬੁੱਕ ਤੇ ਦੂਜੀ ਉਹਦੀ ਸਿਲਕ ਦੀ ਸਾੜ੍ਹੀ, ਜੋ ਉਹਨੂੰ ਬਹੁਤ ਪਸੰਦ ਸੀ। ਪੈਸੇ ਦੀ ਉਹ ਕਦੇ ਪਰਵਾਹ ਨਾ ਕਰਦੀ, ਨਾ ਕੋਈ ਹਿਸਾਬ ਰੱਖਦੀ। ਜਦੋਂ ਅਸੀਂ ਇਕ ਵਿਦੇਸ਼ ਦੌਰੇ ਪਿੱਛੋਂ ਹਿੰਦੁਸਤਾਨ ਆ ਰਹੇ ਸਾਂ ਤਾਂ ਸਾਡੇ ਕੋਲ ਜੋ ਜਰਮਨ ਸਿੱਕੇ ਸਨ ਅਸਾਂ ਸਮੁੰਦਰ ਵਿਚ ਸੁੱਟ ਦਿੱਤੇ। ਉਹਦੇ ਨਾਲ ਰਹਿੰਦਿਆਂ ਮੈਂ ਵੀ ਇਹਨਾਂ ਸੋਚਾਂ ਤੋਂ ਮੁਕਤ ਹੋ ਗਿਆ ਕਿ ਕਿਥੇ ਜਾ ਕੇ ਕਿਵੇਂ ਰਹਿਣਾ ਹੈ ਤੇ ਕਿਵੇਂ ਗੁਜ਼ਰ ਬਸਰ ਕਰਨੀ ਹੈ। ਉਹਦੇ ਮਰਨ ਪਿੱਛੋਂ ਕਈ ਦਿਨ ਮੈਂ ਇਕ ਸੁਪਨਾ ਵੇਖਦਾ ਰਿਹਾ, ਜਿਵੇਂ ਉਹ ਕਹਿ ਰਹੀ ਹੋਵੇ, ਮੈਨੂੰ ਜਾਣਾ ਪਏਗਾ, ਮੈਨੂੰ ਜਾਣਾ ਪਏਗਾ ਤੇ ਮੈਂ ਉਹਨੂੰ ਰੋਕ ਰਿਹਾ ਹਾਂ। ਉਹਦਾ ਅੰਤਮ ਦਿਨ ਮੈਨੂੰ ਕਿਵੇਂ ਭੁੱਲ ਸਕਦਾ ਹੈ ? ਉਹ ਰਾਤ ਬਾਰ ਬਾਰ ਉੱਠ ਕੇ ਬਾਥਰੂਮ ਗਈ, ਮੈਨੂੰ ਲੱਗਾ ਕਿ ਉਹਦੀ ਤਬੀਅਤ ਜ਼ਿਆਦਾ ਹੀ ਠੀਕ ਨਹੀਂ। ਉਹਦਾ ਪੇਟ ਜ਼ਿਆਦਾ ਈ ਅਹੁਰ ਗਿਆ ਸੀ। ਮੈਂ ਬੇਵੱਸ ਸਾਂ, ਉਹ ਡੁੱਬਦੀ ਚਲੀ ਗਈ ਤੇ ਮੈਂ ਉਹਨੂੰ ਡੁੱਬਦੀ ਜਾਂਦੀ ਨੂੰ ਵੇਖ ਕੇ ਕੁਝ ਵੀ ਨਾ ਕਰ ਸਕਿਆ।'

ਮੌਤ ਤੋਂ ਕੁਝ ਦਿਨ ਪਹਿਲਾਂ ਲਿਟਰੇਰੀ ਲੀਗ ਹਾਲ ਲਾਹੌਰ ਵਿਚ ਅਮ੍ਰਿਤਾ ਦੇ ਚਿੱਤਰਾਂ ਦੀ ਨੁਮਾਇਸ਼ ਲਗੀ ਹੋਈ ਸੀ। ਸ਼ਹਿਰ ਵਿਚ ਉਹਦੇ ਚਿੱਤਰਾਂ ਦੀ ਚਰਚਾ ਦਾ ਸਿਖ਼ਰ ਸੀ। ਅਮ੍ਰਿਤਾ ਨੂੰ ਕਿਸੇ ਨੇ ਸੁਝਾਅ ਦਿੱਤਾ ਕਿ ਲੋਕਾਂ ਦਾ ਪ੍ਰਤੀਕਰਮ ਜਾਨਣ ਲਈ ਉਸਨੂੰ ਨੁਮਾਇਸ਼ ਵਿਚ ਭੇਸ ਬਦਲ ਕੇ ਜਾਣਾ ਚਾਹੀਦਾ ਹੈ। ਅਮ੍ਰਿਤਾ ਨੂੰ ਸੁਝਾਅ ਚੰਗਾ ਲੱਗਾ। ਉਸਨੇ ਪੁੱਛਿਆ, 'ਕਿਹੜਾ ਭੇਸ ਠੀਕ ਰਹੂ ?' ਜੁਆਬ ਮਿਲਿਆ, 'ਸਿੱਖ ਸਰਦਾਰ ਦਾ, ਤਾਅ ਦਿੱਤੀਆਂ ਮੁੱਛਾਂ, ਸਿਰ ਤੇ ਪੱਗ, ਅੱਖਾਂ ਤੇ ਐਨਕ।' ਸੁਝਾਅ ਸੁਣਦਿਆਂ ਅਮ੍ਰਿਤਾ ਹੱਸਦਿਆਂ ਹੱਸਦਿਆਂ ਲੋਟ ਪੋਟ ਹੋ ਗਈ ਪਰ ਇਹ ਕਿਸਨੂੰ ਪਤਾ ਸੀ ਕਿ ਇਹ ਹਾਸਾ ਸਿਰਫ਼ ਤਿੰਨਾਂ ਦਿਨਾਂ ਮਗਰੋਂ 5 ਦਸੰਬਰ, 1941 ਨੂੰ ਹਮੇਸ਼ਾ ਲਈ ਖ਼ਤਮ ਹੋ ਜਾਏਗਾ। ਮੌਤ ਦੇ ਡੂੰਘੇ ਹਨ੍ਹੇਰੇ ਨੇ ਅਮ੍ਰਿਤਾ ਨੂੰ ਨਿਗ਼ਲ ਲਿਆ। ਸਾਰਾ ਸੰਸਾਰ ਅਵਾਕ ਰਹਿ ਗਿਆ।

ਉਸੇ ਦਿਨ ਸ਼ਾਮੀਂ ਉਹਦੇ ਪਿਤਾ ਉਸਦੇ ਰੇਡੀਓ-ਬਰਾਡਕਾਸਟ ਬਾਰੇ ਗੱਲ ਕਰ ਰਹੇ ਸਨ ਕਿ ਅਮ੍ਰਿਤਾ ਦੀ ਬੀਮਾਰੀ ਦੀ ਤਾਰ ਆਈ। ਉਹਨਾਂ ਵਿਕਟਰ ਨੂੰ ਟਰੰਕ-ਕਾਲ ਕੀਤਾ ਤਾਂ ਉਹਨੇ ਦੱਸਿਆ, 'ਅਚਾਨਕ ਬਿਮਾਰ ਹੋ ਗਈ।' ਮੁਸ਼ਕਲ ਨਾਲ ਚਾਰ ਘੰਟੇ ਲੰਘੇ ਕਿ ਖ਼ਬਰ ਮਿਲੀ ਕਿ ਅਮ੍ਰਿਤਾ ਨਹੀਂ ਰਹੀ। ਸਦਮੇ ਦੀ ਹਾਲਤ ਵਿਚ ਮਾਂ ਲਾਹੌਰ ਪਹੁੰਚੀ ਤੇ ਸਾਰੀ ਰਾਤ ਉਹਦੀ ਲਾਸ਼ ਨਾਲ ਚੰਬੜੀ ਰੋਂਦੀ ਰਹੀ। ਸਵੇਰੇ ਮ੍ਰਿਤਕ ਸਰੀਰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਸਾਰਿਆਂ ਦੀ ਜ਼ੁਬਾਨ ਤੇ ਇਕ ਹੀ ਵਾਕ ਸੀ, 'ਅਮ੍ਰਿਤਾ ਚਲੀ ਗਈ ਅਮ੍ਰਿਤਾ ਚਲੀ ਗਈ।' ਪਿਤਾ ਨੇ ਲਿਖਿਆ, 'ਉਹ ਉਂਗਲਾਂ, ਜਿਹਨਾਂ ਚਿੱਤਰਕਾਰੀ ਦੇ ਸੰਸਾਰ ਵਿਚ ਧੁੰਮ ਮਚਾ ਦਿੱਤੀ, ਉਸ ਦਿਮਾਗ਼, ਜਿਹਦੇ ਵਿਚ ਚਿੱਤਰ ਬਣਾਉਣ ਦੇ ਵਿਚਾਰ ਉੱਠਦੇ; ਉਹਦਾ ਕੋਮਲ ਸਰੀਰ, ਸਾਰਾ ਕੁਝ ਸਾਡੇ ਸਾਹਮਣੇ ਸੁਆਹ ਹੋ ਰਿਹਾ ਸੀ।'



ਸ਼ੋਕ-ਗ੍ਰਸਤ ਪਰਿਵਾਰ ਨਾਲ ਆਪਣੀ ਸੰਵੇਦਨਾ ਜ਼ਾਹਰ ਕਰਨ ਆਈ ਇਕ ਮੁਸਲਮਾਨ ਔਰਤ ਨੇ ਅਮ੍ਰਿਤਾ ਦਾ ਬਿਮਾਰੀ ਤੋਂ ਦੋ-ਤਿੰਨ ਦਿਨ ਪਹਿਲਾਂ ਲਿਖਿਆ ਸੰਖੇਪ ਜਿਹਾ ਪੱਤਰ ਵਿਖਾਇਆ ਜਿਸ ਵਿਚ ਲਿਖਿਆ ਸੀ, 'ਆਪਣੇ ਰੁਝੇਵਿਆਂ ਵਿਚ ਏਨੀ ਡੁੱਬੀ ਰਹੀ ਕਿ ਤੁਹਾਡਾ ਸੱਦਾ ਟਾਲਦੀ ਰਹੀ। ਹੁਣ ਪੱਕੇ ਤੌਰ ਤੇ ਇਸ ਪੰਜ ਤਾਰੀਖ ਨੂੰ ਮੌਕਾ ਕੱਢ ਕੇ ਤੁਹਾਡੇ ਘਰ ਖਾਣੇ ਲਈ ਆਵਾਂਗੀ।' ਇਹ ਉਹੀ ਦਿਨ ਸੀ ਜਿਸ ਦਿਨ ਅਮ੍ਰਿਤਾ ਨੇ ਉਸ ਔਰਤ ਦੇ ਘਰ ਖਾਣੇ ਤੇ ਜਾਣਾ ਸੀ। ਜਦ ਉਸ ਔਰਤ ਨੇ ਅਮ੍ਰਿਤਾ ਬਾਰੇ ਇਹ ਦੁਖਦਾਇਕ ਖ਼ਬਰ ਸੁਣੀ ਤਾਂ ਉਹਨੂੰ ਬੇ-ਯਕੀਨੀ ਹੋ ਗਈ। ਉਹਨੂੰ ਲੱਗਾ, ਇਹ ਸੱਚ ਨਹੀਂ ਹੈ। ਪਰ ਦੁਨੀਆ ਦੇ ਹੋਰ ਲੋਕਾਂ ਵਾਂਗ ਉਹਨੂੰ ਵੀ ਮੰਨਣਾ ਪਿਆ ਤੇ ਇਸ ਸੱਚ ਨੂੰ ਕਬੂਲਣਾ ਪਿਆ।

ਉਹਦੀ ਮੌਤ ਦੀ ਖ਼ਬਰ ਨਾਲ ਮੁਲਕ ਦੇ ਕਲਾ ਜਗਤ ਵਿਚ ਮਾਤਮ ਛਾ ਗਿਆ। ਉਸ ਵੇਲੇ ਲਾਹੌਰ ਤੋਂ ਪੰਜਾਬ ਲਿਟਰੇਰੀ ਲੀਗ ਦੇ ਪਰਚੇ 'ਉਸ਼ਾ' ਦੇ ਸੰਪਾਦਕ ਸ਼੍ਰੀ ਐੱਚ.ਐੱਲ. ਪਰਾਸ਼ਰ ਨੇ ਆਪਣੀ ਸੰਵੇਦਨਾ ਵਿਅਕਤ ਕਰਦੇ ਹੋਏ ਲਿਖਿਆ, 'ਅੰਗਰੇਜ਼ੀ ਕਵੀ ਕੀਟਸ ਤੇ ਅਮ੍ਰਿਤਾ ਦੀਆਂ ਮੌਤਾਂ ਵਿਚ ਕੁਝ ਸਮਾਨਤਾਵਾਂ ਨਜ਼ਰ ਆਉਂਦੀਆਂ ਹਨ। ਇਕ ਤਾਂ ਇਹ ਕਿ ਇਹਨਾਂ ਦੋਵਾਂ ਨੇ ਬੜੀ ਛੋਟੀ ਉਮਰੇ ਕਲਾ ਤੇ ਉੱਚੇ ਮਰਤਬੇ ਪ੍ਰਾਪਤ ਕੀਤੇ ਤੇ ਦੂਸਰੇ ਉਹਨਾਂ ਕਲਾ ਨੂੰ ਜੋ ਨਵੇਂ ਦਿਸਹੱਦੇ ਦਿੱਤੇ ਜੋ ਨਵੀਆਂ ਜੁਗਤਾਂ ਦੀ ਸਿਰਜਣਾ ਕੀਤੀ ਉਹਦਾ ਕਲਾ ਜਗਤ ਵਿਚ ਬੜਾ ਮਹੱਤਵ ਹੈ।

ਅਮ੍ਰਿਤਾ ਇਸ ਦੁਨੀਆ ਵਿਚ ਆਪਣੇ ਹਾਸੇ, ਆਪਣੀਆਂ ਕਲਾ ਕ੍ਰਿਤਾਂ ਤੇ ਅਨੇਕਾਂ ਸੰਭਾਵਨਾਵਾਂ ਛੱਡ ਕੇ ਚਲੀ ਗਈ। ਉਸਦਾ ਜਨਮ ਬੁੱਡਾਪੈੱਸਟ ਦੀ ਡੈਨਯੂਬ ਨਦੀ ਦੇ ਕਿਨਾਰੇ ਹੋਇਆ, ਜ਼ਿੰਦਗੀ ਦਾ ਕਾਫ਼ੀ ਹਿੱਸਾ ਪੈਰਿਸ ਦੀ ਸੀਨ ਨਦੀ ਦੇ ਕੰਢੇ ਗੁਜ਼ਾਰਿਆ ਤੇ ਆਖਰੀ ਸਾਹ ਰਾਵੀ ਦੇ ਕੰਢੇ ਵੱਸੇ ਲਾਹੌਰ ਵਿਚ ਲਏ।

ਜਦੋਂ ਮਹਾਤਮਾ ਗਾਂਧੀ ਨੇ ਉਹਦੀ ਮੌਤ ਬਾਰੇ ਸੁਣਿਆ ਤਾਂ ਤਾਰ ਰਾਹੀਂ ਉਹਦੀ ਮਾਤਾ ਨੂੰ ਲਿਖਿਆ, 'ਪਿਆਰੀ ਭੈਣ, ਮੈਨੂੰ ਤੁਹਾਡੀ ਬੇਟੀ ਦੀ ਮੌਤ ਬਾਰੇ ਸੁਣ ਕੇ ਦੁੱਖ ਲੱਗਾ ਹੈ। ਰੱਬ ਤੁਹਾਨੂੰ ਇਸ ਦੁੱਖ ਨੂੰ ਸਹਿਣ ਦੀ ਤਾਕਤ ਦੇਵੇ।'

ਸ਼੍ਰੀਮਤੀ ਸਰੋਜਨੀ ਨਾਇਡੂ ਅਮ੍ਰਿਤਾ ਦੀ ਕਲਾ ਪ੍ਰਤਿਭਾ ਨੂੰ ਸਮਝਦੀ ਸੀ। ਉਸਦਾ ਕਹਿਣਾ ਸੀ ਕਿ ਅਮ੍ਰਿਤਾ ਇਸ ਦੁਨੀਆ ਨੂੰ ਇਬਾਦਤ ਦੀਆਂ ਨਜ਼ਰਾਂ ਨਾਲ ਵੇਖਦੀ ਹੈ ਤੇ ਜ਼ਿੰਦਗੀ ਦਾ ਇਕ ਇਕ ਕਣ ਜੀਅ ਲੈਣਾ ਚਾਹੁੰਦੀ ਹੈ। ਜੇ ਉਹ ਜਿਊਂਦੀ ਰਹਿੰਦੀ ਤਾਂ ਭਾਰਤ ਦੇ ਕਲਾਕਾਰਾਂ ਵਿਚ ਉਹਦਾ ਨਾਂ ਸਭ ਤੋਂ ਉਪਰ ਹੁੰਦਾ। ਉਹਦੀ ਸਿਰਜਣਾ ਕਲਾ ਦੇ ਵਿਕਾਸ ਤੇ ਇਸਨੂੰ ਆਧੁਨਿਕ ਲੀਹਾਂ ਤੇ ਤੋਰਨ ਲਈ ਮਾਰਗ ਦਰਸ਼ਨ ਦਾ ਕੰਮ ਦਏਗੀ। ਉਸਦੇ ਮਾਤਾ ਪਿਤਾ ਦੇ ਨਾਂ ਉਹਨੇ ਲਿਖਿਆ, 'ਮੈਂ ਉਸ ਬੱਚੀ ਨੂੰ ਬੇਹੱਦ ਪਿਆਰ ਕਰਦੀ ਰਹੀ ਹਾਂ ਤੇ ਉਹਦੀ ਕਲਾ ਪ੍ਰਤਿਭਾ ਦੀ ਪ੍ਰਸੰਸਕ ਰਹੀ ਹਾਂ। ਉਹਦੇ ਚਲੇ ਜਾਣ ਨਾਲ ਕਲਾ ਦੇ ਆਕਾਸ਼ ਤੋਂ ਇਕ ਰੌਸ਼ਨ ਸਿਤਾਰਾ ਅਲੋਪ ਹੋ ਗਿਆ ਹੈ।'

ਪੰਡਤ ਜਵਾਹਰ ਲਾਲ ਨਹਿਰੂ ਨੇ ਆਨੰਦ ਭਵਨ ਇਲਾਹਾਬਾਦ ਤੋਂ ਅਮ੍ਰਿਤਾ ਦੀ ਮਾਤਾ ਲਈ ਇਹ ਲਫ਼ਜ਼ ਲਿਖੇ, 'ਪਿਛਲੇ ਪੰਜਾਂ ਸਾਲਾਂ ਵਿਚ ਮੈਂ ਅਮ੍ਰਿਤਾ ਨੂੰ ਪੰਜ-ਛੇ ਵਾਰੀ ਮਿਲਿਆ ਹੋਵਾਂਗਾ। ਪਹਿਲੀ ਵਾਰ ਮਿਲਣ ਤੇ ਹੀ ਮੈਂ ਉਹਦੇ ਸੁਹੱਪਣ ਤੇ ਕਲਾ ਤੋਂ ਕੀਲਿਆ ਗਿਆ ਸਾਂ। ਮੈਨੂੰ ਮਹਿਸੂਸ ਹੋਇਆ ਕਿ ਉਹ ਭਾਰਤ ਲਈ ਬੜੀ ਮੁੱਲਵਾਨ ਪ੍ਰਤਿਭਾ ਹੈ। ਮੈਨੂੰ ਆਸ ਸੀ ਕਿ ਉਹ ਕਦੇ ਇਲਾਹਾਬਾਦ ਆਏਗੀ ਤੇ ਕੁਝ ਦਿਨ ਸਾਡੇ ਨਾਲ ਰਹੇਗੀ। ਆਪਣੀ ਗ੍ਰਿਫ਼ਤਾਰੀ ਤੇ ਜੇਲ੍ਹ ਯਾਤਰਾ ਤੋਂ ਕੁਝ ਸਮਾਂ ਪਹਿਲਾਂ ਜਦ ਮੈਂ ਗੋਰਖਪੁਰ ਗਿਆ ਤਾਂ ਸ਼ੂਗਰ ਮਿੱਲ ਵਿਖੇ ਉਹਦੇ ਨਾਲ ਮੇਲ ਹੋਇਆ। ਉਹ ਮੇਰੇ ਨਾਲ ਸ਼ੂਗਰ ਮਿੱਲ ਤੋਂ ਗੋਰਖਪੁਰ ਸਟੇਸ਼ਨ ਤੱਕ ਮੈਨੂੰ ਤੋਰਨ ਲਈ ਆਈ। ਹੁਣ ਇਹ ਗੱਲਾਂ

ਬੀਤੇ ਦਾ ਹਿੱਸਾ ਬਣ ਗਈਆਂ ਨੇ। ਮੈਂ ਬਿਆਨ ਨਹੀਂ ਕਰ ਸਕਦਾ ਕਿ ਉਹਦੀ ਮੌਤ ਨੇ ਮੈਨੂੰ ਕਿੰਨਾ ਦੁੱਖ ਦਿੱਤਾ ਹੈ। ਉਸਤੋਂ ਬੇਅੰਤ ਆਸਾਂ ਸਨ। ਉਸਦੀ ਜ਼ਿੰਦਗੀ ਦੇ ਫੁੱਲ ਦੇ ਮੁਰਝਾ ਜਾਣ ਦਾ ਮੈਨੂੰ ਬਹੁਤ ਧੱਕਾ ਲੱਗਾ ਹੈ। ਜੇ ਮੇਰਾ ਇਹ ਹਾਲ ਹੈ ਤਾਂ ਤੁਹਾਡਾ ਅਤੇ ਅਮ੍ਰਿਤਾ ਦੇ ਪਿਤਾ ਜੀ ਦਾ ਕੀ ਹੋਵੇਗਾ? ਇਸਦੀ ਕਲਪਨਾ ਮੈਂ ਕਰ ਸਕਦਾ ਹਾਂ। ਅਮ੍ਰਿਤਾ ਦੀਆਂ ਯਾਦਾਂ ਮੇਰਾ ਸਰਮਾਇਆ ਹਨ। ਤੁਹਾਡੀਆਂ ਭੇਜੀਆਂ ਸਾਰੀਆਂ ਅਖ਼ਬਾਰਾਂ ਤੁਹਾਨੂੰ ਵਾਪਸ ਭੇਜ ਰਿਹਾ ਹਾਂ। ਸਿਰਫ਼ ਇਕ ਚੀਜ਼ ਰੱਖੀ ਹੈ, ਅਮ੍ਰਿਤਾ ਦੀ ਫੋਟੋ।'

ਉਸ ਵੇਲੇ ਦੇ ਮਸ਼ਹੂਰ ਚਿੱਤਰਕਾਰ ਸੁਧੀਰ ਖ਼ਾਸਤਗੀਰ ਨੇ ਕਿਹਾ, 'ਅਮ੍ਰਿਤਾ ਸ਼ੇਰਗਿੱਲ ਸਹੀ ਮਾਇਨਿਆਂ ਵਿਚ ਪ੍ਰਤਿਭਾਵਾਨ ਸੀ। ਉਹਦੀ ਥਾਂ ਕਿਸੇ ਹੋਰ ਇਸਤਰੀ ਕਲਾਕਾਰ ਨੂੰ ਰੱਖਣਾ ਮੁਸ਼ਕਲ ਹੈ। ਉਸਦੀ ਰੰਗਾਂ ਬਾਰੇ ਸੋਝੀ ਕਮਾਲ ਦੀ ਸੀ।'

ਕਲਾ-ਖੇਤਰ ਦੀ ਜਾਣੀ ਪਛਾਣੀ ਹਸਤੀ ਨੋਰਾ ਰਿਚਰਡ ਦੀ ਟਿੱਪਣੀ ਅਮ੍ਰਿਤਾ ਲਈ ਸ਼ਰਧਾਂਜਲੀ ਦੇ ਨਾਲ ਨਾਲ ਭਾਰਤੀ ਕਲਾ ਜਗਤ ਬਾਰੇ ਡੂੰਘੀ ਸਮਝ ਨੂੰ ਵੀ ਵਿਅਕਤ ਕਰਦੀ ਹੈ, 'ਜ਼ਿੰਦਗੀ ਛੋਟੀ ਹੁੰਦੀ ਹੈ ਤੇ ਕਲਾ ਬਹੁਤ ਵੱਡੀ। ਕਲਾ ਦੀ ਉਮਰ ਦਾ ਕੋਈ ਅੰਤ ਨਹੀਂ ਹੁੰਦਾ। ਲੰਮੇ ਤੋਂ ਲੰਮਾ ਜੀਵਨ ਵੀ ਕਲਾ ਦੀ ਅਉਧ ਨਾਲੋਂ ਨਿੱਕਾ ਹੁੰਦਾ ਹੈ। ਅਮ੍ਰਿਤਾ ਦੀ ਜ਼ਿੰਦਗੀ ਨੂੰ ਇਸ ਨਜ਼ਰੀਏ ਨਾਲ ਵੇਖੀਏ ਤਾਂ ਦੁੱਖ ਦੀ ਇੰਤਹਾ ਘਟ ਜਾਂਦੀ ਹੈ। ਅਮ੍ਰਿਤਾ ਨੂੰ ਆਪਣੇ ਜਿਸ ਕੰਮ ਲਈ ਪੈਰਿਸ ਵਿਚ ਪ੍ਰਸਿੱਧੀ ਮਿਲੀ ਉਹ ਬਹੁਤ ਪ੍ਰਭਾਵਸ਼ਾਲੀ ਸੀ। ਪਰ ਉਸਦੀ ਕਲਾ ਦੀ ਸਿਖ਼ਰ ਹਰ ਥਾਂ ਵੇਖੀ ਜਾ ਸਕਦੀ ਸੀ। ਉਸਦੀ ਠੋਸ ਪਛਾਣ ਉਦੋਂ ਬਣੀ ਜਦੋਂ ਉਸਨੇ ਆਪਣੇ ਆਪ ਨੂੰ ਕਲਾ ਦੇ ਜਦੀਦ ਸਰੋਕਾਰਾਂ ਨਾਲ ਜੋੜ ਲਿਆ।

'ਅਮ੍ਰਿਤਾ ਦੀਆਂ ਪਹਿਲ ਪਲੇਠੀਆਂ ਕਲਾ ਕਿਰਤਾਂ ਨੂੰ ਵੇਖ ਕੇ ਮੈਨੂੰ ਲੱਗਦਾ ਕਿ ਬੇਸ਼ੱਕ ਉਸਦੀ ਮਾਂ ਹੰਗਰੀ ਮੂਲ ਦੀ ਸੀ ਪਰ ਹਿੰਦੁਸਤਾਨ ਦੇ ਜਨ ਜੀਵਨ ਦਾ ਚਿੱਤਰਣ ਕਮਾਲ ਦਾ ਸੀ। ਉਸਨੇ ਹਿੰਦੁਸਤਾਨ ਦੇ ਪੇਂਡੂ ਜੀਵਨ ਨੂੰ ਵੇਖਿਆ ਤੇ ਚਿਤਰਿਆ। ਉਸਨੇ ਮਹਿਸੂਸ ਕੀਤਾ ਕਿ ਇਥੋਂ ਦੇ ਲੋਕ ਜਾਂ ਤਾਂ ਆਪਣੀ ਆਪਣੀ ਮਿੱਟੀ ਦੇ ਵਰਤਮਾਨ ਦੀ ਤਸਵੀਰ ਵੇਖਦੇ ਨੇ ਜਾਂ ਬੀਤੇ ਦੀ ਜਾਂ ਫਿਰ ਉਹ ਪੱਛਮ ਦੀਆਂ ਆਧੁਨਿਕ ਪ੍ਰਵਿਰਤੀਆਂ ਤੇ ਪਿਛਲੀਆਂ ਪਰੰਪਰਾਵਾਂ ਦੀ ਘੁੰਮਣਘੇਰੀ ਵਿਚ ਸੰਤੁਲਨ ਗੁਆ ਲੈਂਦੇ ਨੇ। ਇੰਜ ਕਰਨਾ ਗ਼ਲਤ ਨਹੀਂ ਬੇਸ਼ਰਤੇ ਕਿ ਸੰਤੁਲਨ ਡੇਗਣ ਵਾਲੇ ਨੂੰ ਸੰਤੁਲਨ ਬਹਾਲ ਕਰਨ ਦੀ ਸਮਝ ਹੋਵੇ। ਅਮ੍ਰਿਤਾ ਨੇ ਇਹ ਸੰਤੁਲਨ ਨਹੀਂ ਗੁਆਇਆ। ਕਲਾ ਦੀ ਦੁਨੀਆ ਵਿਚ ਇੰਜ ਕਈ ਕਲਾਕਾਰ ਕਰਦੇ ਨੇ। ਅਮ੍ਰਿਤਾ ਨੇ ਵੀ ਇਹ ਸਭ ਕੁਝ ਬੜੀ ਖ਼ੂਬਸੂਰਤੀ, ਭਾਵਕਤਾ ਤੇ ਨਿਯਮਾਂ ਦੇ ਅੰਦਰ ਰਹਿ ਕੇ ਕੀਤਾ, ਪਰ ਇਸਦੇ ਖ਼ਿਲਾਫ਼ ਵੀ ਝੰਡਾ ਚੁੱਕਿਆ। ਆਧੁਨਿਕਤਾ ਦੇ ਇਤਿਹਾਸ ਵਿਚ ਮੀਲ ਪੱਥਰ ਗੱਡ ਕੇ ਅੱਗੇ ਤੁਰੀ, ਰੁਕ ਨਹੀਂ ਗਈ।'

ਉਸਦੀ ਮਾਤਾ ਨੇ ਕਿਹਾ, 'ਮੇਰਾ ਦਿਲ ਟੁੱਟ ਚੁੱਕਿਐ। ਇਸ ਜ਼ਖ਼ਮ ਨੂੰ ਕੋਈ ਨਹੀਂ ਭਰ ਸਕਦਾ। ਹੁਣ ਇਸ ਦਿਲ ਨੂੰ ਨਿੱਘੀ ਧੁੱਪ ਮਾਨਣ ਦੀ ਸਿੱਕ ਸ਼ਾਇਦ ਕਦੀ ਨਾ ਹੋਵੇ। ਹੁਣ ਤਾਂ ਇਹਦੇ 'ਚੋਂ ਕੋਈ ਦੁਆ ਵਰਗੇ ਲਫ਼ਜ਼ ਵੀ ਨਹੀਂ ਨਿਕਲਦੇ। ਸਿਰਫ਼ ਅੱਥਰੂ ਨੇ ਜੋ ਲਗਾਤਾਰ ਵਹਿ ਰਹੇ ਨੇ। ਮੈਂ ਸਾਰਾ ਸਾਰਾ ਦਿਨ ਇਸ ਘਰ ਨੂੰ ਵੇਖਦੀ ਰਹਿੰਦੀ ਹਾਂ। ਓਸੇ ਦੀਆਂ ਆਵਾਜ਼ਾਂ ਸੁਣਦੀ ਹਾਂ। ਇੰਜ ਝੌਲ਼ਾ ਪੈਂਦਾ ਜਿਵੇਂ ਹੁਣ ਵੀ ਚਿੱਤਰ ਬਣਾਉਂਦੀ ਆਪਣੇ ਮਾਡਲ ਨੂੰ ਕੋਈ ਕੋਣ ਸਮਝਾ ਰਹੀ ਹੋਵੇ। ਬਹੁਤ ਔਖਾ ਹੈ ਇਹ ਸਭ ਕੁਝ ਵੇਖਣਾ, ਮਹਿਸੂਸ ਕਰਨਾ। ਪਰ ਚਾਹੁੰਦਿਆਂ ਵੀ ਮੈਂ ਉਸਨੂੰ ਵੇਖ ਨਹੀਂ ਸਕਦੀ, ਛੋਹ ਨਹੀਂ ਸਕਦੀ।'

ਅਮ੍ਰਿਤਾ ਦੇ ਪਿਤਾ ਦਾਰਸ਼ਨਿਕ ਢੰਗ ਨਾਲ ਸੋਚਣ ਦੇ ਆਦੀ ਸਨ ਇਸ ਲਈ ਉਹਨਾਂ



ਉਸਦੇ ਤੁਰ ਜਾਣ ਨੂੰ ਆਤਮਾ ਦੀ ਅਮਰਤਾ ਨਾਲ ਜੋੜਨ ਦੀ ਕੋਸ਼ਿਸ਼ ਕੀਤੀ, 'ਇਕ ਸੁਆਲ ਰਹਿ ਰਹਿ ਕੇ ਮੇਰੇ ਦਿਮਾਗ਼ ਵਿਚ ਦਸਤਕ ਦਿੰਦਾ ਹੈ ਕਿ ਆਖਰ ਕਿਉਂ ਮੈਂ ਅਮ੍ਰਿਤਾ ਦੇ ਵੱਡੇ ਈਜ਼ਲ ਤੇ ਉਸਦੀ ਕੋਈ ਪੇਂਟਿੰਗ ਰੱਖ ਕੇ ਵੇਖਣ ਲੱਗਦਾ ਹਾਂ? ਜਦੋਂ ਏਦਾਂ ਕਰਦਾਂ ਤਾਂ ਲੱਗਦੈ ਜਿਵੇਂ ਮੇਰੇ ਦਿਲ ਨੂੰ ਕੋਈ ਨਿਚੋੜਨ ਲੱਗਦਾ। ਪਿਛਲੇ ਕੁਝ ਦਿਨਾਂ ਤੋਂ ਮੈਨੂੰ ਅਮ੍ਰਿਤਾ ਦੇ ਸੁਪਨੇ ਆ ਰਹੇ ਨੇ। ਸੋਚਦਾ ਹਾਂ ਕਿਉਂ ਲੋਕ ਮਰਨ ਵਾਲਿਆਂ ਦੀਆਂ ਯਾਦਗਾਰਾਂ ਬਣਾਉਂਦੇ ਨੇ? ਜਦ ਕਿ ਇਹ ਸਭ ਕੁਝ ਤਕਲੀਫ਼ ਹੀ ਦਿੰਦਾ ਹੈ। ਅਮ੍ਰਿਤਾ ਦੇ ਕੁਝ ਨੈਗੇਟਿਵ ਛਾਂਟਦਿਆਂ ਇਸ ਸੁਆਲ ਨੇ ਮੈਨੂੰ ਬਹੁਤ ਤੜਫਾਇਆ। ਮੈਨੂੰ ਲੱਗਦਾ ਅਸੀਂ ਇਸ ਦਰਦ ਨੂੰ ਭੋਗਦੇ ਭੋਗਦੇ ਪੱਥਰ ਬਣ ਜਾਵਾਂਗੇ। ਪੀੜਾ ਦੀ ਇਸ ਸਿਖ਼ਰਲੀ ਟੀਸੀ ਤੇ ਪਹੁੰਚ ਇਹੀ ਸੁਆਲ ਮੇਰਾ ਖਹਿੜਾ ਨਹੀਂ ਛੱਡਦਾ ਕਿ ਆਖਰ ਕਿਉਂ ਯਾਦਾਂ-ਨਿਸ਼ਾਨੀਆਂ ਸੰਭਾਲਦੇ ਹਾਂ? ਕਿਉਂ ਵਿੱਛੜੇ ਵਿਅਕਤੀ ਬਾਰੇ ਸੋਚ ਸੋਚ ਦੁੱਖ ਝੱਲਦੇ ਹਾਂ? ਕਿਉਂ ਆਖਰ?'

(ਕ. ਨੰਦਨ ਦੀ ਪੁਸਤਕ 'ਅਮ੍ਰਿਤਾ ਸ਼ੇਰਗਿੱਲ' 'ਤੇ ਆਧਾਰਿਤ)

**ਸ਼ਿਵ ਪ੍ਰਕਾਸ਼ਨ**
**ਜਲੰਧਰ-ਲੰਡਨ ਦੀਆਂ ਦੋ ਪ੍ਰਕਾਸ਼ਨਾ**

**ਖੇੜੇ ਦਾ ਸਿਰਨਾਵਾਂ**
**(ਕਹਾਣੀ ਸੰਗ੍ਰਹਿ)**
**ਚਰਨਜੀਤ ਸਿੰਘ ਪੰਨੂ**

**ਹਮਜ਼ਾਦ (ਨਾਵਲ)**
**ਮੋਹਨ**

# ਅੰਮ੍ਰਿਤਾ ਪ੍ਰੀਤਮ ਨਾਲ ਸਵਾ ਤਿੰਨ ਮੁਲਾਕਾਤਾਂ/ਪ੍ਰੇਮ ਪ੍ਰਕਾਸ਼

1965 ਦੇ ਨੇੜੇ ਤੇੜੇ ਅੰਮ੍ਰਿਤਾ ਪ੍ਰੀਤਮ ਦੀ ਗੁੱਡੀ ਕਈ ਗੱਲਾਂ ਕਰ ਕੇ ਚੜ੍ਹੀ ਹੋਈ ਸੀ। ਉਹ ਬੇਹੱਦ ਸੋਹਣੀ ਸੀ। ਕਈ ਲੇਖਕ ਉਹਦੀ ਫੋਟੋ ਦੇਖ ਕੇ ਹੀ ਉਹਦੇ 'ਤੇ ਆਸ਼ਕ ਹੋ ਕੇ ਨੀਮ ਪਾਗਲ ਹੋਈ ਫਿਰਦੇ ਸਨ। ਉਹਦੇ ਪ੍ਰੇਮ ਕਿੱਸਿਆਂ 'ਚ ਕਈਆਂ ਦੇ ਨਾਂ ਬੋਲਦੇ ਸਨ। ਪੰਜਾਬ ਦੀ ਵੰਡ ਬਾਰੇ ਉਹਦੀ ਜਾਦੂ ਭਰੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ' ਦੋਹਾਂ ਪੰਜਾਬਾਂ 'ਚ ਪੜ੍ਹੀ ਤੇ ਗਾਈ ਜਾ ਰਹੀ ਸੀ। ਅੰਮ੍ਰਿਤਾ ਦੂਰਦਰਸ਼ਨ ਦਿੱਲੀ 'ਤੇ ਪੰਜਾਬੀ ਦਾ ਪ੍ਰੋਗਰਾਮ ਪੇਸ਼ ਕਰਦੀ ਸੀ। ਆਮ ਪੜ੍ਹੇ ਪੰਜਾਬੀ ਦਰਸ਼ਕ, ਖਾਸ ਤੌਰ 'ਤੇ ਜਵਾਨ ਕੁੜੀਆਂ ਉਹਨੂੰ ਆਪਣੇ ਰੋਲ ਮਾਡਲ ਵਜੋਂ ਦੇਖਦੀਆਂ ਸਨ। ਉਹਦੇ ਵਰਗੀਆਂ ਬਨਣ ਦੀਆਂ ਕੋਸ਼ਿਸ਼ਾਂ ਕਰਦੀਆਂ ਸਨ। ਉਹਦੇ ਵਰਗੇ ਲਿਬਾਸ ਪਾਉਂਦੀਆਂ, ਉਹਦੇ ਵਾਂਗੂੰ ਬੋਲਦੀਆਂ। ਅਵਾਜ਼ ਨੂੰ ਜਤਨਾਂ ਨਾਲ ਠੰਢੀ ਮਿੱਠੀ ਕਰ ਕੇ, ਵਿਚ ਰੋਕ-ਰੋਕ ਕੇ ਤੇ ਨੀਵੀਂ ਉੱਚੀ ਕਰਦੀਆਂ। .. ਕਈ ਤਾਂ ਅੰਮ੍ਰਿਤਾ ਦੀ ਰੀਸੇ ਲੁਕ ਕੇ ਸਿਗਰਟਾਂ ਤੇ ਸ਼ਰਾਬ ਪੀਣ ਤੇ ਇਸ਼ਕ ਕਰਨ ਦੀਆਂ ਤਿਆਰੀਆਂ ਕਰਦੀਆਂ ਹੁੰਦੀਆਂ ਸਨ। .. ਮੇਰਾ ਉਹਦੇ ਨਾਲ ਕੋਈ ਵਾਸਤਾ ਨਹੀਂ ਸੀ। ਮੈਨੂੰ ਉਹਦਾ ਸਾਹਿਤ ਤੇ ਨਾਜ਼ ਨਖਰੇ ਵਾਲੀਆਂ ਅਦਾਵਾਂ ਚੰਗੀਆਂ ਨਹੀਂ ਸਨ ਲੱਗਦੀਆਂ। ਮੇਰੇ ਲਈ ਅੰਗੂਰ ਖੱਟੇ ਸਨ।

ਫੇਰ ਅੰਮ੍ਰਿਤਾ ਨੇ ਆਪਣਾ ਸਾਹਿਤਕ ਪਰਚਾ 'ਨਾਗਮਣੀ' ਕੱਢ ਲਿਆ। ਸਭ ਤੋਂ ਨਿਆਰਾ। ਕਾਗਜ਼ ਭੂਸਲਾ ਤੇ ਫਿੱਕਾ ਪੀਲਾ। ਬਰੀਕ ਟਾਈਪ। ਸਿਰਨਾਵੇਂ ਵੀ ਬਰੀਕ। ਸਾਈਡ 'ਤੇ ਛੱਡੇ ਹਾਸ਼ੀਏ 'ਤੇ ਲੇਖਕ ਦੀ ਫੋਟੋ ਦਾ ਇੰਦਰਜੀਤ ਉਰਫ ਇਮਰੋਜ਼ ਵੱਲੋਂ ਬਣਾਇਆ ਕਲਮੀ-ਚਿਤਰ। ਛਪਣ ਵਾਲੇ ਸਾਰੇ ਨਵੇਂ ਤੇ ਸੱਜਰੇ ਹੌਂਸਲੇ ਵਾਲੇ। ਨੌਜਵਾਨਾਂ ਦਾ ਇਕ ਕਾਫਲਾ ਬਣ ਗਿਆ ਸੀ ਅੰਮ੍ਰਿਤਾ ਦੇ ਦੁਆਲੇ। ਉਹਨੂੰ ਪੱਕਦੀ ਉਮਰੇ ਮੁੰਡਿਆਂ ਦੀ ਸੰਗਤ 'ਚ ਰਹਿਣ, ਸੋਚਣ ਤੇ ਪੜ੍ਹਨ ਲਿਖਣ ਦਾ ਜਨੂਨ ਹੋ ਗਿਆ ਸੀ। ਉਹ ਨਵੇਂ ਲੇਖਕ ਦੀ ਲਿਖਤ ਛਾਪਦੀ, ਉਹਨੂੰ ਤਾਰੀਫੀ ਚਿੱਠੀ ਲਿਖਦੀ। ਚਿੱਠੀ ਦਾ ਅੰਦਾਜ਼ ਅਜਿਹਾ ਕਿ ਨੌਜਵਾਨ ਦੂਹਰਾ ਚਹੁਰਾ ਹੋ ਕੇ ਉਹਦੀ ਮੁੱਠੀ 'ਚ ਆ ਜਾਂਦਾ ਸੀ। ਉਹ ਲਿਖਦੀ, ਜਿਵੇਂ ਅਵਾਜ਼ ਮਾਰਦੀ ਹੋਵੇ.. 'ਹੈਲੋ ਗੁਲ'! ਮੈਂ ਵੀ ਕੁਝ ਕੁ ਚਿਰ ਲਈ ਉਹਦੀ ਮੁੱਠੀ ਵਿਚ ਰਿਹਾ ਸੀ।

ਮੈਂ ਜਿਹੜੀ ਵੀ ਕਹਾਣੀ ਲਿਖਦਾ 'ਆਰਸੀ' ਜਾਂ 'ਨਾਗਮਣੀ' ਨੂੰ ਭੇਜ ਦੇਂਦਾ ਸੀ। ਇਕ ਵਾਰ ਮੈਂ ਆਪਣੀ ਨਵੀਂ ਕਹਾਣੀ 'ਤਾਸ਼' ਉਹਦੇ ਪਰਚੇ 'ਨਾਗਮਣੀ' 'ਚ ਛਪਣ ਲਈ ਭੇਜੀ। ਉਹ ਅੰਮ੍ਰਿਤਾ ਦੇ ਸਿਰ ਨੂੰ ਚੜ੍ਹ ਗਈ। ਉਹਨੇ ਮੈਨੂੰ ਕਈ ਤਾਰੀਫੀ ਚਿੱਠੀਆਂ ਲਿਖੀਆਂ। ਹਰੇਕ 'ਚ ਪੁੱਛਦੀ, "ਇਹ ਕਹਾਣੀ ਤੈਨੂੰ ਸੁਝ ਕਿਵੇਂ ਗਈ ?".. .. ਉਹਨੂੰ ਜਿਹੜਾ ਵੀ ਮਿਲਦਾ, ਉਹ 'ਤਾਸ਼' ਦੀ ਗੱਲ ਕਰਦੀ। ਉਸ ਕਹਾਣੀ 'ਚ ਇਕ ਨੌਜਵਾਨ ਬੰਦਾ ਆਪਣੀਆਂ ਦੇਖੀਆਂ ਤੇ ਮਹਿਸੂਸ ਕੀਤੀਆ ਭਿਆਨਕ ਘਟਨਾਵਾਂ ਨੂੰ ਰਾਤ ਨੂੰ ਆਪਣੀ ਪਤਨੀ ਨਾਲ ਸੰਭੋਗ ਵੇਲੇ ਆਨੰਦ ਪ੍ਰਾਪਤੀ ਦਾ ਸਾਧਨ ਬਣਾ ਲੈਂਦਾ ਏ। ਬੰਦੇ ਦੇ ਦੁੱਖਾਂ ਦਾ ਕਾਮ- ਸੁੱਖ ਲਈ ਇਸਤੇਮਾਲ ਹੋਣਾ ਉਹਨੂੰ ਭਾਅ ਗਿਆ ਸੀ।

ਇਹ ਅੰਮ੍ਰਿਤਾ ਦੇ ਹੀ ਪ੍ਰਚਾਰ ਦਾ ਅਸਰ ਸੀ ਕਿ ਫਿਲਮਸਾਜ਼ ਸੁਖਵੰਤ ਢੱਡੇ ਨੇ ਉਹ ਕਹਾਣੀ ਅੰਗ੍ਰੇਜ਼ੀ 'ਚ ਅਨੁਵਾਦ ਕਰਵਾ ਕੇ 'ਇਲਸਟ੍ਰੇਟਿਡ ਵੀਕਲੀ' 'ਚ ਛਪਵਾਈ ਸੀ। ਜਿਸ ਦੇ ਮੈਨੂੰ ਚੋਖੇ ਪੈਸੇ ਮਿਲੇ ਸਨ।

ਫੇਰ ਇਕ ਦੁਪਹਿਰ ਨੂੰ ਬੜੀ ਹੈਰਾਨੀ ਵਾਲੀ ਘਟਨਾ ਹੋਈ। ਮੈਂ ਅਖਬਾਰ 'ਹਿੰਦ ਸਮਾਚਾਰ' ਦੇ ਦਫਤਰ 'ਚ ਕੰਮ ਕਰ ਰਿਹਾ ਸੀ ਕਿ ਚਪੜਾਸੀ ਨੇ ਮੈਨੂੰ ਕਿਹਾ ਕਿ ਕੋਈ ਬੀਬੀ ਤੁਹਾਨੂੰ ਮਿਲਣ



ਆਈ ਏ। ਹੇਠਾਂ ਕਾਰ 'ਚ ਬੈਠੀ ਏ। .. ਮੈਂ ਹੈਰਾਨ ਕਿ ਕਾਰ ਵਾਲੀ ਬੀਬੀ ਕੌਣ ਹੋਈ! ਹੇਠਾਂ ਗਿਆ ਤਾਂ ਹੈਰਾਨੀ ਦੀ ਸੀਮਾ ਨਾ ਰਹੀ। ਦੁਨੀਆ ਜੀਹਦੇ ਲਈ ਪਾਗਲ ਸੀ, ਉਹ ਮੈਨੂੰ ਮਿਲਣ ਆਈ ਸੀ। ਉਹ ਕਾਰ 'ਚ ਬੈਠੀ ਮੁਸਕਰਾ ਰਹੀ ਸੀ। ਮੈਨੂੰ ਆਪਣੇ ਨਾਲ ਬਹਿਣ ਲਈ ਕਹਿ ਰਹੀ ਸੀ।

ਮੈਂ ਆਪਣੇ ਇਨਚਾਰਜ ਤੋਂ ਇਕ ਘੰਟੇ ਲਈ ਛੁੱਟੀ ਲੈ ਆਇਆ। ਅੰਮ੍ਰਿਤਾ ਨੇ ਮੈਨੂੰ ਆਪਣੇ ਨਾਲ ਬਹਾ ਕੇ ਕਾਰ ਨੂੰ ਟੋਰਨ ਲਈ ਆਖਿਆ। ਫੇਰ ਉਹੀ ਸਵਾਲ ਪੁੱਛਿਆ," ਪ੍ਰੇਮ, ਇਹ ਕਹਾਣੀ ਤੈਨੂੰ ਸੁੱਝ ਕਿਵੇਂ ਗਈ ?"

ਮੈਨੂੰ ਬੋਲਣਾ ਤਾਂ ਬੜਾ ਆਉਂਦਾ ਸੀ, ਪਰ ਮੈਂ ਏਨੀ ਸੋਹਣੀ ਤੇ ਪੰਜਾਬੀਆਂ ਦੀ ਨਾਇਕਾ ਸਾਹਮਣੇ ਬੋਲਣ ਜੋਗਾ ਨਹੀਂ ਸੀ। ਔਖੇ ਸਾਹਾਂ ਨਾਲ ਆਪਣਾ ਮਾੜਾ ਮੋਟਾ ਅਨੁਭਵ ਹੀ ਦੱਸ ਸਕਿਆ।

ਕਾਰ ਪ੍ਰੋ. ਮੋਹਨ ਸਿੰਘ ਦੇ ਘਰ ਅੱਗੇ ਜਾ ਕੇ ਰੁਕ ਗਈ। ਉਦੋਂ ਮੋਹਨ ਸਿੰਘ ਹੋਰੀਂ ਸ਼ਾਸਤਰੀ ਮਾਰਕੀਟ ਵਾਲਾ ਚੌਕ ਲੰਘ ਕੇ ਖੱਬੇ ਪਾਸੇ ਕਿਰਾਏ ਦੇ ਮਕਾਨ 'ਚ ਰਹਿੰਦੇ ਸਨ। ਅਸੀਂ ਬਹੁਤ ਵਾਰ ਮਿਲ ਚੁੱਕੇ ਸੀ। ਗੱਲਾਂ ਵੀ ਕਰ ਲੈਂਦੇ ਸੀ। ਪਰ ਉਸ ਵੇਲੇ ਉਸ ਜੋੜੀ ਸਾਹਮਣੇ ਮੈਥੋਂ ਕੁਝ ਬੋਲ ਈ ਨਹੀਂ ਸੀ ਹੋਇਆ। ਉਹਨਾਂ ਦੇ ਪਿਆਰ ਦੇ ਬਹੁਤ ਸਾਰੇ ਕਿੱਸੇ ਮਸ਼ਹੂਰ ਸਨ। ਦੋਹਾਂ ਦਾ ਨਾਂ ਕੱਠਿਆਂ ਲਿਆ ਜਾਂਦਾ ਸੀ। ਜਲੰਧਰ ਦੇ ਰੇਡਿਓ ਸਟੇਸ਼ਨ ਦੇ ਪੰਜਾਬੀ ਪ੍ਰੋਡਿਊਸਰ ਦੇ ਕਮਰੇ 'ਚ ਦੋਹਾਂ ਦੀਆਂ ਵੱਡੇ ਸਾਈਜ਼ ਦੀਆਂ ਫੋਟੋਆਂ ਨਾਲੋ ਨਾਲ ਲੱਗੀਆਂ ਹੋਈਆਂ ਸਨ। ਓਹਨਾਂ ਹੇਠਲੀ ਕੁਰਸੀ 'ਤੇ ਪਹਿਲਾਂ ਸੁਰਜੀਤ ਸਿੰਘ ਸੇਠੀ ਤੇ ਫੇਰ ਮੀਸ਼ਾ ਬਹਿੰਦਾ ਹੁੰਦਾ ਸੀ। ਉਸ ਕਮਰੇ 'ਚ ਵੀ ਸਾਹਿਤਕਾਰ ਅੰਮ੍ਰਿਤਾ-ਮੋਹਨ ਸਿੰਘ ਦੀ ਕਵਿਤਾ ਤੇ ਉਹਨਾਂ ਦੇ ਲੁਕਵੇਂ ਪਿਆਰ ਦੀਆਂ ਝੂਠੀਆਂ ਸੱਚੀਆਂ ਗੱਲਾਂ ਕਰਦੇ ਸਨ। ਕਈ ਕਿੱਸੇ ਤਾਂ ਪ੍ਰੋਫੈਸਰ ਹੋਰਾਂ ਕੋਲੋਂ ਕੁਲਵੰਤ ਸਿੰਘ ਵਿਰਕ ਰਾਹੀਂ ਹੋ ਕੇ ਮੇਰੇ ਤਕ ਵੀ ਪਹੁੰਚਦੇ ਰਹੇ ਸਨ। ਅੰਮ੍ਰਿਤਾ ਉਹਨਾਂ ਬਾਰੇ ਚੁੱਪ ਹੀ ਸੀ। ਮੋਹਨ ਸਿੰਘ ਇਹਨਾਂ ਨੂੰ ਹਵਾ ਦੇਂਦਾ ਸੀ। ਲੱਗਦਾ ਸੀ ਕਿ ਇਹ ਇਸ਼ਕ ਕਦੇ ਦੋਤਰਫਾ ਹੋਣਾ ਏ, ਹੁਣ ਤਾਂ ਇਤਰਫਾ ਹੀ ਚੱਲ ਰਿਹਾ ਸੀ।

ਜਦ ਮੈਂ ਜਾਣ ਲਈ ਆਗਿਆ ਮੰਗੀ ਤਾਂ ਅੰਮ੍ਰਿਤਾ ਜਾਣ ਨਾ ਦੇਵੇ ਤੇ ਮੈਨੂੰ ਲੱਗੇ ਕਿ ਮੋਹਨ ਸਿੰਘ ਲਈ ਤਾਂ ਮੈਂ ਰੋੜਾ ਬਣਿਆ ਬੈਠਾ ਹਾਂ। ਸੋ ਮੈਂ ਡਿਊਟੀ ਦਾ ਵਾਸਤਾ ਦੇ ਕੇ ਦੋ ਘੰਟਿਆਂ ਬਾਅਦ ਦਫਤਰ ਨੂੰ ਚਲਿਆ ਗਿਆ।

ਇਹ ਉਹ ਸਮਾਂ ਸੀ ਜਦ ਅੰਮ੍ਰਿਤਾ ਨੇ ਹਾਲੇ ਸਿਆਸੀ ਤਾਕਤ ਨਹੀਂ ਸੀ ਫੜੀ। ਉਹ ਇੰਦਰਾ ਗਾਂਧੀ ਫੈਮਿਲੀ ਦੇ ਨੇੜੇ ਨਹੀਂ ਸੀ ਹੋਈ। ਉਹ ਪੰਜਾਬੀ ਸਾਹਿਤਕ ਦੁਨੀਆ ਦੀ ਡਿਕਟੇਟਰ ਨਹੀਂ ਸੀ ਬਣੀ। ਉਹ ਰਾਜਧਾਨੀ 'ਚ ਰਹਿ ਕੇ ਅਜਿਹੀ ਸ਼ਕਤੀ ਕੱਠੀ ਕਰ ਰਹੀ ਸੀ।

ਮੈਂ ਦਿੱਲੀ ਸਿਰਫ ਇਕ ਦੋ ਵਾਰ ਗਿਆ ਸੀ। ਇਕ ਵਾਰ ਅੰਮ੍ਰਿਤਾ ਦੀ ਚਿੱਠੀ ਆਈ। ਉਹਨੇ ਮੇਰੀ ਨਵੀਂ ਕਹਾਣੀ 'ਸੜਕਾਂ' ਬਾਰੇ ਵਜ਼ਾਹਤ ਮੰਗੀ ਸੀ ਤੇ ਕਿਹਾ ਸੀ ਕਿ ਜਦ ਦਿੱਲੀ ਆਵਾਂ ਤਾਂ ਜ਼ਰੂਰ ਮਿਲਾਂ। ਮੈਂ ਉਹਨੂੰ ਲਿਖਿਆ ਕਿ ਮੈਂ ਦਿੱਲੀ ਆ ਰਿਹਾਂ। ਤੁਹਾਡੇ ਵਾਸਤੇ ਵਲੈਤੀ ਸਿਗਰਟਾਂ ਦੇ ਪੈਕਟ ਲਿਆ ਰਿਹਾਂ। ਇਹ ਮੈਨੂੰ ਮੇਰੇ ਦੋਸਤ ਨੇ ਭੇਜੇ ਨੇ।

ਜਦ ਮੈਂ ਦਿੱਲੀ ਜਾ ਕੇ ਅੰਮ੍ਰਿਤਾ ਦੇ ਘਰ ਗਿਆ ਤਾਂ ਮੇਰੇ ਅੰਦਰ ਉਹ ਪੁਰਾਣੀ ਗੱਲ ਜਾਗ ਪਈ, ਅੰਮ੍ਰਿਤਾ ਦੀ ਗਲਪ ਤੇ ਉਹਦੇ ਬੋਲਣ ਦੇ ਅੰਦਾਜ਼ ਅਤੇ ਝੂਠੇ ਜਿਹੇ ਵਿਹਾਰ ਤੋਂ ਨਫਰਤ ਵਾਲੀ। .. ਪਰ ਉਹ ਬਹੁਤ ਖੁਸ਼ ਹੋ ਕੇ ਮਿਲੀ। ਉਹਦਾ ਘਰ ਬੜਾ ਸ਼ਾਨਦਾਰ ਸੀ। ਉਹਦੀ ਸਜਾਵਟ 'ਚ ਸੁਹਜ ਸੁਆਦਾਂ ਦਾ ਦਖਲ ਸੀ। ਬਹਿਣ ਵਾਲੀ ਥਾਂ ਦੇ ਇਕ ਪਾਸੇ ਉੱਚੇ ਪੈਡਸਟਰਲ 'ਤੇ ਖੜ੍ਹੇ ਲੈਂਪ ਸ਼ੇਡ 'ਤੇ ਅੰਮ੍ਰਿਤਾ ਦੀ ਕਵਿਤਾ ਦਾ ਇਕ ਟੁਕੜਾ ਲਿਖਿਆ ਹੋਇਆ ਸੀ। ਜੀਹਦੇ ਵਿਚ ਜ਼ਿੰਦਗੀ ਨੂੰ

ਸਿਗਰਟ ਕਿਹਾ ਗਿਆ ਸੀ ਤੇ ਜੀਹਨੂੰ ਉਹ ਆਖਰੀ ਟੋਟੇ ਤਕ ਪੀਣਾ ਚਾਹੁੰਦੀ ਸੀ। ਉਹਨੇ ਤੇ ਇਮਰੋਜ਼ ਨੇ ਹਰ ਥਾਂ 'ਤੇ ਹਰ ਸ਼ੈ ਨੂੰ ਸਜਾ ਕੇ ਘਰ ਨੂੰ ਚੰਗਾ ਖਾਸਾ ਅਜਾਇਬ ਘਰ ਬਣਾਇਆ ਹੋਇਆ ਸੀ।

ਬੈਠ ਕੇ ਗੱਲਾਂ ਕਰਨ ਲੱਗੇ ਤਾਂ ਅੰਮ੍ਰਿਤਾ ਨੇ ਚਾਹ ਦੀ ਥਾਂ ਸ਼ਰਾਬ ਦੀ ਸ਼ੀਸ਼ੀ ਤੇ ਕੁੱਬੀਆਂ ਗਲਾਸੀਆਂ ਮੰਗਵਾ ਲਈਆਂ। ਪੈੱਗ ਪਾਉਣ ਲੱਗੀ। ਮੈਂ ਸਿਗਰਟਾਂ ਦੇ ਪੈਕਟ ਪੇਸ਼ ਕੀਤੇ। ਉਹਨੇ ਰੱਖ ਲਏ ਤੇ ਇਹ ਵੀ ਦੱਸ ਦਿੱਤਾ ਕਿ ਇਹ ਉਹਦਾ ਬਰਾਂਡ ਨਹੀਂ। ਉਹ ਮੇਰਾ ਵੀ ਬਰਾਂਡ ਨਹੀਂ ਸੀ। ਮੈਂ ਸਖ਼ਤ ਕਿਸਮ ਦੀ ਸਸਤੀ ਸਿਗਰਟ ਚਾਰ ਮੀਨਾਰ ਪੀਂਦਾ ਸੀ। ਪੈੱਗ ਪੀਣ ਲੱਗੇ ਤਾਂ ਬੈੱਲ ਹੋਈ। ਮੀਸ਼ਾ ਪੌੜੀਆਂ ਚੜ੍ਹ ਆਇਆ। ਮੈਨੂੰ ਹੁਣ ਯਾਦ ਨਹੀਂ ਕਿ ਮੈਂ ਮੀਸ਼ੇ ਦੀਆਂ ਬਦਖੋਈਆਂ ਕਰ ਰਿਹਾ ਸੀ ਜਾਂ ਉਹਦੇ ਆਉਣ 'ਤੇ ਉਹਨੂੰ ਮਖੌਲ 'ਚ ਬੁਜ਼ਦਿਲ ਕਿਹਾ ਸੀ। ਪਰ ਅਸੀਂ ਦਾਰੂ ਸਿਗਰਟਾਂ ਪੀਂਦਿਆਂ ਜਿਹੜੀਆਂ ਗੱਲਾਂ ਕੀਤੀਆਂ, ਉਹਦੀ ਰਿਪੋਰਟ ਅੰਮ੍ਰਿਤਾ ਨੇ 'ਨਾਗਮਣੀ' ਦੇ ਨਵੇਂ ਅੰਕ 'ਚ ਇਕ ਸ਼ਾਮ 'ਹੱਕ ਦੇ ਨਾਂ' ਕਾਲਮ ਵਿਚ ਛਾਪ ਦਿੱਤੀ ਸੀ। ਉਹਦੇ ਵਿਚ ਅੰਮ੍ਰਿਤਾ ਨੇ ਇਹ ਲਿਖਿਆ," ਏਨੇ ਨੂੰ ਬੂਹਾ ਖੁੱਲ੍ਹਿਆ- ਸਾਹਮਣੇ ਮੀਸ਼ਾ ਸੀ। ਮੈਂ ਪ੍ਰੇਮ ਪ੍ਰਕਾਸ਼ ਵੱਲ ਤੱਕੀ,"ਤੂੰ ਹੁਣੇ ਮੀਸ਼ੇ ਨੂੰ ਬੁਜ਼ਦਿਲ ਆਖਿਆ ਸੀ, ਬੁਜ਼ਦਿਲ ਕਾਹਨੂੰ, ਡੈਵਿਲ ਆਖਣਾ ਸੀ, ਥਿੰਕ ਆਫ ਦੀ ਡੈਵਿਲ, ਐਂਡ ਹੀ ਇਜ਼ ਦੇਅਰ.. ..।"

ਅੰਮ੍ਰਿਤਾ ਨੇ ਮੈਨੂੰ ਦੱਸ ਦਿੱਤਾ ਸੀ ਕਿ ਉਹਨੇ ਕਈ ਗੱਲਾਂ ਦਾ ਲਹਿਜਾ ਗੱਲ ਸੁਆਦੀ ਬਨਾਉਣ ਲਈ ਬਦਲ ਦੇਣਾ ਏ। ਕਿਉਂਕਿ ਉਹ ਮੇਰਾ ਸਖਤ ਲਹਿਜਾ ਉਂਜੇ ਨਹੀਂ ਲਿਖ ਸਕਦੀ। .. ਦੋ ਪੰਨਿਆਂ ਦੇ ਉਸ ਲੇਖ 'ਚ ਅਸੀਂ ਸਾਹਿਤ, ਸਾਹਿਤਕਾਰਾਂ ਤੇ ਸਾਹਿਤ ਦੀ ਸਿਆਸਤ ਬਾਰੇ ਬੜੀਆਂ ਕੌੜੀਆਂ ਕਸੈਲੀਆਂ ਗੱਲਾਂ ਕੀਤੀਆਂ ਸਨ। ਪਰ ਵਧੀਆ ਦਾਰੂ ਤੇ ਵਧੀਆ ਸੰਗਤ ਦੇ ਸੁਆਦ ਨੇ ਸਾਨੂੰ ਸਭ ਤੋਂ ਬੇਨਿਆਜ਼ ਕਰ ਦਿੱਤਾ ਸੀ।

ਸਾਡੀਆਂ ਗੱਲਾਂ ਬਹੁਤੀਆਂ ਸਾਹਿਤ 'ਚ ਗੁਟਬੰਦੀ, ਪ੍ਰਗਤੀਵਾਦੀਆਂ ਖਾਸ ਕਰ ਕੇ ਸੰਤ ਸਿੰਘ ਸੇਖੋਂ ਦੇ ਜੱਟਵਾਦ ਦੇ ਖਿਲਾਫ ਸਨ। ਜਿਹੜੀਆਂ ਅੰਮ੍ਰਿਤਾ ਨੂੰ ਫਿੱਟ ਬਹਿੰਦੀਆਂ ਸਨ। .. ਉਂਜ ਮੈਂ ਜਾਣਦਾ ਸੀ ਕਿ ਅੰਮ੍ਰਿਤਾ ਵੀ ਇਹੋ ਕੰਮ ਕਰਦੀ ਏ। ਮੈਂ ਆਪਣੇ ਤੌਰ 'ਤੇ ਉਹਦੀ ਗਲਪ ਨੂੰ ਪਸੰਦ ਨਹੀਂ ਸੀ ਕਰਦਾ। ਮੈਂ ਉਹਦਾ ਨਾਵਲ ਪੜ੍ਹ ਹੀ ਨਹੀਂ ਸੀ ਸਕਿਆ। ਕਵਿਤਾ ਤਾਂ ਫੇਰ ਉਹ ਨਵੀਂ ਕਿਸਮ ਦੀ ਲਿਖਦੀ ਸੀ। ਇਹਦੇ ਨਾਲ ਈ ਪੰਜਾਬ 'ਚ ਨਕਸਲੀ ਲਹਿਰ ਚੱਲਣ ਕਰ ਕੇ ਮੈਂ ਉਹਦੀ ਸੋਚ ਦਾ ਵੀ ਵਿਰੋਧੀ ਹੋ ਗਿਆ ਸੀ।

ਫੇਰ ਇਕ ਅਜਿਹੀ ਘਟਨਾ ਹੋ ਗਈ ਕਿ ਅੰਮ੍ਰਿਤਾ ਨੇ ਮੇਰਾ ਨਾਂ ਆਪਣੇ ਜਾਣੂੰਆਂ ਦੀ ਲਿਸਟ ਵਿਚੋਂ ਕੱਟ ਦਿੱਤਾ।.. ਹੋਇਆ ਇਹ ਕਿ ਮੈਂ ਜੂਨ 1971 'ਚ 'ਲਕੀਰ' ਲਈ ਪਟਿਆਲੇ ਦਲੀਪ ਕੌਰ ਟਿਵਾਣਾ ਦੇ ਘਰ ਜਾ ਕੇ ਉਹਦਾ ਇੰਟਰਵਿਊ ਲਾਲੀ ਤੋਂ ਕਰਵਾ ਕੇ ਛਾਪ ਦਿੱਤਾ। ਜੀਹਦੇ ਵਿਚ ਉਹਨੇ ਕਿਹਾ ਸੀ ਕਿ ਉਹਦੇ ਸਾਹਿਤ ਦਾ ਮੁੱਲ ਸੌ ਸਾਲ ਬਾਅਦ ਪਵੇਗਾ। ਮੈਂ ਇਹੀ ਸਿਰਲੇਖ ਬਣਾ ਦਿੱਤਾ।.. ਪਰ 1972 'ਚ ਦਲੀਪ ਕੌਰ ਟਿਵਾਣਾ ਨੂੰ ਸਾਹਿਤਯ ਅਕਾਦਮੀ ਦਾ ਇਨਾਮ ਮਿਲ ਗਿਆ। ਜੀਹਨੇ ਸਾਡੇ ਚਾਰ ਦੋਸਤਾਂ 'ਚ ਤਲਖੀ ਪੈਦਾ ਕਰ ਦਿੱਤੀ। .. ਹੋਇਆ ਇਹ ਕਿ ਦਲੀਪ ਕੌਰ ਟਿਵਾਣਾ ਨੇ ਇਨਾਮ ਦੇ ਐਲਾਨ ਬਾਅਦ ਕਿਹਾ ਕਿ ਉਹਨੂੰ ਹੁਣੇ ਰੇਡਿਓ ਦੀ ਖਬਰ ਤੋਂ ਪਤਾ ਲੱਗਿਆ ਏ। ਪਰ ਏਸ ਤੋਂ ਇਕ ਦਿਨ ਪਹਿਲਾਂ ਮੈਨੂੰ ਮੀਸ਼ਾ ਨੇ ਚੰਡੀਗੜ੍ਹ ਤੋਂ ਆ ਕੇ ਦੱਸ ਦਿੱਤਾ ਸੀ ਕਿ ਇਨਾਮ ਟਿਵਾਣਾ ਨੂੰ ਦੇਣ ਦਾ ਫੈਸਲਾ ਹੋ ਗਿਆ ਏ। ਫੈਸਲੇ ਵਾਲੀ ਮੀਟਿੰਗ 26 ਫਰਵਰੀ ਨੂੰ ਹੋਈ। 28 ਫਰਵਰੀ ਨੂੰ ਅੰਮ੍ਰਿਤਾ ਨੇ ਪਟਿਆਲੇ ਜਾਣ ਦਾ ਮਿਥਿਆ ਹੋਇਆ ਸੀ। ਜਿਥੇ



ਦਲੀਪ ਕੌਰ ਟਿਵਾਣਾ ਨੇ ਉਹਦਾ ਸਨਮਾਨ ਸਮਾਗਮ ਕਰਾਉਣ ਦਾ ਨਿਸ਼ਚਿਤ ਕੀਤਾ ਹੋਇਆ ਸੀ। ਏਸੇ ਲਈ ਅੰਮ੍ਰਿਤਾ ਨੇ ਚੰਡੀਗੜ੍ਹ 'ਚ 26 ਫਰਵਰੀ ਨੂੰ ਹੋਣ ਵਾਲਾ ਕਵੀ ਦਰਬਾਰ 27 ਲਈ ਮੁਲਤਵੀ ਕਰਾ ਲਿਆ ਸੀ। ਉਸ ਕਵੀ ਦਰਬਾਰ ਵਿਚ ਅੰਮ੍ਰਿਤਾ ਨੇ ਸਰੋਤਿਆਂ ਨੂੰ ਵਧਾਈ ਦੇਂਦਿਆਂ ਟਿਵਾਣਾ ਨੂੰ ਇਨਾਮ ਮਿਲਣ ਦੀ ਵਧਾਈ ਦਿੱਤੀ। ਓਦੋਂ ਤਕ ਸਰਕਾਰੀ ਐਲਾਨ ਨਹੀਂ ਸੀ ਹੋਇਆ। (ਇਹ ਵੇਰਵੇ ਲਕੀਰ- ਅੰਕ13 ਤੇ14 ਵਿਚੋਂ)

ਬਸ, ਏਸੇ ਗੱਲ 'ਤੇ ਦਲੀਪ ਕੌਰ ਟਿਵਾਣਾ ਤੇ ਅੰਮ੍ਰਿਤਾ ਮੇਰੇ ਨਾਲ ਨਰਾਜ਼ ਹੋ ਗਈਆਂ। ਨਾਲੇ ਉਹਨਾਂ ਨੇ ਮੀਸ਼ੇ ਦੀ ਕੁਪੱਤ ਕੀਤੀ। ਮੀਸ਼ਾ ਮੇਰੇ ਨਾਲ ਗੁੱਸੇ ਹੋ ਗਿਆ। ਉਹਨੇ ਗਿਲਾ ਕੀਤਾ ਕਿ ਮੈਂ ਉਹਦਾ ਨਾਂ ਕਿਉਂ ਲਿਆ। ਇਹੀ ਦੋਸਤੀ ਏ ਜਾਂ ਦੁਸ਼ਮਣੀ ? ਪ੍ਰਾਈਵੇਸੀ ਵੀ ਕੋਈ ਚੀਜ਼ ਹੁੰਦੀ ਏ। ਸਾਡਾ ਮਿਲਣਾ ਬੰਦ। .. ਮਰਦ ਨਰਾਜ਼ਗੀਆਂ ਛੱਡ ਦੇਂਦੇ ਨੇ, ਪਰ ਜ਼ਨਾਨੀਆਂ ਦਾ ਹਠ ਬੜਾ ਕਠੋਰ ਹੁੰਦਾ ਏ। .. ਇਹਦੇ ਵਿਚ ਕੁਝ ਗਲਤੀ ਮੇਰੀ ਵੀ ਸੀ ਕਿ ਮੈਂ ਛੋਟੀਆਂ ਗੱਲਾਂ ਨੂੰ ਵੱਡੀਆਂ ਬਣਾ ਕੇ ਪੇਸ਼ ਕਰਦਾ ਰਿਹਾ ਸੀ। ਓਹਲੇ ਦੀਆਂ ਗੱਲਾਂ ਆਮ ਕਰ ਦਿੱਤੀਆਂ ਸਨ।

ਇਹਦੇ ਬਾਅਦ ਅੰਮ੍ਰਿਤਾ ਸਿਆਸੀ ਪੌੜੀ ਚੜ੍ਹਦੀ ਇੰਦਰਾ ਗਾਂਧੀ ਦੇ ਘਰ ਤਕ ਚਲੀ ਗਈ ਤੇ ਸਾਹਿਤਯ ਅਕਾਦਮੀ ਦੀ ਡਿਕਟੇਟਰ ਬਣ ਬੈਠੀ। ਇਨਾਮ ਉਹਦੀ ਮਰਜ਼ੀ 'ਤੇ ਹੋ ਗਿਆ। ਪਰ ਫੇਰ ਜਦ ਉਹਨੇ ਅੱਤਵਾਦ ਦੇ ਸਮੇਂ 'ਚ ਅੱਤਵਾਦੀਆਂ ਦੀਆਂ ਧਮਕੀਆਂ ਤੋਂ ਡਰ ਕੇ ਐਵਾਰਡ ਹਰਿੰਦਰ ਸਿੰਘ ਮਹਿਬੂਬ ਨੂੰ ਦੇ ਦਿੱਤਾ, ਤਦ ਉਹਦੀਆਂ ਖਾਲਿਸਤਾਨੀ ਕਵਿਤਾਵਾਂ ਦਾ ਰੌਲਾ ਪਿਆ। ਅੰਮ੍ਰਿਤਾ ਨੇ ਕਹਿ ਦਿੱਤਾ ਕਿ ਉਹਨੇ ਉਹ ਕਵਿਤਾਵਾਂ ਪੜ੍ਹੀਆਂ ਹੀ ਨਹੀਂ। ਏਸ ਰੌਲ਼ੇ ਗੌਲ਼ੇ 'ਚ ਸਾਰੀਆਂ ਭਾਸ਼ਾਵਾਂ ਦੇ ਬੋਰਡਾਂ ਦੇ ਪ੍ਰਧਾਨਾਂ ਦੀ ਵੀਟੋ ਪਾਵਰ ਖੁੱਸ ਗਈ ਤੇ ਅਗਲੇ ਸਾਲ ਦੀ ਮੀਟਿੰਗ 'ਚ ਅੰਮ੍ਰਿਤਾ ਨੇ ਸ਼ਾਮਲ ਹੋਣ ਤੋਂ ਅਚਾਨਕ ਇਨਕਾਰ ਕਰ ਦਿੱਤਾ। ਉਹਦੀ ਥਾਂ ਐਮਰਜੈਂਸੀ 'ਚ ਸੰਤ ਸਿੰਘ ਸੇਖੋਂ ਨੂੰ ਪਾ ਲਿਆ ਗਿਆ। ਜੀਹਦਾ ਮੈਨੂੰ ਇਹ ਫੈਦਾ ਹੋ ਗਿਆ ਕਿ ਐਵਾਰਡ ਮੈਨੂੰ ਮਿਲ ਗਿਆ।

ਉਹਨਾਂ ਦਿਨਾਂ 'ਚ ਇਹ ਇਨਕਸ਼ਾਫ ਸਭ ਤੋਂ ਪਹਿਲਾਂ ਖੁਸ਼ਵੰਤ ਸਿੰਘ ਨੇ ਕੀਤਾ ਕਿ ਅੰਮ੍ਰਿਤਾ ਨੂੰ ਜਦੋਂ ਸਾਹਿਤ ਅਕਾਦਮੀ ਐਵਾਰਡ ਮਿਲਿਆ ਤਾਂ ਉਹ ਪੰਜਾਬੀ ਬੋਰਡ ਦੀ ਪ੍ਰਧਾਨ ਸੀ। ਜਿਊਰੀ ਦੀ ਮੀਟਿੰਗ 'ਚ ਬੈਠੀ ਸੀ। ਉਹਨੇ ਆਪਣੇ ਆਪ ਨੂੰ ਐਵਾਰਡ ਦਿਵਾਣ ਲਈ ਆਪਣੀ ਕਾਸਟਿੰਗ ਵੋਟ ਆਪਣੇ ਹੱਕ ਵਿਚ ਪਾਈ ਸੀ। ਤਦ ਤੋਂ ਈ ਖੁਸ਼ਵੰਤ ਸਿੰਘ ਉਹਦੇ ਖਿਲਾਫ ਸੀ। ਹੈਰਾਨੀ ਦੀ ਗੱਲ ਇਹ ਕਿ ਹੋਰ ਕਿਸੇ ਪੰਜਾਬੀ ਲੇਖਕ ਨੇ ਏਸ 'ਤੇ ਏਤਰਾਜ਼ ਨਹੀਂ ਕੀਤਾ। ਦੁੱਗਲ, ਸੇਖੋਂ ਤੇ ਵਿਰਕ ਨੂੰ ਤਾਂ ਖਬਰ ਹੋਵੇਗੀ!

ਅੰਮ੍ਰਿਤਾ ਨਾਲ ਮੇਰੀ ਤੀਜੀ ਮੁਲਾਕਾਤ ਮੇਰੀ ਮਜਬੂਰੀ ਕਰ ਕੇ ਹੋਈ। ਮੈਂ ਆਪਣੇ ਸਾਹਿਤ-ਰਸੀਏ ਦੋਸਤ ਪ੍ਰਿਯ ਵ੍ਰਤ ਨਾਲ ਦਿੱਲੀ ਗਿਆ ਸੀ। ਉਹ ਮੇਰੇ ਖਹਿੜੇ ਪੈ ਗਿਆ ਕਿ ਅੰਮ੍ਰਿਤਾ ਨੂੰ ਮਿਲਣਾ ਏ। ਮੈਂ ਬਥੇਰਾ ਕਿਹਾ ਕਿ ਭਾਈ ਉਹ ਮੇਰੇ ਨਾਲ ਸੁਰ ਨਹੀਂ। ਉਹ ਮੰਨੇ ਈ ਨਾ। ਅੰਤ ਨੂੰ ਉਹਨੇ ਫੋਨ ਮਿਲਾ ਲਿਆ। ਮੈਂ ਅੰਮ੍ਰਿਤਾ ਨੂੰ ਕਿਹਾ ਕਿ ਮੈਨੂੰ ਦਿੱਲੀ ਆਉਣ ਦਾ ਸਬੱਬ ਬਣ ਗਿਆ ਏ। ਮੇਰੇ ਨਾਲ ਮੇਰਾ ਦੋਸਤ ਏ। ਇਹ ਤੁਹਾਨੂੰ ਮਿਲਣ ਨੂੰ ਕਾਹਲਾ ਏ। ਦੱਸੋ, ਕਦੋਂ ਆਈਏ। ਉਹਨੇ ਚਾਰ ਵਜੇ ਦਾ ਟਾਈਮ ਦਿੱਤਾ। ਅਸੀਂ ਸਾਢੇ ਚਾਰ ਪਹੁੰਚ ਸਕੇ।

ਅੰਮ੍ਰਿਤਾ ਬੈੱਡ 'ਤੇ ਆਰਾਮ ਕਰ ਰਹੀ ਸੀ। ਸਾਡੇ ਅੱਧਾ ਘੰਟਾ ਲੇਟ ਆਉਣ 'ਤੇ ਉਹਦੇ ਮੱਥੇ 'ਤੇ ਤਿਊੜੀ ਸੀ। ਇਮਰੋਜ਼ ਨੇ ਚਾਹ ਬਣਾਈ। ਅਸੀਂ ਗੱਲਾਂ ਕਰਦੇ ਰਹੇ। ਏਸ ਦੌਰਾਨ 'ਚ ਅੰਮ੍ਰਿਤਾ ਨੇ ਦੋ ਵਾਰ ਮੇਰਾ ਨਾਂ ਓਮ ਪ੍ਰਕਾਸ਼ ਕਰ ਕੇ ਲਿਆ। ਜਿਸ ਦੀ ਸੁਧਾਈ ਇਮਰੋਜ਼ ਨੇ ਦੋਵੇਂ ਵਾਰ ਕੀਤੀ।

ਮੈਨੂੰ ਲੱਗਿਆ ਕਿ ਕਵਿੱਤਰੀ ਦੀ ਯਾਦ-ਸ਼ਕਤੀ ਕਮਜ਼ੋਰ ਹੋਣ ਲੱਗ ਪਈ ਏ। ਫੇਰ ਅਸੀਂ ਜ਼ਿਆਦਾ ਗੱਲਾਂ ਨਾ ਕਰ ਸਕੇ। ਪ੍ਰਿਯ ਵ੍ਰਤ ਨੂੰ ਇਮਰੋਜ਼ ਕੁਝ ਵੱਧ ਈ ਭਾਅ ਗਿਆ। ਉਹ ਆਪਣਾ ਕਮਰਾ, ਕਿਤਾਬਾਂ ਤੇ ਚਿਤਰ ਵਿਖਾਉਂਦਾ ਰਿਹਾ। ਦੋਵੇਂ ਜੁਮਲੇਬਾਜ਼ੀ, ਸ਼ਿਅਰਬਾਜ਼ੀ ਤੇ ਚੁਟਕਲੇਬਾਜ਼ੀ ਕਰਦੇ ਰਹੇ। ਅਸੀਂ ਉਹਦੇ ਨਾਲ ਈ ਦੋ ਘੰਟੇ ਗੁਜ਼ਾਰ ਕੇ ਮੁੜ ਆਏ।

ਏਸ ਤੋਂ ਬਾਅਦ ਸ਼ਾਇਦ ਇਕ ਨਿੱਕੀ ਜਿਹੀ ਮੁਲਾਕਾਤ ਓਦੋਂ ਹੋਈ ਸੀ ਜਦ ਮੈਂ ਆਪਣੀ ਪੁਸਤਕ 'ਕਥਾ ਅਨੰਤ' ਛਪਵਾਣ ਲਈ ਭਾਪਾ ਪ੍ਰੀਤਮ ਸਿੰਘ ਕੋਲ ਗਿਆ ਸੀ। ਮੇਰੇ ਨਾਲ ਨਵਾਂ ਕਹਾਣੀਕਾਰ ਜਿੰਦਰ ਵੀ ਸੀ। ਅਸੀਂ ਪਰੂਫਾਂ ਦਾ ਕੰਮ ਕਰ ਕੇ ਅੰਮ੍ਰਿਤਾ ਦੇ ਘਰ ਗਏ ਸੀ। ਜਿਥੇ ਅੰਮ੍ਰਿਤਾ ਨਾਲ ਘੱਟ ਈ ਗੱਲਾਂ ਹੋਈਆਂ ਸਨ, ਬਹੁਤੀਆਂ ਉਹਦੇ ਚਿਤਰਕਾਰ ਦੋਸਤ ਇਮਰੋਜ਼ ਨਾਲ ਈ ਹੋਈਆਂ। ਅਸਲ 'ਚ ਸਾਨੂੰ ਦੋਹਾਂ ਨੂੰ ਇਕ ਦੂਜੇ ਵਿਚ ਦਿਲਚਸਪੀ ਘਟ ਗਈ ਸੀ।

ਏਸ ਦੇ ਬਾਅਦ ਅੰਮ੍ਰਿਤਾ ਉੱਤੇ ਦੁੱਖ ਆਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕਦੇ ਮੋਢਾ ਉੱਤਰ ਗਿਆ ਤੇ ਕਦੇ ਬਾਂਹ। ਉਹ ਜਿਯੋਤਿਸ਼ੀਆਂ ਦੇ ਚੱਕਰ 'ਚ ਅਜਿਹੀ ਪਈ ਕਿ ਪੁੱਠਾ ਚੱਕਰ ਖਾ ਗਈ। ਕਵੀ ਕ੍ਰਿਸ਼ਣ ਅਸ਼ਾਂਤ ਨਾਲ ਮਿਲ ਕੇ ਜਿਓਤਿਸ਼ ਬਾਰੇ ਕਿਤਾਬ ਹੀ ਲਿਖ ਮਾਰੀ। ਫੇਰ ਵਿਚਾਰੀ ਸੱਤਾਂ ਸਾਲਾਂ ਦਾ ਨਰਕ ਭੋਗ ਕੇ ਮਸਾਂ ਮਰੀ।

2005 ਦੀਆਂ ਗਰਮੀਆਂ 'ਚ ਮੈਂ ਦਿੱਲੀ ਗਿਆ ਤਾਂ ਕ੍ਰਿਸ਼ਣ ਅਸ਼ਾਂਤ ਨੂੰ ਮਿਲਿਆ। ਉਹਨੇ ਭਗਵੇਂ ਕੱਪੜੇ ਪਾਏ ਹੋਏ ਸੀ। ਗਲ਼ 'ਚ ਸੋਨੇ ਦੀ ਸੰਗਲੀ ਸੀ। ਕੰਨਾਂ 'ਚ ਵੱਡੀਆਂ ਮੁੰਦਰਾਂ। ਉਹਨਾਂ ਮੁੰਦਰਾਂ ਵਿਚ ਨਿੱਕੀਆਂ ਮੁੰਦਰਾਂ। ਜਿਨ੍ਹਾਂ ਵਿਚ ਰੁੱਦਰਾਕਸ਼ ਦੇ ਮਣਕੇ ਲਟਕਦੇ ਸਨ। ..ਮੈਨੂੰ ਪਛਾਣ ਕੇ ਬੜੇ ਪਿਆਰ ਨਾਲ ਮਿਲਿਆ। ਉਹਦੀਆਂ ਅੱਖਾਂ ਤੋਂ ਮੈਨੂੰ ਉਹਦੀ ਮਾਨਸਿਕ ਸਿਹਤ ਠੀਕ ਨਹੀਂ ਸੀ ਲੱਗਦੀ। ਉਂਜ ਪੈਸੇ ਤੇ ਟੱਬਰ ਵੱਲੋਂ ਉਹ ਸੁੱਖ ਭੋਗ ਰਿਹਾ ਸੀ। ਮੈਂ ਉਹਨੂੰ ਪੁੱਛਿਆ ਕਿ ਤੂੰ ਅੰਮ੍ਰਿਤਾ ਨਾਲ ਰਲ਼ ਕੇ ਜਿਓਤਿਸ਼ ਅਜ਼ਮਾਇਆ। ਤੈਨੂੰ ਏਸ ਗੱਲ ਦਾ ਪਤਾ ਕਿਉਂ ਨਾ ਲੱਗਿਆ ਕਿ ਉਹ ਆਖਰੀ ਉਮਰੇ ਏਨਾ ਨਰਕ ਭੋਗ ਕੇ ਮਰੂਗੀ ?

ਅਸ਼ਾਂਤ ਕਹਿੰਦਾ,"ਉਹ ਝੂਠ ਬੋਲਦੀ ਸੀ।"

"ਫੇਰ ਤੈਂ ਆਪਣੇ ਲਾਲ ਕਿਤਾਬ ਵਾਲੇ ਜਿਓਤਿਸ਼ ਨਾਲ ਉਹਦਾ ਝੂਠ ਕਿਉਂ ਨਾ ਫੜਿਆ ?"

" ਜਦ ਮੈਂ ਪੁੱਛਦਾ ਸੀ ਕਿ ਇਹ ਘਟਨਾ ਤੇਰੇ ਨਾਲ ਬੀਤੀ ? ਤਾਂ ਉਹ ਸੱਚ ਨਹੀਂ ਸੀ ਦੱਸਦੀ।"

" ਤਾਂ ਉਹਦੀ ਆਤਮਕਥਾ 'ਰਸੀਦੀ ਟਿਕਟ' ਸਾਰੀ ਝੂਠ ਏ ?"

" ਮੇਰੇ ਹਿਸਾਬ ਨਾਲ.. ਪਰ ਮੈਂ ਉਹਨੂੰ ਕਹਿ ਨਾ ਸਕਿਆ।"

ਮੈਨੂੰ ਕ੍ਰਿਸ਼ਣ ਅਸ਼ਾਂਤ ਦੇ ਘਰੋਂ ਭੱਜਣਾ ਪਿਆ। ਮੇਰੀ ਰੈਜ਼ਰਵੇਸ਼ਨ ਵਾਲੀ ਗੱਡੀ ਦੇ ਜਾਣ ਦਾ ਸਮਾਂ ਹੋ ਗਿਆ ਸੀ।

ਦਸੰਬਰ 2006



## ਰੁੱਖਾਂ ਦੇ ਨਿਸ਼ਾਨ/ਰਾਮ ਸਰੂਪ ਅਣਖੀ

'ਦੋਸਤੀ' ਸ਼ਬਦ ਪਤਾ ਨਹੀਂ ਕਿੰਨਾ ਕੁ ਪੁਰਾਣਾ ਹੈ, ਪਰ ਇਹਦੇ ਬਾਰੇ ਇਕ ਤੱਥ ਸਪੱਸ਼ਟ ਹੈ ਕਿ ਦੋਸਤੀ ਕਿਸੇ ਨਾਲ ਪਤਾ ਨਹੀਂ ਕਦੋਂ ਹੋ ਜਾਂਦੀ ਹੈ ਅਤੇ ਫੇਰ ਪਤਾ ਨਹੀਂ ਕਦੋਂ ਟੁੱਟ ਜਾਂਦੀ ਹੈ।

ਜਿਉਂ-ਜਿਉਂ ਮੇਰੀ ਉਮਰ ਵੱਡੀ ਹੁੰਦੀ ਜਾਂਦੀ ਹੈ, ਮੇਰੇ ਦੋਸਤਾਂ ਦਾ ਘੇਰਾ ਤੰਗ ਹੁੰਦਾ ਜਾ ਰਿਹਾ ਹੈ। ਕਿੰਨੇ ਸਾਰੇ ਪੁਰਾਣੇ ਦੋਸਤ ਅਕਾਰਨ ਹੀ ਮੈਥੋਂ ਦੂਰ ਹੁੰਦੇ ਗਏ ਜਾਂ ਮੈਂ ਉਨ੍ਹਾਂ ਤੋਂ ਕਿਨਾਰਾ ਕਰਦਾ ਗਿਆ। ਜਦੋਂ ਕੋਈ ਦੋਸਤ ਅਚਾਨਕ ਹੀ ਰੁਸ ਬਹਿੰਦਾ ਹੈ ਜਾਂ ਗੁੱਸੇ ਹੋ ਜਾਂਦਾ ਹੈ ਤਾਂ ਮਨ ਬਹੁਤ ਦੁੱਖੀ ਹੁੰਦਾ ਹੈ। ਖਾਸਾ ਦੁੱਖ ਮੰਨਦਾ ਹਾਂ ਮੈਂ ਪਰ ਹੌਲੀ-ਹੌਲੀ ਮਨ ਸਮਝਣ ਲੱਗਦਾ ਹੈ। ਵਕਤ ਬੀਤਦੇ-ਬੀਤਦੇ ਉਹ ਤੀਖਣ ਅਹਿਸਾਸ ਚਾਹੇ ਬਾਕੀ ਨਹੀਂ ਰਹਿੰਦਾ, ਪਰ ਕਦੇ-ਕਦੇ ਟੀਸ ਜਿਹੀ ਉੱਠਦੀ ਹੈ ਅਤੇ ਚੀਕ ਮਾਰਨ ਨੂੰ ਜੀਅ ਕਰਦਾ ਹੈ। ਕਦੇ ਸੋਚੀਂਦਾ ਹੈ ਕਿ ਮੇਰੇ ਆਪਣੇ ਵਿੱਚ ਹੀ ਕੋਈ ਨੁਕਸ ਹੋਵੇਗਾ, ਤਦ ਹੀ ਉਹ ਮੈਨੂੰ ਛੱਡ ਗਿਆ। ਪਰ ਇਹ ਵੀ ਨਹੀਂ। ਕਈ ਵਿਛੜ ਗਏ ਦੋਸਤਾਂ ਦਾ ਪਤਾ, ਉਹਨਾਂ ਦੀ ਅਸਲੀਅਤ, ਮੈਨੂੰ ਕਈ ਦਹਾਕਿਆਂ ਬਾਅਦ ਲੱਗਿਆ ਸੀ ਅਤੇ ਫੇਰ ਮੈਂ ਉਨ੍ਹਾਂ ਤੋਂ ਦੂਰ ਹੋ ਗਿਆ। ਮੇਰੀ ਪਤਨੀ ਸ਼ੋਭਾ ਅਕਸਰ ਹੀ ਮੈਨੂੰ ਆਖਦੀ ਰਹਿੰਦੀ ਹੈ ਕਿ ਤੈਨੂੰ ਬੰਦਿਆਂ ਬਾਰੇ ਬਹੁਤ ਦੇਰ ਬਾਅਦ ਜਾ ਕੇ ਪਤਾ ਲੱਗਦਾ ਹੈ। ਇੱਥੋਂ ਤੱਕ ਕਹਿ ਦਿੰਦੀ ਹੈ ਕਿ ਮੈਂ ਭੋਲਾ ਨਹੀਂ। ਬੇਵਕੂਫ਼ ਵੀ ਹਾਂ।

ਪਰ ਸ਼ੋਭਾ ਨੂੰ ਇਹ ਗਿਆਨ ਸ਼ਾਇਦ ਨਹੀਂ ਹੋਵੇਗਾ ਕਿ ਜਿਸ ਨੂੰ ਪਿਆਰ ਕਰਦੇ ਹੋਈਏ, ਉਹਦੇ ਨੁਕਸਾਂ ਦਾ ਪਤਾ ਨਹੀਂ ਲੱਗਦਾ। ਮੈਂ ਜਿਸ ਨੂੰ ਵੀ ਪਿਆਰ ਕੀਤਾ ਸੌ ਫੀਸਦੀ ਕੀਤਾ ਤੇ ਫੇਰ ਜਿਸ ਕਿਸੇ ਨੂੰ ਨਫ਼ਰਤ ਕੀਤੀ ਉਹ ਵੀ ਸੌ ਫੀਸਦੀ। ਮੇਰੇ ਕੋਲੋਂ ਵਿਚ-ਵਿਚਾਲਾ ਕਦੇ ਵੀ ਨਹੀਂ ਹੋਇਆ।

ਇਕ ਮਿੱਤਰ ਦੀ ਗੱਲ ਸੁਣਾਉਂਦਾ ਹਾਂ। ਮੇਰੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਕਿ ਉਹ ਕਦੇ ਮੇਰੇ ਨਾਲ ਗੁੱਸੇ ਹੋ ਕੇ ਇੰਜ ਮੈਨੂੰ ਛੱਡ ਜਾਏਗਾ। ਮੈਂ ਉਹਦੀਆਂ ਮਿਸਾਲਾਂ ਦਿੰਦਾ ਹੁੰਦਾ ਕਿ ਉਹ ਭਾਵੇਂ ਪੰਜ-ਪੰਜ ਸਾਲ ਮੈਨੂੰ ਚਿੱਠੀ ਨਾ ਲਿਖੇ, ਦਸ-ਦਸ ਸਾਲਾਂ ਪਿੱਛੋਂ ਵੀ ਮਿਲੇ, ਪਰ ਦੋਸਤੀ ਕਾਇਮ ਰੱਖਦਾ ਹੈ। ਜਦੋਂ ਵੀ ਮਿਲਦਾ ਹੈ, ਰੱਜ ਕੇ ਮਿਲਦਾ ਹੈ। ਚਿੱਠੀ ਲਿਖੇ ਤਾਂ ਦੋ-ਦੋ, ਤਿੰਨ-ਤਿੰਨ ਸਫਿਆਂ ਦਾ ਆਪਣਾ ਸਾਰਾ ਹਾਲ ਦੱਸਦਾ ਹੈ, ਮੇਰੇ ਸਾਰੇ ਪਰਿਵਾਰ ਬਾਰੇ ਪੁੱਛਦਾ ਹੈ। ਉਹਦੀ ਦੋਸਤੀ ਕਿੰਨੀ ਪੁਰਾਣੀ ਹੈ ਅਤੇ ਸਦਾ ਜੀਵਨ ਵੀ।

ਉਹ ਸਾਡੇ ਪਿੰਡ ਸਰਕਾਰੀ ਮਿਡਲ ਸਕੂਲ ਦਾ ਹੈੱਡਮਾਸਟਰ ਸੀ। 'ਪ੍ਰੀਤਲੜੀ' ਪੜ੍ਹਦਾ ਹੁੰਦਾ। ਇਸੇ ਕਰਕੇ ਮੈਂ ਉਹਦੇ ਨੇੜੇ ਹੋਇਆ ਸੀ। ਕੁਝ ਮਹੀਨੇ ਮੈਂ ਉਹਦੇ ਨਾਲ ਕੰਮ ਵੀ ਕੀਤਾ। ਉਸਤੋਂ ਬਾਅਦ ਜਿੱਥੇ ਕਿਤੇ ਵੀ ਉਹ ਸੀ, ਚਾਹੇ ਏ. ਡੀ. ਆਈ ਜਾਂ ਹਾਈ ਸਕੂਲ ਦਾ ਹੈੱਡਮਾਸਟਰ ਮੈਂ ਉਹ ਨੂੰ ਮਿਲਣਾ ਜਾਰੀ ਰੱਖਿਆ। ਐਮ. ਏ. (ਪੰਜਾਬੀ) ਉਹ ਤਾਂ ਨਾ ਕਰ ਸਕਿਆ ਉਹਦੀਆਂ ਕਿਤਾਬਾਂ ਲੈ ਕੇ ਮੈਂ ਐਮ. ਏ. ਕੀਤੀ। ਰਿਟਾਇਰ ਹੋ ਕੇ ਉਹ ਕੈਨੇਡਾ ਚਲਿਆ ਗਿਆ। ਉੱਥੇ ਜਾ ਕੇ ਕਹਾਣੀਆਂ ਲਿਖਣ ਲੱਗਿਆ। ਉਹਦੇ ਦੋ ਕਹਾਣੀ ਸੰਗ੍ਰਹਿ ਮੈਂ ਛਪਵਾ ਕੇ ਦਿੱਤੇ। ਪਹਿਲਾਂ ਉਹਦੀਆਂ ਕਹਾਣੀਆਂ ਦੇ ਖਰੜੇ ਸੋਧੇ, ਫੇਰ ਕਿਤਾਬਾਂ ਦੇ ਪਰੂਫ ਵੀ ਮੈਂ ਪੜ੍ਹੇ। 'ਕਹਾਣੀ ਪੰਜਾਬ' ਸ਼ੁਰੂ ਹੋਇਆ ਤਾਂ ਉਹ ਖ਼ੁਦ ਇਸਦਾ ਜੀਵਨ ਮੈਂਬਰ ਹੀ ਨਹੀਂ ਬਣਿਆ, ਸਗੋਂ ਹੋਰਾਂ ਤੋਂ ਵੀ ਚੰਦੇ ਭਿਜਵਾਉਂਦਾ ਰਿਹਾ। ਦੋ ਤਿੰਨ ਵਾਰ ਨਿੱਜੀ ਤੌਰ 'ਤੇ ਉਸ ਸਹਾਇਤਾ ਵੀ ਭੇਜੀ।

ਪਰ ਪਤਾ ਨਹੀਂ ਸਾਲਾ ਉਹ ਕਿਹੜਾ ਮਲਹੂਸ ਦਿਨ ਸੀ ਅਤੇ ਉਹ ਪਲ ਦਾਗ-ਦਾਗ ਕਿ ਮੈਥੋਂ ਇਕ ਭੁੱਲ ਹੋ ਗਈ। ਗੱਲ ਇਉਂ ਹੋਈ ਕਿ ਲੁਧਿਆਣੇ ਪੰਜਾਬੀ ਭਵਨ ਵਿੱਚ ਅਸੀਂ 'ਅਦਾਰਾ

ਪੰਜਾਬ' ਵੱਲੋਂ ਸਨਮਾਨਿਤ ਕੀਤਾ ਸੀ। ਉਹਨੂੰ ਦਸ ਹਜ਼ਾਰ ਰੁਪਏ ਦਾ ਬੈਂਕ-ਡਰਾਫਟ ਦਿੱਤਾ। ਉਸ ਦਿਨ ਪੰਜਾਬੀ ਭਵਨ ਵਿਚ ਲਗਭਗ ਡੇਢ ਸੌ ਲੇਖਕ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ। ਅਸੀਂ ਬਰਨਾਲੇ ਤੋਂ ਲੇਟ ਗਏ। ਲੋਕ ਪਹਿਲਾਂ ਹੀ ਆਏ ਬੈਠੇ ਸਨ। ਮੈਂ ਛੇਤੀ-ਛੇਤੀ ਸਭ ਨੂੰ ਮਿਲ ਰਿਹਾ ਸੀ। ਕਿਸੇ ਨਾਲ ਹੱਥ ਮਿਲਾਉਂਦਾ, ਕਿਸੇ ਨਾਲ ਜੱਫੀ ਪਾਉਂਦਾ। ਪ੍ਰੋਗਰਾਮ ਛੇਤੀ ਅਤੇ ਇਕਦਮ ਸ਼ੁਰੂ ਕਰਨਾ ਸੀ। ਪ੍ਰੇਮ ਸਿੰਘ ਬਜਾਜ ਵੀ ਜੱਫੀ ਪਾ ਕੇ ਮਿਲਿਆ। ਚਾਹ ਬਿਸਕੁਟਾਂ ਦਾ ਪ੍ਰਬੰਧ ਛੇਤੀ ਵਿੱਚ ਹੀ ਰਵਿੰਦਰ ਭੱਠਲ ਕਰ ਆਇਆ। ਪ੍ਰੋਗਰਾਮ ਸ਼ੁਰੂ ਹੋ ਗਿਆ। ਅਨੁਵਾਦ ਕਲਾ ਬਾਰੇ ਦੋ-ਤਿੰਨ ਵਿਦਵਾਨ ਸੱਜਣਾਂ ਨੇ ਭਾਸ਼ਣ ਦਿੱਤੇ ਘਨਸ਼ਿਆਮ ਰੰਜਨ ਜੋ ਸਿੱਧਾ ਪੰਜਾਬੀ ਵਿੱਚੋਂ ਅਨੁਵਾਦ ਕਰਦਾ ਹੈ, ਉਹਨੇ ਪੰਜਾਬੀ ਸਿੱਖ ਕੇ ਬਹੁਤ ਸਾਰੇ ਪੰਜਾਬੀ ਲੇਖਕਾਂ ਨੂੰ ਹਿੰਦੀ ਵਿੱਚ ਲਿਆਂਦਾ ਅਤੇ ਇੰਜ ਪੰਜਾਬੀ ਸਾਹਿਤ ਦੀ ਇਕ ਵੱਡੀ ਸੇਵਾ ਕੀਤੀ। ਘਨਸ਼ਿਆਮ ਰੰਜਨ ਖੁਦ ਵੀ ਆਪਣੇ ਬਾਰੇ ਬੋਲਿਆ ਸੀ।

ਫੰਕਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੈਂ ਘਬਰਾਹਟ ਵਿੱਚ ਸੀ ਅਤੇ ਬੌਂਦਲਿਆ ਪਿਆ ਸੀ। ਫੰਕਸ਼ਨ ਦੌਰਾਨ ਵੀ ਮੈਂ ਬੇਹੱਦ ਰੁੱਝਿਆ ਰਿਹਾ, ਕਿਉਂਕਿ ਸਟੇਜ ਸਕੱਤਰ ਵੀ ਮੈਂ ਸੀ। ਬਾਅਦ ਵਿੱਚ ਅਸੀਂ ਛੇਤੀ-ਛੇਤੀ ਕੰਮ ਨਿਬੇੜਿਆ। ਆਥਣ ਉੱਤਰ ਆਈ ਸੀ। ਬਰਨਾਲੇ ਪਹੁੰਚਣਾ ਸੀ।

ਕੁਝ ਦਿਨਾਂ ਬਾਅਦ ਜਰਨੈਲ ਸਿੰਘ ਗਰਚਾ ਬਰਨਾਲੇ ਆਇਆ। ਸਾਰੇ ਜੁਆਕਾਂ ਨੂੰ ਪੈਸੇ ਦੇ ਕੇ ਗਿਆ, ਮੇਰੇ ਅਤੇ ਸ਼ੋਭਾ ਲਈ ਕੱਪੜੇ ਵੀ। ਅਸੀਂ ਦੁਪਹਿਰ ਦੀ ਰੋਟੀ ਇਕੱਠਿਆਂ ਬਹਿ ਕੇ ਖਾਧੀ। ਉਹ ਲੁਧਿਆਣੇ ਨੂੰ ਬਸ ਚੜ੍ਹਦਾ ਇਕ ਚੰਗਿਆੜੀ ਛੱਡ ਗਿਆ। ਆਖਣ ਲੱਗਿਆ, "ਅਣਖੀ, ਕੀ ਇਉਂ ਕਦੇ ਹੋ ਸਕਦੈਂ ਕਿ ਆਪਾਂ ਜੱਫ਼ੀ ਪਾ ਕੇ ਮਿਲੇ ਹੋਈਏ ਅਤੇ ਮੈਨੂੰ ਤੂੰ ਪਛਾਣਿਆ ਈ ਨਾ ਹੋਵੇ ?"

ਮੈਂ ਰੋਕ ਕੇ ਜਵਾਬ ਦਿੱਤਾ, "ਬਿਲਕੁਲ ਨਹੀਂ, ਇਹ ਕਿਵੇਂ ਹੋ ਸਕਦੈ ?"

"ਇਹ ਹੋਇਐ," ਉਹ ਵੀ ਪੱਕਾ ਸੀ।

"ਕਿਵੇਂ ?"

"ਲੁਧਿਆਣੇ ਉਸ ਦਿਨ ਘਨਸ਼ਿਆਮ ਰੰਜਨ ਵਾਲੇ ਫੰਕਸ਼ਨ ਵਿੱਚ ਪੰਜਾਬੀ ਭਵਨ ਮੈਂ ਵੀ ਸੀ। ਤੂੰ ਮੈਨੂੰ ਆਪ ਫੋਨ ਕਰਕੇ ਬੁਲਾਇਆ ਸੀ। ਆਪਾਂ ਜੱਫੀ ਪਾ ਕੇ ਮਿਲੇ ਆਂ। ਤੂੰ ਮੈਨੂੰ ਪਛਾਣਿਆ ਈ ਨਹੀਂ। ਕੋਈ ਗੱਲ ਨਹੀਂ ਕੀਤੀ। ਮੈਂ ਅੰਦਰ ਹਾਲ 'ਚ ਬੈਠਾ ਰਿਹਾ। ਮੈਨੂੰ ਤਾਂ ਉਮੀਦ ਸੀ, ਤੂੰ ਮੈਨੂੰ ਸਟੇਜ 'ਤੇ ਬੁਲਾਏਂਗਾ। ਤੂੰ ਦੋ ਵਾਰ ਮੇਰੀ ਸੀਟ ਕੋਲ ਆ ਕੇ ਹੋਰਾਂ ਨਾਲ ਗੱਲ ਕਰਕੇ ਵੀ ਮੁੜਦਾ ਰਿਹਾਂ। ਪਰ ਮੇਰੇ ਵੱਲ ਝਾਕਿਆ ਤੱਕ ਨਹੀਂ। ਮੈਂ ਗੁੱਸੇ 'ਚ ਫੰਕਸ਼ਨ ਖਤਮ ਹੋਣ ਤੋਂ ਪਹਿਲਾਂ ਹੀ ਉੱਠ ਕੇ ਬਾਹਰ ਆ ਗਿਆ ਸੀ ਅਤੇ ਪਿੰਡ ਨੂੰ ਜਾਣ ਵਾਲੀ ਬਸ ਫੜ ਲਈ।"

ਉਹ ਤਾਂ ਬਸ ਲੈ ਕੇ ਬਰਨਾਲੇ ਤੋਂ ਤੁਰ ਗਿਆ ਪਰ ਮੈਂ ਸੁੰਨ ਹੋਇਆ ਬਸ ਅੱਡੇ ਉੱਤੇ ਖੜ੍ਹਾ ਰਿਹਾ ਪੂਰਾ ਅੱਧਾ ਘੰਟਾ।

ਉਥੇ ਜਾ ਕੇ ਉਹਨੇ ਮੈਨੂੰ ਸਖਤ ਚਿੱਠੀ ਲਿਖੀ। ਉਹੀ ਗੱਲਾਂ ਲਿਖੀਆਂ ਜਿਹੜੀਆਂ ਉਹ ਮੈਨੂੰ ਬਰਨਾਲੇ ਆ ਕੇ ਦੱਸ ਗਿਆ ਸੀ। ਮੈਂ ਉਸ ਚਿੱਠੀ ਦਾ ਕੁਝ ਹਿੱਸਾ 'ਕਹਾਣੀ ਪੰਜਾਬ' ਦੇ ਅਗਲੇ ਅੰਕ ਵਿੱਚ ਛਾਪ ਦਿੱਤਾ ਅਤੇ ਆਪਣੇ ਵੱਲੋਂ ਮਾਫੀ ਮੰਗੀ। ਮੈਂ ਉਹਨੂੰ ਵਿਸਥਾਰ ਵਿੱਚ ਇਕ ਚਿੱਠੀ ਵੀ ਲਿਖੀ ਸੀ। ਉਹਦੇ ਵਿੱਚ ਵੀ ਮਾਫ਼ੀ ਮੰਗੀ ਸੀ।

ਅਸਲ ਵਿੱਚ ਗੱਲ ਇਹ ਹੋਈ ਕਿ ਪ੍ਰੇਮ ਸਿੰਘ ਬਜਾਜ ਅਤੇ ਜਰਨੈਲ ਸਿੰਘ ਗਰਚਾ ਦੀਆਂ ਸ਼ਕਲਾਂ ਆਪਸ ਵਿੱਚ ਬਹੁਤ ਮਿਲਦੀਆਂ ਹਨ। ਉਹੀ ਕੱਦ-ਕਾਠ, ਉਹੀ ਦਾੜ੍ਹੀ ਬੰਨ੍ਹਣ ਦਾ ਸਟਾਈਲ, ਪੱਗਾਂ ਦਾ ਮੁਹਾਂਦਰਾ ਵੀ ਇੱਕੋ। ਮੈਨੂੰ ਲੱਗਿਆ ਜਿਵੇਂ ਮੈਂ ਜੱਫ਼ੀ ਪ੍ਰੇਮ ਸਿੰਘ ਬਜਾਜ ਨੂੰ ਪਾਈ ਹੋਵੇ। ਇਕ ਧੁੰਦਲਾ ਜਿਹਾ ਖਿਆਲ ਇਹ ਵੀ ਸੀ ਜਿਵੇਂ ਪ੍ਰੇਮ ਸਿੰਘ ਬਜਾਜ ਨੂੰ ਦੋ ਵਾਰ ਜੱਫ਼ੀ ਪਾਈ



ਹੋਵੇ। ਜੇ ਉਨ੍ਹਾਂ ਦੋਵਾਂ ਦੀਆਂ ਸ਼ਕਲਾਂ ਵਿੱਚ ਮਾੜਾ-ਮੋਟਾ ਫਰਕ ਵੀ ਕੋਈ ਹੋਵੇਗਾ ਤਾਂ ਮੈਨੂੰ ਕਾਹਲ 'ਚ ਪਤਾ ਨਹੀਂ ਲੱਗਿਆ ਹੋਵੇਗਾ ਤੇ ਪ੍ਰੇਮ ਸਿੰਘ ਬਜਾਜ ਨਾਲ ਮੈਂ ਗੱਲ ਕੀਤੀ ਸੀ। ਉਹ ਤਾਂ ਮਿਲਦਾ ਹੀ ਰਹਿੰਦਾ ਹੈ। ਗੱਲ ਵੀ ਕਰਦਾ ਹੈ ਤਾਂ ਹਮੇਸ਼ਾ ਉਹਦੇ ਵੱਲੋਂ ਖੜ੍ਹੀ ਕੀਤੀ ਰੇਫਰੈਂਸ ਲਾਇਬ੍ਰੇਰੀ ਦੀਆਂ ਗੱਲਾਂ ਹੁੰਦੀਆਂ ਹਨ।

ਉਹਨਾਂ ਦਿਨਾਂ ਵਿੱਚ ਹੀ ਕਿਰਪਾਲ ਸਿੰਘ ਪੰਨੂ ਕੈਨੇਡਾ ਤੋਂ ਆਏ। ਉਹ ਪਟਿਆਲੇ ਆਪਣੇ ਲੜਕੇ ਕੋਲ ਠਹਿਰਦੇ ਹਨ। ਕਦੇ-ਕਦੇ ਮੈਨੂੰ ਬਰਨਾਲੇ ਮਿਲਣ ਵੀ ਆ ਜਾਂਦੇ ਹਨ। ਜਦੋਂ ਆਉਂਦੇ ਹਨ, 'ਕਹਾਣੀ ਪੰਜਾਬ' ਦੀ ਮੱਦਦ ਕਰਕੇ ਜਾਂਦੇ ਹਨ। ਕਿਰਪਾਲ ਸਿੰਘ ਪੰਨੂ ਉੱਥੇ ਜਰਨੈਲ ਸਿੰਘ ਗਰਚਾ ਦੇ ਬਹੁਤ ਨੇੜੇ ਹਨ। ਉਹਨਾਂ ਨੇ ਫੋਨ ਕੀਤਾ ਤਾਂ ਉਹਨਾਂ ਕੋਲ ਵੀ ਮੈਂ ਇਹ ਸਾਰਾ ਰੋਣ ਰੋਇਆ ਅਤੇ ਉਹਨਾਂ ਨੂੰ ਕਿਹਾ ਕਿ ਕੈਨੇਡਾ ਜਦੋਂ ਜਾਣ ਜਰਨੈਲ ਨੂੰ ਸਮਝਾਉਣ। ਇਹ ਮੇਰੀ ਭੁੱਲ ਸੀ। ਮੈਂ ਮਾਫ਼ੀ ਮੰਗਦਾ ਹਾਂ।

ਕੋਈ ਸਾਲ ਭਰ ਲੰਘ ਗਿਆ। ਜਰਨੈਲ ਦਾ ਕੋਈ ਪਤਾ ਨਹੀਂ ਆਇਆ। ਮੈਂ ਸਮਝ ਲਿਆ ਕਿ ਉਹਦਾ ਗੁੱਸਾ ਉੱਤਰਿਆ ਨਹੀਂ। ਉਹਨਾਂ ਦਿਨਾਂ ਵਿੱਚ 'ਕਹਾਣੀ ਪੰਜਾਬ' ਦੀ ਆਰਥਿਕ ਹਾਲਤ ਖਾਸੀ ਖਰਾਬ ਸੀ। ਮੈਂ ਏਧਰ-ਓਧਰ ਬਾਹਰਲੇ ਦੇਸ਼ਾਂ ਨੂੰ ਚਿੱਠੀਆਂ ਲਿਖੀਆਂ ਅਤੇ ਜਰਨੈਲ ਸਿੰਘ ਗਰਚਾ ਨੂੰ ਵੀ। ਜਰਨੈਲ ਸਿੰਘ ਨੂੰ ਵੀ ਚਿੱਠੀ ਲਿਖੀ ਸੀ ਜੋ ਕੈਨੇਡਾ ਦਾ ਪ੍ਰਸਿੱਧ ਕਹਾਣੀਕਾਰ ਹੈ। 'ਦੋ ਟਾਪੂ' ਵਾਲਾ। ਜਰਨੈਲ ਸਿੰਘ ਨੇ ਮੈਨੂੰ ਆਪਣੇ ਪੈਸੇ ਭੇਜੇ ਅਤੇ ਚਾਰ-ਪੰਜ ਹੋਰ ਲੇਖਕਾਂ ਦੇ ਪੈਸੇ ਵੀ ਜਿਹਨਾਂ ਵਿੱਚ ਜਰਨੈਲ ਸਿੰਘ ਗਰਚਾ ਦਾ ਇਕ ਸੌ ਕੈਨੇਡੀਅਨ ਡਾਲਰ ਵੀ ਸੀ। ਮੈਂ ਹੈਰਾਨ ਹੋਇਆ ਕਿ ਉਸਨੇ 'ਕਹਾਣੀ ਪੰਜਾਬ' ਲਈ ਮੱਦਦ ਤਾਂ ਭੇਜ ਦਿੱਤੀ, ਚਿੱਠੀ ਕਿਉਂ ਨਹੀਂ ਲਿਖਦਾ। ਜਰਨੈਲ ਸਿੰਘ 'ਦੋ ਟਾਪੂ' ਨੇ ਆਪਣੀ ਚਿੱਠੀ ਵਿੱਚ ਲਿਖਿਆ ਸੀ ਕਿ ਗਰਚਾ ਸਾਹਿਬ ਤੁਹਾਡੇ ਨਾਲ ਨਾਰਾਜ਼ ਹਨ। ਤੁਸੀਂ ਲੁਧਿਆਣੇ ਉਸ ਨੂੰ ਪਛਾਣਿਆ ਨਹੀਂ ਸੀ। ਮੈਂ ਚੁੱਪ ਹੋ ਗਿਆ ਕਿ ਚਲੋ ਬਈ, ਕੀ ਕੀਤਾ ਜਾਵੇ ਹੁਣ। ਅੱਜ ਤੱਕ ਜਰਨੈਲ ਸਿੰਘ ਗਰਚਾ ਦੀ ਕੋਈ ਚਿੱਠੀ ਨਹੀਂ ਆਈ। ਪਿਛਲੇ ਸਾਲ ਇਕਬਾਲ ਰਾਮੂਵਾਲੀਆ ਇੱਥੇ ਬਰਨਾਲੇ ਆਇਆ ਸੀ। ਉਹ ਮੇਰੇ ਘਰ ਵੀ ਆਇਆ। ਦੱਸ ਰਿਹਾ ਸੀ ਕਿ ਤੁਹਾਡਾ ਦੋਸਤ ਜਰਨੈਲ ਸਿੰਘ ਗਰਚਾ ਤੁਹਾਡੇ ਨਾਲ ਨਾਰਾਜ਼ ਹੈ। ਮੈਂ ਪੁੱਛਿਆ, "ਤੈਨੂੰ ਉਹ ਕਦੋਂ ਮਿਲਿਆ ਸੀ ?" "ਪਿਛਲੇ ਮਹੀਨੇ ਦੀ ਈ ਗੱਲ ਐ।" ਇਕਬਾਲ ਨੇ ਕਿਹਾ।

ਇਕਬਾਲ ਰਾਮੂਵਾਲੀਆ ਚਾਹ-ਪਾਣੀ ਪਾ ਕੇ ਤਾਂ ਚਲਿਆ ਗਿਆ। ਉਹਦੇ ਨਾਲ ਹੋਰ ਸੱਜਣ ਮਿੱਤਰ ਵੀ ਸਨ, ਪਰ ਮੈਂ ਓਨਾ ਹੀ ਉਦਾਸ ਅਤੇ ਪ੍ਰੇਸ਼ਾਨ ਸੀ ਜਿੰਨਾ ਕਦੇ ਉਹਨੂੰ ਬਰਨਾਲਾ ਬਸ-ਸਟੈਂਡ ਤੋਂ ਵਿਦਾਅ ਕਰਨ ਵੇਲੇ ਹੋਇਆ ਸੀ। ਕਈ ਘੰਟਿਆਂ ਬਾਅਦ ਮਨ ਨੂੰ ਸਮਝਾਇਆ ਕਿ ਜਰਨੈਲ ਸਿੰਘ ਗਰਚਾ ਜੇ ਹੁਣ ਤੱਕ ਵੀ ਨਾਰਾਜ਼ ਹੈ ਤਾਂ ਰਹੇ ਫੇਰ। ਇਸ ਤੁਰ ਜਾਣ ਦੀ ਉਮਰ ਵਿੱਚ ਉਹਨੂੰ ਹੋਰ ਕਿੰਨੀਆਂ ਕੁ ਸਫ਼ਾਈਆਂ ਦਿੰਦਾ ਰਹਾਂ ਅਤੇ ਹੋਰ ਕਿੰਨੀਆਂ ਕੁ ਮਾਫ਼ੀਆਂ ਮੰਗੀਆਂ ਜਾਵਾਂ ? ਐਨਾ ਵਕਤ ਕੀਹਦੇ ਕੋਲ ਹੈ ਕਿਸੇ ਬਾਰੇ ਐਨਾ ਸੋਚਣ ਲਈ।

ਪੌਣੀ ਸਦੀ ਦੀ ਉਮਰ ਭੋਗਦਿਆਂ ਹੁਣ ਮੈਂ ਸਮਝੌਤਿਆਂ ਉਤੇ ਉੱਤਰ ਆਇਆ ਹਾਂ। ਇੰਦਰ ਸਿੰਘ ਖਾਮੋਸ਼ ਅਤੇ ਓਮ ਪ੍ਰਕਾਸ਼ ਗਾਸੋ ਨਾਲ ਪਿਛਲੇ ਪੰਦਰਾਂ ਸਾਲਾਂ ਤੋਂ ਕੋਈ ਬੋਲ ਚਾਲ ਨਹੀਂ ਸੀ। ਇੰਦਰ ਸਿੰਘ ਖਾਮੋਸ਼ ਨਾਲ ਕਿੰਨੇ ਹੀ ਵਰ੍ਹਿਆਂ ਤੋਂ ਜਾਣ-ਪਛਾਣ ਸੀ। 1956-67 ਵਿੱਚ ਅਸੀਂ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ ਵਿੱਚ ਇਕੱਠੇ ਰਹੇ। ਉਹ ਬੀ. ਟੀ. ਕਰਦਾ ਸੀ ਅਤੇ ਮੈਂ ਪੰਜਾਬੀ ਦੀ ਓ. ਟੀ. ਦਾ ਕੋਰਸ। ਫੇਰ ਬਰਨਾਲਾ ਸਰਕਾਰੀ ਹਾਈ ਸਕੂਲ ਵਿੱਚ ਅਸੀਂ ਕਿੰਨੇ ਹੀ ਵਰ੍ਹੇ ਇਕੱਠੇ ਰਹੇ ਅਤੇ ਇਕ-ਦੂਜੇ ਦੇ ਦੁੱਖ-ਸੁੱਖ ਦੀ ਸਾਂਝ ਸੀ। ਮੈਨੂੰ ਖਾਮੋਸ਼ ਦੀ ਓ. ਟੀ. ਦਾ ਵਿਵਹਾਰ

ਪਸੰਦ ਨਹੀਂ ਸੀ ਅਤੇ ਨਾ ਖਾਮੋਸ਼ ਦਾ ਜਣੇ-ਖਣੇ ਦਾ ਹੱਥ ਦੇਖਣਾ ਅਤੇ ਐਵੇਂ ਹੀ ਝੂਠ ਤੁਫ਼ਾਨ ਬੋਲੀ ਜਾਣਾ। ਮੈਂ ਉਹਤੋਂ ਪੰਦਰਾਂ ਸਾਲ ਪਹਿਲਾਂ ਕਿਨਾਰਾ ਕਰ ਲਿਆ ਸੀ। ਜ਼ੁਬਾਨ ਤੱਕ ਸਾਂਝੀ ਨਹੀਂ ਕਰਦਾ ਸੀ। ਪਰ ਪਿਛਲੇ ਸਾਲ ਸਾਡਾ ਪਿਆਰਾ ਮਿੱਤਰ ਡਾ. ਸੁਰਜੀਤ ਸਿੰਘ ਬਰਨਾਲਵੀ ਤੁਰ ਗਿਆ। ਮੈਂ ਉਹਦੇ ਸਸਕਾਰ 'ਤੇ ਪਟਿਆਲੇ ਗਿਆ। ਖਾਮੋਸ਼ ਵੀ ਖੜ੍ਹਾ ਦਿਸਿਆ। ਆਮ ਵਾਂਗ ਮੈਂ ਉਹਨੂੰ ਬੁਲਾਇਆ ਨਹੀਂ। ਪਰ ਮੇਰੇ ਮਨ ਵਿੱਚ ਗੱਲ ਆਈ, "ਮੇਰਾ ਇਹਦੇ ਨਾਲ ਕੀ ਗੌਲਾ ਹੈ ? ਪਤਾ ਨਹੀਂ, ਕਿੰਨੇ ਕੁ ਸਾਲ ਹੋਰ ਆਂ। ਸੁਰਜੀਤ ਤੁਰ ਗਿਆ, ਅਸੀਂ ਵੀ ਤੁਰ ਜਾਣਾ ਹੈ।" ਮੈਂ ਝੱਟ ਖਾਮੋਸ਼ ਨੂੰ ਬੁਲਾ ਲਿਆ, ਓਧਰ ਸੁਰਜੀਤ ਦਾ ਸੰਸਕਾਰ ਹੁੰਦਾ ਰਿਹਾ ਅਤੇ ਇਧਰ ਅਸੀਂ ਆਪਣੀਆਂ ਗੱਲਾਂ ਕਰਦੇ ਰਹੇ। ਕੋਈ ਇਕ ਘੰਟਾ। ਦੋਵਾਂ ਨੇ ਗੱਲੀਂ-ਗੱਲੀਂ ਆਪਣੇ ਮਨ ਹੌਲੇ ਕੀਤੇ। ਮੈਂ ਉਹਨੂੰ ਜ਼ੋਰ ਪਾਇਆ, ਹੁਣ ਜਦੋਂ ਬਰਨਾਲੇ ਆਵੇਂ, ਘਰ ਆਈਂ। ਉਹ ਪਟਿਆਲੇ ਆਪਣੀ ਧੀ ਕੋਲ ਰਹਿੰਦਾ ਸੀ। ਦੱਸ ਰਿਹਾ ਸੀ, "ਆਖਰੀ ਦਿਨਾਂ 'ਚ ਮੇਰੀ ਉਹ ਧੀ ਈ ਮੈਨੂੰ ਸਾਂਭੂਗੀ।"

ਉਹ ਇਕ ਦਿਨ ਬਰਨਾਲੇ ਆਇਆ ਵੀ ਸੀ। ਮੈਨੂੰ ਉਹਦਾ ਫੋਨ ਆਇਆ ਕਿ ਉਹ ਸਾਡੇ ਘਰ ਆਏਗਾ ਅਤੇ ਮੇਰੇ ਲਈ ਆਪਣਾ ਨਾਵਲ 'ਕਾਫਰ ਮਸੀਹਾ' ਵੀ ਦੇ ਕੇ ਜਾਵੇਗਾ, ਜੋ ਮੈਂ ਅਜੇ ਤੱਕ ਪੜ੍ਹਿਆ ਨਹੀਂ ਸੀ। ਪਰ ਉਹ ਘਰ ਨਹੀਂ ਆਇਆ। ਬੈਂਕਾਂ ਦੇ ਕੰਮ ਛੇਤੀ ਨਿਬੇੜ ਕੇ ਪਟਿਆਲੇ ਨੂੰ ਹੀ ਤੁਰ ਗਿਆ। ਉਹਦੀ ਤਬੀਅਤ ਖਰਾਬ ਹੋ ਗਈ ਸੀ। ਹੁਣ ਤੱਕ ਉਹ ਬਿਸਤਰੇ ਵਿੱਚ ਹੈ। ਚੱਲਣਾ-ਫਿਰਨਾ ਮੁਸ਼ਕਿਲ ਹੈ। ਕਿਸੇ ਤੋਂ ਸੁਣਿਆ ਕਿ ਉਹ ਖਾਸਾ ਢਿੱਲਾ ਰਹਿੰਦਾ ਹੈ। ਫੋਨ ਕੀਤਾ। ਗੱਲਾਂ ਹੋਈਆਂ। ਆਖ ਰਿਹਾ ਸੀ, "ਅਣਖੀ, ਤੇਰਾ ਧੰਨਵਾਦ ਬਈ। ਤੂੰ ਮੇਰੀ ਰਾਜ਼ੀ-ਖੁਸ਼ੀ ਪੁੱਛੀ।"

"ਧੰਨਵਾਦ ਦੀ ਇਹਦੇ 'ਚ ਕੀ ਗੱਲ ਐ। ਮੈਂ ਤਾਂ ਆਪ ਤੇਰੇ ਕੋਲ ਆਉਣਾ ਸੀ। ਤੇਰਾ ਹਾਲ-ਚਾਲ ਪੁੱਛਕੇ ਮੈਂ ਤੇਰੇ 'ਤੇ ਅਹਿਸਾਨ ਥੋੜ੍ਹਾ ਕੀਤੈ। ਆਪਾਂ ਕੱਠੇ ਰਹੇ ਆਂ ਖਾਮੋਸ਼।" ਮੈਂ ਜਵਾਬ ਦਿੱਤਾ।

ਪਤਾ ਨਹੀਂ ਹੁਣ ਉਸਦਾ ਕੀ ਹਾਲ ਹੈ। ਮੇਰੀ ਰੂਹ ਉਸ ਨੂੰ ਇਕ ਵਾਰ ਮਿਲਣ ਲਈ ਤਾਂਘਦੀ ਰਹਿੰਦੀ ਹੈ।

ਓਮ ਪ੍ਰਕਾਸ਼ ਗਾਸੋ ਮੇਰਾ ਲੰਗੋਟੀਆ ਯਾਰ ਹੈ। ਉਹ ਮੇਰਾ ਜਮਾਤੀ ਹੈ। ਅਸੀਂ ਇਕੱਠਿਆਂ ਨੇ ਇਕੋ ਸਕੂਲ ਵਿੱਚੋਂ ਦਸਵੀਂ ਜਮਾਤ ਪਾਸ ਕੀਤੀ ਸੀ। ਪੱਕੇ ਇਮਤਿਹਾਨਾਂ ਵੇਲੇ ਬਾਜਵਿਆਂ ਦੇ ਅਗਵਾੜ ਮੈਂ ਉਹਨਾਂ ਦੇ ਚੁਬਾਰੇ ਵਿੱਚ ਗਾਸੋ ਨਾਲ ਪੜ੍ਹਦਾ, ਇਮਤਿਹਾਨ ਦੀ ਤਿਆਰੀ ਕਰਦਾ ਅਤੇ ਰਾਤ ਨੂੰ ਓਥੇ ਹੀ ਸੌਂ ਜਾਂਦਾ। ਉਹ ਸੁਭਾਅ ਦਾ ਬੜਾ ਚੰਚਲ ਸੀ, ਮੂੰਹ-ਫੱਟ ਅਤੇ ਚੁਸਤ ਚਾਲਾਕ ਵੀ। ਮੈਨੂੰ ਉਹ ਮੋਹ ਕਰਦਾ ਅਤੇ ਚੰਗਾ ਲਗਦਾ। ਬਚਪਨ ਤੋਂ ਹੁਣ ਤੱਕ ਸਾਡੇ ਸੁਭਾਅ ਵਿੱਚ ਭੋਰਾ ਫਰਕ ਨੀਂ ਪਿਆ। ਮੇਰੇ ਲਈ ਉਹ ਓਹੀ ਗਾਸੋ ਹੈ। ਹੁਣ ਵੀ ਚੰਗਾ ਲੱਗਦਾ ਹੈ। ਅਸੀਂ ਦੋਵੇਂ ਪੌਣੀ ਸਦੀ ਨੂੰ ਪਾਰ ਕਰਨ ਵਾਲੇ ਹਾਂ। ਹੁਣ ਤੱਕ ਇਹ ਫੈਸਲਾ ਨਹੀਂ ਕਰ ਸਕੇ ਕਿ ਤੜਕੇ ਮੂੰਹ ਹਨੇਰੇ ਹਲਟੀ ਤੇ ਨਹਾਉਣ ਜਾਂਦੇ ਉਹ ਲੰਮੀ-ਪਤਲੀ ਸਾਂਦਲੀ ਜਿਹੀ ਕੁੜੀ ਦੀ ਪਾਥੀਆਂ ਉਹ ਢਾਹੁੰਦਾ ਹੁੰਦਾ ਸੀ ਕਿ ਮੈਂ ? ਗਾਸੋ ਕਹਿੰਦਾ ਹੈ, "ਤੂੰ ਢਾਹੁੰਦਾ ਸੀ।" ਅਸਲ ਵਿੱਚ ਗਾਸੋ ਹੀ ਇਹ ਸ਼ੁਭ-ਕਰਮ ਕਰਦਾ ਸੀ। ਮੈਂ ਹੁਣ ਵੀ ਸੋਚਦਾ ਰਹਿੰਦਾ ਕਿ ਕਾਸ਼ ! ਪਾਥੀਆਂ ਮੈਂ ਢਾਹੀਆਂ ਹੁੰਦੀਆਂ।

ਓਮ ਪ੍ਰਕਾਸ਼ ਗਾਸੋ ਪੰਜਾਬੀ ਦਾ ਸਿਰਮੌਰ ਲੇਖਕ ਹੈ। ਉਹਨੇ ਢੇਰ ਸਾਰੇ ਨਾਵਲ ਲਿਖੇ, ਸੀਰੀਅਲ ਬਣੇ, ਸਭਿਆਚਾਰਕ ਬਾਰੇ ਕਿਤਾਬਾਂ ਅਤੇ ਨੈਤਿਕਤਾ ਸੰਬੰਧੀ ਵਡਮੁੱਲੇ ਨਿਬੰਧ, ਲੱਛੇਦਾਰ ਭਾਸ਼ਾ ਅਤੇ ਗੜ੍ਹ ਗਿਆਨ ਦੀਆਂ ਗੱਲਾਂ ਵਿੱਚ ਉਹ ਪਾਠਕਾਂ ਨੂੰ ਕੀਲ ਲੈਂਦਾ ਹੈ। ਪ੍ਰਕਾਸ਼ਕਾਂ ਅਤੇ ਬਹੁਤੇ ਲੇਖਕਾਂ ਦੀ ਸ਼ਿਕਾਇਤ ਹੈ ਕਿ ਪੰਜਾਬੀ ਵਿੱਚ ਪਾਠਕ ਨਹੀਂ ਹਨ। ਕਿਤਾਬਾਂ ਧੜਾਧੜ ਛਾਪ



ਰਹੀਆਂ ਹਨ, ਪਰ ਵਿਕਦੀਆਂ ਨਹੀਂ। ਗਾਸੋ ਦੀ ਵੱਡੀ ਦੇਣ ਇਹ ਹੈ ਕਿ ਉਹ ਪਾਠਕਾਂ ਤੱਕ ਆਪ ਕਿਤਾਬਾਂ ਦਾ ਝੋਲਾ ਲੈ ਕੇ ਜਾਂਦਾ ਹੈ। ਪਿੰਡਾਂ-ਸ਼ਹਿਰਾਂ ਵਿੱਚ ਦੂਰ-ਦੂਰ ਤੱਕ ਘਰਾਂ ਵਿੱਚ ਗਾਸੋ ਦੀਆਂ ਕਿਤਾਬਾਂ ਪਈਆਂ ਹਨ। ਉਹਨੇ ਪੁਸਤਕ-ਸਭਿਆਚਾਰ ਦੇ ਵਿਕਾਸ ਵਿੱਚ ਵਰਨਣਯੋਗ ਰੋਲ ਅਦਾ ਕੀਤਾ ਹੈ ਅਤੇ ਕਰ ਰਿਹਾ ਹੈ।

ਗਾਸੋ ਮੂੰਹ ਦੀ ਭੁਕਾਈ ਕਿੰਨੀ ਮਾਰੀ ਜਾਵੇ, ਉਹ ਕਦੇ ਇਕ ਦਿਨ ਵੀ ਕਿਸੇ ਸਟੇਜ ਉੱਤੇ ਮੇਰੇ ਖਿਲਾਫ਼ ਬੋਲਿਆ ਨਹੀਂ ਅਤੇ ਨਾ ਹੀ ਮੇਰੇ ਖਿਲਾਫ਼ ਕਦੇ ਇਕ ਸ਼ਬਦ ਵੀ ਲਿਖਿਆ ਹੈ। ਜਦੋਂ ਕਿ ਮੇਰੇ ਸਮਕਾਲੀ, ਮੇਰੇ ਹੀ ਸ਼ਹਿਰ ਦੇ ਲੇਖਕ ਮੇਰੇ ਬਾਰੇ ਬਥੇਰਾ ਕੁਝ ਆਖਦੇ-ਲਿਖਦੇ ਰਹਿੰਦੇ ਹਨ। ਆਪ ਤਾਂ ਲੇਖਕ ਬਣ ਨਾ ਸਕੇ, ਮੇਰੀਆਂ ਲੱਤਾਂ ਖਿੱਚਣਾ ਉਹਨਾਂ ਦੀ ਪ੍ਰਾਪਤੀ ਹੈ।

ਪੰਦਰਾਂ ਸਾਲ ਪਹਿਲਾਂ ਗਾਸੋ ਨਾਲ ਐਵੇਂ ਬੱਸ ਮਨ-ਮਟਾਓ ਜਿਹਾ ਹੋਇਆ ਸੀ, ਸਾਡੀ ਬੋਲ-ਚਾਲ ਬੰਦ ਹੋ ਗਈ। ਪਰ ਉਹ ਤਕੜਾ ਰਿਹਾ, ਕ੍ਰਾਂਤੀਪਾਲ ਨੂੰ ਮਿਲਦਾ ਰਹਿੰਦਾ ਸੀ। ਮੈਂ ਤੇ ਸ਼ੋਭਾ ਇਕੱਠੇ ਕਿਧਰੇ ਜਾ ਰਹੇ ਹੁੰਦੇ, ਬਾਜ਼ਾਰ ਵਿੱਚ ਜਾਂ ਰੇਲਵੇ ਸਟੇਸ਼ਨ 'ਤੇ ਗਾਸੋ ਪਤਾ ਨਹੀਂ ਕਦੋਂ ਸ਼ੋਭਾ ਨੂੰ ਨਮਸਕਾਰ ਕਰ ਜਾਂਦਾ। ਸ਼ੋਭਾ ਪਿੱਛੋਂ ਮੈਨੂੰ ਦੱਸਦੀ।

ਤੇ ਫੇਰ ਗਾਸੋ ਇਕ ਦਿਨ ਬਾਜ਼ਾਰ ਵਿੱਚ ਮਿਲਿਆ। ਸਾਡੀ ਅੱਖ ਮਿਲੀ। ਉਹ ਹੱਥ ਜੋੜ ਕੇ ਇਕ ਟੰਗ ਦੇ ਭਾਰ ਖੜ੍ਹਾ ਸੀ। ਮੈਂ ਉਹਦੇ ਗੋਡਿਆਂ ਨੂੰ ਹੱਥ ਲਾਇਆ। ਕਿਹਾ, "ਗਾਸੋ, ਯਾਰ ਬੱਸ। ਮੈਥੋਂ ਇਹ ਦੂਰੀ ਝੱਲੀ ਨ੍ਹੀਂ ਜਾਂਦੀ। ਪਤਾ ਨ੍ਹੀਂ ਹੁਣ ਕਿੰਨੇ ਕੁ ਦਿਨ ਆਂ। ਯਾਰ ਮਿਲਿਆ ਕਰ।" ਉਹਨੇ ਮੈਨੂੰ ਜੱਫ਼ੀ ਪਾ ਲਈ। "ਓਏ ਪੁੱਤ ਮੇਰਿਆ, ਮੈਂ ਤਾਂ ਪਹਿਲਾਂ ਈ...........।"

ਹੁਣ ਗਾਸੋ ਮਿਲਦਾ ਹੈ ਤਾਂ ਸੁਆਦ ਆ ਜਾਂਦਾ ਹੈ। ਅਸੀਂ ਇਕ-ਦੂਜੇ ਦੇ ਘਰੀਂ ਵੀ ਆਉਣ ਜਾਣ ਲੱਗੇ ਹਾਂ।

ਗੁਰਬਚਨ ਸਿੰਘ ਭੁੱਲਰ ਦੀ ਚਾਲੀ ਸਾਲ ਪੁਰਾਣੀ ਦੋਸਤੀ ਇਕਦਮ ਖੇਹ ਵਿੱਚ ਪੈ ਗਈ। 'ਪੰਜਾਬੀ ਟ੍ਰਿਬਿਊਨ' ਵਾਲਿਆਂ ਨੇ ਸਾਜ਼ਸ਼ ਵੱਲੋਂ ਹੀ ਉਹਨੂੰ ਆਪਣਾ ਸੰਪਾਦਕ ਬਣਾਇਆ ਸੀ, ਸਾਡੀ ਦੋਸਤੀ ਤੋੜਨ ਲਈ। ਗੱਲਾਂ ਤਾਂ ਕੋਈ ਖਾਸ ਨਹੀਂ ਸੀ, ਐਵੇਂ ਬੱਸ ਮੇਰੇ ਮਨ ਦਾ ਮੋੜ ਸੀ। ਗਈ ਗੱਲ ਹੁਣ ਹੱਥ ਨਹੀਂ ਆਉਂਦੀ। ਦੁੱਖ ਬਹੁਤ ਹੈ।

ਦੁੱਖ ਤਾਂ ਪ੍ਰਗਟ ਸਿੰਘ ਸਿੱਧੂ ਦਾ ਵੀ ਹੈ। ਉਹਦੇ ਫੌਜ ਵਿੱਚੋਂ ਰਿਟਾਇਰ ਹੋ ਕੇ ਆਉਣ ਤੋਂ ਲੈ ਕੇ ਹੁਣ ਤੱਕ ਮੈਂ ਤਾਂ ਸਾਰੀ ਉਮਰ ਉਹਨੂੰ ਮਨਾਉਣ 'ਤੇ ਹੀ ਰਿਹਾ। ਕਦੇ ਉਹ ਰੁੱਸ ਗਿਆ, ਕਦੇ ਮੰਨ ਗਿਆ, ਫੇਰ ਰੁੱਸ ਗਿਆ। ਬੱਚਿਆਂ ਜਿਹਾ ਸੁਭਾਅ ਹੈ ਉਹਦਾ ਕੀ ਕੀਤਾ ਜਾਵੇ। ਇਸ ਉਮਰ ਵਿੱਚ ਹੁਣ ਕੌਣ ਕਿਸੇ ਨੂੰ ਮਨਾਉਂਦਾ ਫਿਰੇ। ਇਹੀ ਆਖ ਸਕਦਾ ਹਾਂ, "ਜਾਹ ਬਈ ਰੁੱਸਿਆ ਰਹਿ।"

ਜਦੋਂ ਮੈਂ ਭਦੌੜ ਹੁੰਦਾ ਸੀ, ਉਦੋਂ ਬੁੱਧ-ਕਬੁੱਧ ਦਾ ਕੋਈ ਪਤਾ ਨਹੀਂ ਸੀ। ਅਸੀਂ ਕੁਝ ਦੋਸਤ ਚੌਥੇ-ਪੰਜਵੇਂ ਦਿਨ ਹੀ ਆਥਣ ਨੂੰ ਸ਼ਰਾਬ ਪੀਂਦੇ ਅਤੇ ਤੀਵੀਆਂ ਦੀਆਂ ਗੱਲਾਂ ਕਰਦੇ। ਹਰਲ-ਹਰਲ ਕਰਦੇ ਏਧਰ-ਓਧਰ ਤੁਰੇ ਫਿਰਦੇ। ਇਕ ਬੇਮਤਲਬ ਆਵਾਰਗੀ ਸੀ। ਪਰ ਜਦੋਂ ਸੱਟਾਂ ਪਈਆਂ, ਮੇਰਾ ਘਰ-ਬਾਰ ਉੱਜੜ ਗਿਆ, ਮੈਂ ਸੰਭਲ ਗਿਆ। ਉਹਨਾਂ ਭਦੌੜ ਵਾਲੇ ਮਿੱਤਰਾਂ ਨੇ ਕਿੰਨੇ ਵਰ੍ਹਿਆਂ ਤੱਕ ਮੇਰਾ ਖਹਿੜਾ ਨਹੀਂ ਛੱਡਿਆ। ਮਸਾਂ ਕਿਤੇ ਜਾ ਕੇ ਗਲੋਂ ਲਹੇ ਉਹ। ਜਿਵੇਂ ਤੋੜ ਕੇ ਸੁੱਟੇ ਹੋਣ। ਭਦੌੜ ਵਾਲੇ ਬਰਬਾਦ ਕੀਤੇ ਉਹ ਕੀਮਤੀ ਸਾਲ ਭੁੱਲਦੇ ਨਹੀਂ।

ਦੋਸਤੀ ਦੇ ਮਾਮਲੇ ਵਿੱਚ ਸਭ ਕੁਝ ਹੋਣ-ਬੀਤਣ ਬਾਅਦ ਇਹ ਸਮਝ ਬਣਦੀ ਹੈ ਕਿ ਕਦੇ ਵੀ ਕਿਸੇ ਨੂੰ ਆਪਣਾ ਪੂਰਾ ਦਿਲ ਨਹੀਂ ਦੇਣਾ ਚਾਹੀਦਾ, ਦਿਲ ਦਾ ਕੁਝ ਹਿੱਸਾ ਆਪਣੇ ਕੋਲ ਰੱਖ ਲੈਣਾ ਚਾਹੀਦਾ ਹੈ। ਦੋਸਤੀ ਟੁੱਟਣ ਬਾਅਦ ਤਾਂ ਕਿ ਐਨਾ ਦੁੱਖ ਨਾ ਹੋਵੇ। ਪਰ ਇਸ ਪੰਝੱਤਰ ਸਾਲ ਦੀ ਉਮਰ ਵਿੱਚ ਜਾ ਕੇ ਜੇ ਇਹ ਸਮਝ ਵਿੱਚ ਆਇਆ ਹੈ ਤਾਂ ਕੀ ਸੁਆਹ ਸਮਝ ਆਇਆ।

## ਆਹ ਮਾਲਾ ਆਪਣੀ ਲੀਜੈ/ਬਲਦੇਵ ਸਿੰਘ

ਘਰ ਵਿੱਚ, ਗੁਰੂ ਗ੍ਰੰਥ ਸਾਹਿਬ ਦਾ ਪ੍ਰਵੇਸ਼ ਹੋ ਚੁੱਕਿਆ ਹੈ। 'ਪ੍ਰਗਟ ਗੁਰਾਂ ਕੀ ਦੇਹ' ਸਾਮਰਤੱਖ ਜਾਣ ਕੇ, ਹਰਸ਼ਰਨ ਕੌਰ ਦੇ ਰੁਝਾਨ ਹੀ ਬਦਲ ਗਏ ਹਨ। ਸਵੇਰੇ ਉਠਣਾ ਚਾਰ ਵਜੇ, ਇਸ਼ਨਾਨ ਕਰਕੇ ਦੇਹ ਨੂੰ ਪਵਿੱਤਰ ਕਰਨਾ, ਫਿਰ ਪੂਰੀ ਮਰਿਯਾਦਾ ਨਾਲ ਗੁਰੂ ਸਾਹਬ ਦਾ ਕਮਰਾ ਖੋਹਲਣਾ। ਪਹਿਲਾਂ ਸਫਾਈ ਕਰਨੀ, ਫਿਰ ਧੂਫ ਬੱਤੀ ਕਰਨੀ। ਇੱਕ ਪਾਸੇ ਛੋਟੀ ਟੇਬਲ ਤੇ ਰੱਖੀ ਦੇਸੀ ਘਿਉ ਦੀ ਜੋਤ ਜਗਾਉਣੀ। ਫਿਰ ਸ਼ਰਧਾ ਅਤੇ ਸਤਿਕਾਰ ਨਾਲ 'ਵਾਹਿਗੁਰੂ ਵਾਹਿਗੁਰੂ' ਉਚਾਰਦਿਆਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਵਾਕ ਲੈਣਾ....ਫਿਰ ੧ਓਅੰਕਾਰ ਸਤਿਨਾਮ ਕਰਤਾ ਪੁਰਖ ਤੋਂ ਸ਼ੁਰੂ ਕਰਕੇ ਨਾਨਕ ਤੇ ਮੁੱਖ ਉਜੱਲੇ ਕੇਤੀ ਛੁੱਟੀ ਨਾਲ ਤੱਕ ਪਾਠ ਕਰਨਾ ਤੇ ਗੁਰੂ ਗ੍ਰੰਥ ਸਾਹਿਬ ਸੰਤੋਖ ਦੇਣਾ...। ਇਹ ਨਿੱਤ ਦਾ ਕ੍ਰਮ ਹੋ ਗਿਆ। ਚਾਹੇ ਮੀਂਹ ਹੋਵੇ, ਝੱਖੜ ਹੋਵੇ, ਹਰਸ਼ਰਨ ਦੀ ਤਬੀਅਤ ਖਰਾਬ ਹੋਵੇ, ਉਹ ਬਿਨਾਂ ਨਾਗਾ ਇਹ ਕਾਰਜ ਨਿਭਾਉਂਦੀ ਰਹੀ ਹੈ।

ਛੱਤ ਉੱਪਰ ਜਾਂ ਛੱਤ ਵਾਲੇ ਕਮਰੇ ਵਿੱਚ ਜਾਣ ਲਈ, ਹੁਣ ਸਭ ਨੂੰ ਜੁੱਤੀ ਹੇਠਾਂ ਪੌੜੀਆਂ ਚੜ੍ਹਨ ਤੋਂ ਪਹਿਲਾਂ ਹੀ ਉਤਾਰਨੀ ਪੈਂਦੀ ਹੈ। ਛੱਤ ਉਪਰਲਾ ਕਮਰਾ ਉਸਨੇ ਆਪਣੇ ਪਤੀ ਗਗਨਜੀਤ ਸਿੰਘ ਤੋਂ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਜ਼ਿੱਦ ਕਰਕੇ ਉਚੇਚਾ ਤਿਆਰ ਕਰਵਾਇਆ ਹੈ। ਭਾਵੇਂ ਗਗਨਜੀਤ ਉਸਦੇ ਨਿੱਤ ਦੇ ਕਾਰਿਆਕ੍ਰਮ ਵੇਲੇ ਹਾਜ਼ਰ ਨਹੀਂ ਹੁੰਦਾ। ਉਹ ਇਕੱਲੀ ਹੀ ਤਾਬਿਆ ਵਿੱਚ ਖੜ੍ਹੀ ਹੋ ਕੇ ਅਰਦਾਸ ਕਰਦੀ ਰਹੀ ਹੈ। ਪਰ ਜਦੋਂ ਉਹ ਸਿਰ ਢਕੀ ਹੇਠਾਂ ਉੱਤਰ ਕੇ ਪਤਾਸਿਆਂ ਦਾ ਪ੍ਰਸ਼ਾਦ ਵੰਡਦੀ ਮੂੰਹ ਵਿੱਚੋਂ ਵਾਹਿਗੁਰੂ ਵਾਹਿਗੁਰੂ ਉਚਾਰਦੀ ਹੈ ਤਾਂ, ਗਗਨਜੀਤ ਅਤੇ ਉਸਦੇ ਦੋਵੇਂ ਬੱਚੇ ਹੱਥ ਜੋੜ ਕੇ ਪ੍ਰਸ਼ਾਦ ਲੈਂਦੇ ਹਨ। ਗਗਨਜੀਤ ਤਾਂ ਪ੍ਰਸ਼ਾਦ ਲੈਣ ਸਮੇਂ ਸ਼ਰਧਾ ਦਿਖਾਉਣ ਦਾ ਉਚੇਚਾ ਯਤਨ ਕਰਦਾ ਹੈ, ਕਿ ਹਰਸ਼ਰਨ ਇਹ ਨਾ ਮਹਿਸੂਸ ਕਰੇ, ਕਿ ਉਸਨੂੰ ਗੁਰੂ ਘਰ ਵਿੱਚ ਆਸਥਾ ਨਹੀਂ ਹੈ।

ਜਦੋਂ ਦਾ ਉਪਰਲੀ ਛੱਤ ਤੇ ਗੁਰੂ ਸਾਹਬ ਦਾ ਕਮਰਾ ਬਣਵਾਇਆ ਹੈ, ਘਰ ਵਿੱਚ ਸੁੱਖ-ਸ਼ਾਂਤੀ, ਸੰਤੋਖ ਅਤੇ ਤਸੱਲੀ ਹੈ। ਘਰ ਵਿੱਚ ਨਾ ਕੋਈ ਖਰੂਦ ਕਰਦਾ ਹੈ, ਨਾ ਵਾਧੂ ਦਾ ਰੌਲਾ ਪੈਂਦਾ ਹੈ। ਜਿਵੇਂ ਘਰ ਵਿੱਚ ਕੋਈ ਅਤਿ ਸਤਿਕਾਰ ਵਾਲਾ ਬਜ਼ੁਰਗ ਬੈਠਾ ਹੋਵੇ, ਤੁਹਾਨੂੰ ਦੇਖ ਰਿਹਾ ਹੋਵੇ, ਅਤੇ ਤੁਸੀਂ ਇੱਕ ਸਲੀਕੇ ਵਿੱਚ, ਜ਼ਾਬਤੇ ਵਿੱਚ ਰਹੋ- ਗਗਨਜੀਤ ਨੂੰ ਤਾਂ ਇਵੇਂ ਮਹਿਸੂਸ ਹੁੰਦਾ ਹੈ।

ਹਰਸ਼ਰਨ ਕੌਰ ਨੂੰ ਪੂਰਾ ਵਿਸ਼ਵਾਸ ਹੈ, ਉਸਨੇ ਜੋ ਜੋ ਸੁਪਨੇ ਲਏ ਹਨ, ਵਾਹਿਗੁਰੂ ਦੀ ਕਿਰਪਾ ਨਾ ਪੂਰੇ ਹੋਣਗੇ। ਇਹ ਵੀ ਤਾਂ ਉਸਨੂੰ ਸੁਪਨਾ ਹੀ ਆਇਆ ਸੀ,... ਉਹ ਪਾਠ ਕਰ ਰਹੀ ਹੈ।....ਸੰਗਤ ਬੈਠੀ ਹੈ।...ਸ਼ਬਦ ਕੀਰਤਨ ਹੋ ਰਿਹਾ ਹੈ।...ਫੁੱਲਾਂ ਦੀ ਬਰਖਾ ਹੋ ਰਹੀ ਹੈ- ਤੇ ਉਸਨੇ ਗਗਨਜੀਤ ਨੂੰ ਉਸੇ ਦਿਨ ਕਹਿ ਦਿੱਤਾ ਸੀ....'ਆਪਾਂ ਛੱਤ ਉਪਰ ਗੁਰੂ ਸਾਹਬ ਲਈ ਕਮਰਾ ਬਣਵਾਣਾ ਹੈ।'

ਹੁਣ ਤਾਂ ਕਮਰਾ ਵੀ ਬਣ ਗਿਆ ਹੈ।.... ਹਰਸ਼ਰਨ ਕੌਰ ਬੈਂਕ ਦੀ ਨੌਕਰੀ ਤੋਂ ਆ ਕੇ, ਮੁਹੱਲੇ ਦੀਆਂ ਕੁੱਝ ਸਹੇਲੀਆਂ ਨੂੰ ਬੁਲਾਉਂਦੀ ਹੈ। ਉਹਨਾਂ ਇਸਤਰੀ ਸਤਸੰਗ ਸਭਾ ਬਣਾ ਲਈ ਹੈ। ਢੋਲਕੀ, ਹਰਮੋਨੀਅਮ, ਛੈਣੇ ਸਭ ਖਰੀਦ ਲਏ ਹਨ। ਪਹਿਲਾਂ ਪਹਿਲਾਂ, ਤ੍ਰਕਾਲਾਂ ਵੇਲੇ ਹਰ ਰੋਜ਼ ਛੱਤ ਉੱਪਰ ਕੀਰਤਨ ਹੁੰਦਾ ਰਿਹਾ। 'ਸਗਰਾਂਦ' ਵਾਲੇ ਦਿਨ ਦਾ ਉਹ ਬੈਂਕ ਤੋਂ ਛੁੱਟੀ ਲੈ ਕੇ ਭੋਗ ਪਾਉਂਦੀ ਹੈ। ਇਸ ਦਿਨ ਲੰਗਰ ਵੀ ਬਣਾਇਆ ਜਾਂਦਾ ਹੈ। ਦੇਗ ਬਣਦੀ ਹੈ। ਪੂਰਾ ਮੁਹੱਲਾ ਮੱਥਾ ਟੇਕਣ



ਆਉਂਦਾ ਹੈ।

ਹਰਸ਼ਰਨ ਕੌਰ ਦੇ ਮਨ ਵਿੱਚ ਤਸੱਲੀ ਹੈ, ਉਹ ਵਾਹਿਗੁਰੂ ਦਾ ਲੱਖ ਲੱਖ ਸ਼ੁਕਰਾਨਾ ਕਰਦੀ ਹੈ, ਇਸ ਬਹਾਨੇ ਦਸਵੰਧ ਨਿਕਲ ਰਿਹਾ ਹੈ।

ਲੜਕਾ ਪਲੱਸ ਟੂ ਵਿੱਚ ਪੜ੍ਹਦਾ ਹੈ। ਲੜਕੀ ਦੀ ਅਗਲੇ ਮਹੀਨੇ ਸ਼ਾਦੀ ਹੋਣ ਵਾਲੀ ਹੈ। ਉਹ ਵੀ ਬੜਾ ਗੁਰਮੁਖ ਪਰਿਵਾਰ ਹੈ। ਗਗਨਜੀਤ ਨਾਲ ਗੱਲਾਂ ਕਰਦੀ ਹੈ....'ਪ੍ਰਮਾਤਮਾ ਦੀ ਮਿਹਰ ਹੈ,... ਸਾਨੂੰ ਭੁੱਲਿਆਂ ਭਟਕਿਆਂ ਨੂੰ ਆਪਣੀ ਸ਼ਰਨ ਦਿੱਤੀ ਹੈ।'

ਪਹਿਲਾਂ ਹਰਸ਼ਰਨ, ਹਰ ਆਏ ਗਏ ਸਾਧ ਸੰਤ ਦੀ ਨਿੰਦਿਆ ਕਰਦੀ ਸੀ। ਪਰ ਹੁਣ ਹਰ ਸਾਧ-ਸੰਤ ਵਿੱਚ ਉਸਨੂੰ ਪ੍ਰਮਾਤਮਾ ਵਿਖਾਈ ਦਿੰਦਾ ਹੈ। ਉਹ ਕਹਿੰਦੀ ਹੈ, 'ਸਾਧ ਦੀ ਨਿੰਦਿਆ ਕਰਨ ਵਾਲਾ ਨਰਕਾਂ ਵਿੱਚ ਜਾਂਦਾ ਹੈ। ਸੰਤ ਦੇ ਦੋਖੀ ਨੂੰ ਢੋਈ ਨਹੀਂ ਮਿਲਦੀ। ਕੀ ਪਤਾ ਕਿਹੜੇ ਭੇਸ ਵਿੱਚ ਭਗਵਾਨ ਮਿਲ ਜਾਏ।'....

ਇਹਨਾਂ ਦਿਨਾਂ ਵਿੱਚ, ਸ਼ਹਿਰ ਵਿੱਚ ਇੱਕ ਸੰਤ ਉੱਤਰੇ ਹੋਏ ਹਨ। ਹਰ ਪਾਸੇ ਉਨ੍ਹਾਂ ਦੀ ਮਹਿਮਾਂ ਹੈ। ਸ਼ਹਿਰ ਦੀ ਦਾਨਾ ਮੰਡੀ ਵਿੱਚ ਲੰਮਾ ਚੌੜਾ ਪੰਡਾਲ ਲਗਾਇਆ ਹੋਇਆ ਹੈ। ਲੋਕ ਵਹੀਰਾਂ ਘੱਤੀ ਦਰਸ਼ਨਾਂ ਨੂੰ ਜਾ ਰਹੇ ਹਨ। ਸਤਸੰਗ ਵੇਲੇ ਤਾਂ ਸ਼ਹਿਰ ਦਾ ਟਰੈਫਿਕ ਹੀ ਉਧਰ ਜਾਣੋਂ ਰੋਕ ਦਿੱਤਾ ਜਾਂਦਾ ਹੈ। ਹਰਸ਼ਰਨ ਕੌਰ ਵੀ ਮੁਹੱਲੇ ਦੀਆਂ ਔਰਤਾਂ ਨਾਲ ਸੰਤਾਂ ਦਾ ਪ੍ਰਵਚਨ ਸੁਣਨ ਗਈ ਹੈ, ਆਉਂਦੀ ਹੋਈ ਉਸਦੀਆਂ ਤਸਵੀਰਾਂ ਖਰੀਦ ਲਿਆਈ ਹੈ। ਘਰ ਦੇ ਹਰ ਕਮਰੇ ਵਿੱਚ, ਲੌਬੀ ਵਿੱਚ.....ਸੰਤਾਂ ਦੀ ਤਸਵੀਰ ਦੇ ਦਰਸ਼ਨ ਹੁੰਦੇ ਹਨ। ਛੱਤ ਉਪਰ ਗੁਰੂ ਸਾਹਬ ਦੇ ਕਮਰੇ ਵਿੱਚ ਵੀ ਸੰਤਾਂ ਦੀ ਤਸਵੀਰ ਸਜਾ ਦਿੱਤੀ ਹੈ।

ਮੁਹੱਲੇ ਵਿੱਚ ਇਸ ਪਰਿਵਾਰ ਦਾ ਪੂਰਾ ਸਤਿਕਾਰ ਹੈ। ਗੁਰੂ ਘਰ ਦੇ ਪ੍ਰੇਮੀ, ਗਊ ਗਰੀਬ ਦੀ ਰੱਖਿਆ ਕਰਨ ਵਾਲੇ, ਦੀਨ ਦੁੱਖੀ ਦੀ ਸਹਾਇਤਾ ਕਰਨ ਵਾਲੇ। ਹੁਣ ਵਾਹ ਲੱਗਦੀ ਕੋਈ ਮੰਗਤਾ-ਭਿਖਾਰੀ ਹਰਸ਼ਰਨ ਦੇ ਦਰੋਂ ਖਾਲੀ ਹੱਥ ਨਹੀਂ ਮੁੜਦਾ।...ਹਰ ਵੀਰਵਾਰ ਨੂੰ ਗਊ-ਸ਼ਾਲਾ ਵਿੱਚ ਗਊਆਂ ਨੂੰ ਪੱਠੇ ਪਾਏ ਜਾਂਦੇ ਹਨ।

ਗਗਨਜੀਤ, ਪਹਿਲਾਂ ਹਰ ਦੂਸਰੇ ਤੀਸਰੇ ਦਿਨ ਸ਼ਰਾਬ ਪੀ ਲੈਂਦਾ ਹੁੰਦਾ ਸੀ। ਫਿਰ ਉਸਨੇ ਕਦੇ ਕਦੇ ਪੀਣੀ ਸ਼ੁਰੂ ਕਰ ਦਿੱਤੀ। ਇੱਕ ਦਿਨ ਹਰਸ਼ਰਨ ਨੇ ਕਿਹਾ,

'ਵੇਖੋ ਜੀ ਘਰ ਵਿੱਚ ਗੁਰੂ ਸਾਹਬ ਬਿਰਾਜਮਾਨ ਨੇ। ਹਰ ਕਮਰੇ ਵਿੱਚ ਸੰਤ ਮਹਾਰਾਜ ਨੇ। ਇਸ ਤਰ੍ਹਾਂ ਸ਼ਰਾਬ ਪੀ ਕੇ ਤੁਸੀਂ ਉਹਨਾਂ ਦਾ ਨਿਰਾਦਰ ਕਰਦੇ ਹੋ।'

ਗਗਨਜੀਤ ਸ਼ਸ਼ੋਪੰਜ ਵਿੱਚ ਹੈ। ਬਹੁਤ ਸਾਊ ਹੈ। ਸਦਾ ਮਿਲਕੇ ਚੱਲਣ ਵਾਲੇ ਸੁਭਾਅ ਦਾ ਹੈ। ਹਲੀਮੀ ਨਾਲ ਕਹਿੰਦਾ ਹੈ:

'ਹਰਸ਼ਰਨ, ਹੁਣ ਤਾਂ ਮੈਂ ਕਦੇ ਕਦੇ ਆਪਣੇ ਦੋਸਤਾਂ ਦੀ ਸੰਗਤ ਵਿੱਚ ਹੀ ਇਹ ਕੰਮ ਕਰਦਾਂ। ਤੈਨੂੰ ਪਤਾ ਤਾਂ ਹੈ, ਜਦੋਂ ਦੇ ਗੁਰੂ ਸਾਹਬ ਘਰ ਨੇ, ਮੈਂ ਘਰ ਕਦੀ ਨਹੀਂ ਪੀਤੀ।'

'ਜਾਣਦੀ ਆਂ। ਪਰ ਕੀ ਸੋਚਦੇ ਹੋਣਗੇ ਤੁਹਾਡੇ ਦੋਸਤ ? ਘਰ ਵਿੱਚ ਗੁਰੂ ਗ੍ਰੰਥ ਸਾਹਬ, ਪਤਨੀ ਮੁਹੱਲੇ ਵਿੱਚ ਸਤਸੰਗ ਕਰਦੀ ਹੈ ਤੇ ਸਰਦਾਰ ਸਾਹਬ ਦਾਰੂ ਪੀਕੇ.......।'

'ਮੈਂ ਸਮਝਦਾਂ, ਮੇਰੇ ਦੋਸਤ ਅਜਿਹਾ ਸੋਚ ਸਕਦੇ ਨੇ, ਸੋਚਦੇ ਵੀ ਹੋਣਗੇ। ਪਰ ਮੇਰਾ ਦਾਇਰਾ, ਮੇਰਾ ਕਾਰੋਬਾਰ ਹੀ ਏਦਾਂ ਦਾ ਹੈ...ਫਿਰ ਵੀ ਮੈਂ ਤੇਰੇ ਮਨ ਨੂੰ ਦੁੱਖ ਨਹੀਂ ਪਹੁੰਚਾਣਾ ਚਾਹੁੰਦਾ, ਇਹ ਕਦੇ ਕਦੇ ਵਾਲਾ ਪ੍ਰੋਗਰਾਮ ਵੀ ਛੱਡ ਹੀ ਦਿਆਂਗਾ।'

ਤੇ ਸਚਮੁੱਚ ਗਗਨਜੀਤ, ਅੰਦਰੋਂ ਨਾ ਚਾਹੁੰਦਿਆਂ ਵੀ ਸ਼ਰਾਬ ਪੀਣੀ ਇੱਕ ਦਮ ਛੱਡ

ਦਿੰਦਾ ਹੈ। ਯਾਰਾਂ ਮਿੱਤਰਾਂ ਤੋਂ ਮਿਹਣੇ ਸੁਣਨੇ ਪਏ। ਕਈਆਂ ਨੇ ਤਾਂ 'ਬੀਵੀ ਦਾ ਜੀ ਹਜ਼ੂਰੀਆ' ਵੀ ਕਿਹਾ। ਇੱਕ ਦੋਸਤ ਨੇ ਕਿਹਾ,

"ਇਹ ਤੂੰ ਕਾਹਦਾ ਪ੍ਰਣ ਕਰ ਲਿਆ ਗਗਨਜੀਤ, ਅੱਜ ਕੱਲ੍ਹ ਤਾਂ ਕੁੱਝ ਗ੍ਰੰਥੀ ਵੀ ਗਾਤਰਾ ਕਿੱਲੇ ਉੱਪਰ ਟੰਗ ਕੇ, ਲੁਕ-ਲੁਕਾ ਕੇ ਪੀ ਲੈਂਦੇ ਨੇ।' ਉਸਨੇ ਤਾਂ ਇੱਕ ਖਾਸ ਪਹਿਚਾਣ ਵਾਲੇ ਅੰਮ੍ਰਿਤਧਾਰੀ ਦਾ ਨਾਂ ਵੀ ਦੱਸਿਆ ਜਿਹੜਾ ਡੂੰਘੀ ਰਾਤ ਉਸ ਨਾਲ ਬੈਠਕੇ ਦਾਰੂ ਪੀਂਦਾ ਹੈ।

'ਹੋ ਸਕਦਾ ਹੈ, ਇਸ ਤਰ੍ਹਾਂ ਦੇ ਮਨਮੁੱਖ ਵੀ ਹੁੰਦੇ ਨੇ। ਪਰ ਮੈਂ ਤਾਂ ਆਪਣੀ ਇੱਛਾ ਨਾਲ ਇਸਦਾ ਤਿਆਗ ਕੀਤਾ ਹੈ।'

'ਨਹੀਂ ਗਗਨਜੀਤ, ਇੱਛਾ ਨਾਲ ਨਹੀਂ, ਘਰਵਾਲੀ ਦੀ ਤਾੜਨਾ ਨਾਲ।' ਇੱਕ ਹੋਰ ਦੋਸਤ ਚੂੰਢੀ ਵੱਢਦਾ ਹੈ।

'ਜਿਵੇਂ ਮਰਜ਼ੀ ਸਮਝ ਲਓ ਭਰਾਵੋ, ਘਰ ਦੀ ਗੱਡੀ ਤਾਂ ਰਿੜ੍ਹਦੀ ਰੱਖਣੀ ਹੈ।' ਗਗਨਜੀਤ ਨਹੀਂ ਚਾਹੁੰਦਾ ਕਿ ਇਹ ਚੁੰਝ ਚਰਚਾ ਲੰਮੀ ਹੋਵੇ।

'ਅੱਛਾ ਇੱਕ ਗੱਲ ਦੱਸ ਗਗਨਜੀਤ, ਜਦੋਂ ਦਾ ਘਰ ਵਿੱਚ ਗੁਰੂ ਗ੍ਰੰਥ ਸਾਹਬ ਦਾ ਪ੍ਰਕਾਸ਼ ਕੀਤੈ, ਹਰ ਕੰਮ ਗੁਰੂ ਦਾ ਵਾਕ ਲੈ ਕੇ ਕਰਦੇ ਓਂ....... ?'

ਗਗਨਜੀਤ ਸਮਝਦਾ ਹੈ, ਇਸ ਦੋਸਤ ਦੇ ਬੋਲਾਂ ਵਿੱਚ ਸ਼ਰਾਰਤ ਹੈ। ਫਿਰ ਵੀ ਕਹਿੰਦਾ ਹੈ,

'ਇਸ ਤਰ੍ਹਾਂ ਕਰਨ ਨਾਲ ਮਾੜਾ ਕੀ ਹੈ। ਗੁਰੂ ਦਾ ਵਾਕ ਲੈ ਕੇ ਕੰਮ ਕਰਨ ਵਿੱਚ ਬਰਕਤ ਹੁੰਦੀ ਹੈ। ਮਨ ਨੂੰ ਤਸੱਲੀ ਹੁੰਦੀ ਹੈ।'

'ਗੁਰੂ ਦਾ ਵਾਕ ਲੈ ਕੇ, ਕਰਨ ਨਾਲ ਹਰ ਮਾੜਾ ਕੰਮ, ਚੰਗਾ ਤਾਂ ਨਹੀਂ ਹੋ ਜਾਂਦਾ।'

'ਤੁਸੀਂ ਚਾਹੁੰਦੇ ਕੀ ਹੋ ਯਾਰ ?' ਆਪਣੇ ਸੁਭਾਅ ਦੇ ਉਲਟ ਗਗਨਜੀਤ ਦੇ ਬੋਲਾਂ ਵਿੱਚ ਖਿੱਝ ਹੈ।

'ਅਸੀਂ ਚਾਹੁੰਦੇ ਹਾਂ, ਤੂੰ ਪਹਿਲਾਂ ਵਾਂਗ ਸਾਡੇ ਨਾਲ ਮਹਿਫਲਾਂ ਸਜਾਇਆ ਕਰ। ਅਸੀਂ ਤੈਨੂੰ ਮਿਸ ਕਰਦੇ ਆ ਯਾਰ...।' ਇੱਕ ਦੋਸਤ ਨੇ ਅੰਦਰੋਂ ਦੁੱਖੀ ਹੋ ਕੇ ਸੱਚ ਕਿਹਾ।

'ਦੋਸਤੋ ! ਹੁਣ ਇਹ ਅਨੰਦ ਵੀ ਮਾਣ ਕੇ ਦੇਖ ਲਈਏ। ਚਿੱਕੜ ਵਿੱਚ ਤਾਂ ਜਦੋਂ ਜੀ ਕੀਤਾ ਡਿੱਗ ਪਵਾਂਗੇ।' ਗਗਨਜੀਤ ਆਪਣੇ ਸੰਕਲਪ ਤੇ ਦ੍ਰਿੜ ਰਹਿਣ ਦਾ ਯਤਨ ਕਰਦਾ ਹੈ।

ਹਰਸ਼ਰਨ ਕੌਰ ਬੜੀ ਖੁਸ਼ ਹੈ।

ਘਰ ਵਿੱਚ ਮਾਸ, ਅੰਡਾ, ਮੱਛੀ, ਸ਼ਰਾਬ ਸਭ ਵਰਜਿਤ ਹੋ ਗਏ ਹਨ। ਲੜਕੀ ਦੀ ਸ਼ਾਦੀ ਪੂਰੀ ਗੁਰ ਮਰਿਯਾਦਾ ਅਨੁਸਾਰ ਕਰ ਦਿੱਤੀ ਹੈ। ਬਰਾਤ ਨੂੰ ਨਾ ਮੀਟ-ਮੁਰਗਾ ਪਰੋਸਿਆ ਗਿਆ, ਨਾ ਸ਼ਰਾਬ ਪਿਲਾਈ ਗਈ।...ਆਂਢ ਗੁਆਂਢ, ਮੁਹੱਲਾ ਇਸ ਵਿਆਹ ਤੋਂ ਬਹੁਤ ਪ੍ਰਭਾਵਤ ਹੋਇਆ।

ਹੁਣ ਮੁਹੱਲੇ ਤੋਂ ਬਾਹਰ ਦੀਆਂ ਔਰਤਾਂ ਵੀ ਹਰਸ਼ਰਨ ਕੌਰ ਕੋਲ ਆਉਣ ਲੱਗੀਆਂ ਹਨ। ਪਹਿਲਾਂ ਕੀਰਤਨ ਛੱਤ ਉੱਪਰ ਹੀ ਹੁੰਦਾ ਸੀ।..ਹੁਣ ਇਸਤਰੀ ਸਤਸੰਗ ਦਾ ਜੱਥਾ ਦੂਸਰਿਆਂ ਦੇ ਘਰਾਂ ਵਿੱਚ ਜਾ ਕੇ ਵੀ ਕੀਰਤਨ ਕਰਨ ਲੱਗਾ ਹੈ। ਹਰ ਪਾਸੇ ਇਸ ਇਸਤਰੀ ਜੱਥੇ ਦਾ ਸਤਿਕਾਰ ਵੱਧ ਰਿਹਾ ਹੈ। ਹਰਸ਼ਰਨ ਕੌਰ ਨੂੰ ਤਾਂ ਕਈ ਔਰਤਾਂ ਮੱਥਾ ਵੀ ਟੇਕ ਦਿੰਦੀਆਂ ਹਨ।

ਇਥੇ ਹੀ ਇਕ ਹੋਣੀ ਵਾਪਰ ਗਈ, ਜਿਸਨੇ ਮੁਹੱਲੇ ਅਤੇ ਪਰਿਵਾਰ ਨੂੰ ਸੁੰਨ ਕਰਕੇ ਰੱਖ ਦਿੱਤਾ।

ਬੈਂਕ ਵਿੱਚ ਕੰਮ ਕਰਦਿਆਂ, ਹਰਸ਼ਰਨ ਕੌਰ ਇੱਕ ਦਿਨ ਅਚਾਨਕ ਕੁਰਸੀ ਵਿੱਚ ਹੀ



ਲੁੜਕ ਗਈ। ਸਾਥੀ ਕਰਮਚਾਰੀਆਂ ਨੇ ਤੁਰੰਤ ਹਸਪਤਾਲ ਪਹੁੰਚਾਇਆ। ਗਗਨਜੀਤ ਨੂੰ ਫੋਨ ਕੀਤਾ, ਉਹ ਵੀ ਤੁਰੰਤ ਹਸਪਤਾਲ ਪੁੱਜਿਆ। ਗੁਰਸ਼ਰਨ ਅਜੇ ਵੀ ਬੇਸੁੱਧ ਸੀ। ਡਾਕਟਰ ਨੂੰ ਮਿਲਿਆ। ਡਾਕਟਰ ਨੇ ਦੱਸਿਆ,

'ਅਧਰੰਗ ਦਾ ਜਬਰਦਸਤ ਅਟੈਕ ਹੋਇਆ ਹੈ। ਯਾਦ ਸ਼ਕਤੀ, ਆਵਾਜ਼, ਲੱਤਾਂ ਬਾਹਾਂ ਦੀ ਹਰਕਤ, ਸਭ ਕੁਝ ਜਾ ਸਕਦਾ ਹੈ। ਆਈ ਮੀਨ ਟੋਟਲ ਪੈਰਾਲਾਇਸਸ। ਜਿੰਨਾ ਚਿਰ ਹੋਸ਼ ਨਹੀਂ ਆਉਂਦੀ ਕੁਝ ਨਹੀਂ ਕਿਹਾ ਜਾ ਸਕਦਾ। ਮਰੀਜ਼ ਦੀ ਮੌਤ ਵੀ ਹੋ ਸਕਦੀ ਹੈ, ਜਾਂ ਫਿਰ ਉਮਰ ਭਰ ਲਈ ਅਪਾਹਜ...।'

ਗਗਨਜੀਤ ਦੇ ਹੋਸ਼ ਉੱਡ ਜਾਂਦੇ ਹਨ।

ਦਵਾਈਆਂ, ਟੀਕਿਆਂ ਅਤੇ ਲਗਾਤਾਰ ਗੁਲੂਕੋਜ਼ ਚੜ੍ਹਾਉਣ ਨਾਲ ਦੂਸਰੇ ਦਿਨ ਸ਼ਾਮ ਨੂੰ ਹਰਸ਼ਰਨ ਕੌਰ ਨੇ ਅੱਖਾਂ ਪੁੱਟੀਆਂ।....ਬਾਹਾਂ ਸਥਿਲ ਹਨ, ਲੱਤਾਂ ਵਿੱਚ ਜਾਨ ਨਹੀਂ ਹੈ। ਉਹ ਨਿਰਜਿੰਦ ਜਿਹੀਆਂ ਅੱਖਾਂ ਨਾਲ ਏਧਰ ਉਧਰ ਹੈਰਾਨੀ ਨਾਲ ਵੇਖਦੀ ਮੂੰਹ ਖੋਲ੍ਹ ਕੇ ਬੋਲਣ ਦਾ ਯਤਨ ਕਰਦੀ ਹੈ ਤਾਂ ਆਵਾਜ਼ ਨਹੀਂ ਨਿਕਲੀ।

ਡਾਕਟਰ, ਹਰਸ਼ਰਨ ਕੌਰ ਦੇ ਪੈਰਾਂ ਦੀਆਂ ਤਲੀਆਂ ਵਿੱਚ ਹਰਕਤ ਕਰਦਾ ਹੈ, ਕੋਈ ਪ੍ਰਤੀਕਰਮ ਨਹੀਂ ਹੁੰਦਾ। ਬਾਹਾਂ ਦੇ ਮਾਸ ਵਿੱਚ ਚੂੰਢੀਆਂ ਭਰਦਾ ਹੈ, ਹਰਸ਼ਰਨ ਨੂੰ ਕੁਝ ਵੀ ਮਹਿਸੂਸ ਨਹੀਂ ਹੁੰਦਾ। ਡਾਕਟਰ ਲੰਮਾ ਸਾਹ ਲੈਂਦਾ ਹੈ...'ਓ ਮਾਈ ਗਾਡ।'

'ਮਿਸਟਰ ਗਗਨਜੀਤ ਸਿੰਘ, ਕੇਸ ਬਹੁਤ ਸੀਰੀਅਸ ਹੈ। ਅਜਿਹੇ ਕੇਸ ਸਾਲਾਂ ਤੱਕ ਲਟਕ ਸਕਦੇ ਹਨ। ਕੋਈ ਕੁਦਰਤ ਦਾ ਕ੍ਰਿਸ਼ਮਾ ਹੀ ਚਮਤਕਾਰ ਕਰ ਸਕਦਾ ਹੈ। ਫਿਰ ਵੀ ਆਸ ਨਾਲ ਹੀ ਸੰਸਾਰ ਹੈ। ਅਸੀਂ ਸਰੀਰ ਨੂੰ ਨਾਰਮਲ ਫਾਰਮ ਵਿੱਚ ਲਿਆਉਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਦੇ ਰਹਾਂਗੇ..?' ਡਾਕਟਰ ਗਗਨਜੀਤ ਨੂੰ ਧੀਰਜ ਦਿੰਦਾ ਹੈ।

ਹਸਪਤਾਲ ਵਿੱਚ ਦਾਖਲ ਹੋਇਆਂ ਸੱਤ ਦਿਨ ਹੋ ਗਏ ਨੇ। ਹਰਸ਼ਰਨ ਜ਼ਿੰਦਾ ਲਾਸ਼ ਵਾਂਗ ਪਈ ਛੱਤ ਵੱਲ ਘੂਰਦੀ ਰਹਿੰਦੀ ਹੈ, ਜਾਂ ਗਗਨਜੀਤ ਵੱਲ ਝਾਕਦੀ ਹੈ ਤਾਂ ਇੱਕ ਮੂਕ ਪ੍ਰਸ਼ਨ ਗਗਨਜੀਤ ਵੱਲ ਤੁਰਦਾ ਹੈ....'ਇਹ ਸਭ ਕੀ ਹੋ ਗਿਆ....?'

ਇੱਕ ਦਿਨ, ਦੁੱਖੀ ਹੋਇਆ ਗਗਨਜੀਤ ਡਾਕਟਰ ਨੂੰ ਕਹਿੰਦਾ ਹੈ....'ਡਾਕਟਰ ਸਾਹਬ ਜੇ ਇਸ ਤਰ੍ਹਾਂ ਹੀ ਟਰੀਟਮੈਂਟ ਚੱਲਣਾ ਹੈ ਤਾਂ ਅਸੀਂ ਇਹ ਘਰ ਵੀ ਕਰ ਸਕਦੇ ਹਾਂ।'

'ਤੁਹਾਨੂੰ ਬੜਾ ਮੁਸ਼ਕਲ ਹੋ ਜਾਵੇਗਾ ਗਗਨਜੀਤ। ਬੈੱਡ-ਸੋਰ ਹੋਣ ਤੋਂ ਬਚਾਉਣ ਲਈ ਬੜੀ ਇਹਤਿਆਤ ਵਰਤਣੀ ਪਏਗੀ।'

'ਮੈਂ ਸਮਝਦਾਂ ਡਾਕਟਰ ਸਾਹਬ, ਪਰ ਇਸ ਤਰ੍ਹਾਂ ਨਾ ਘਰ ਦਾ ਖਿਆਲ ਰੱਖਿਆ ਜਾਂਦਾ ਹੈ, ਨਾ ਮਰੀਜ਼ ਦਾ। ਮੈਂ ਕਦੇ ਦਫ਼ਤਰ ਵੱਲ ਦੌੜਦਾ ਹਾਂ, ਕਦੇ ਹਸਪਤਾਲ ਵੱਲ, ਕਦੇ ਘਰ ਵੱਲ। ਜੇ ਸੰਭਵ ਹੈ ਤਾਂ ਛੁੱਟੀ ਦੇ ਦਿਉ।'

ਡਾਕਟਰ ਗਗਨਜੀਤ ਦੀ ਮਜ਼ਬੂਰੀ ਸਮਝਦਾ ਹੈ। ਨੀਵੀਂ ਪਾ ਕੇ ਕੁਝ ਦੇਰ ਸੋਚਦਾ ਰਹਿੰਦਾ ਹੈ। ਫਿਰ ਕਹਿੰਦਾ ਹੈ.....

'ਠੀਕ ਹੈ, ਘਰ ਲੈ ਜਾ ਸਕਦੇ ਹੋ। ਮੈਂ ਯੂਰਿਨ ਪਾਈਪ ਨਹੀਂ ਨਿਕਾਲਾਂਗਾ, ਵਰਨਾ ਤੁਹਾਨੂੰ ਬੜੀ ਮੁਸ਼ਕਿਲ ਆਏਗੀ। ਦਿਨ ਵਿੱਚ ਦੋ ਵਾਰ ਸਪਿਰਿਟ ਨਾਲ ਜਿਸਮ ਸਾਫ਼ ਕਰਕੇ ਪਾਊਡਰ ਲਗਾਣਾ ਪਵੇਗਾ। ਮੈਂ ਅੱਜ ਬਾਅਦ ਦੁਪਹਿਰ ਸਾਰੇ ਚੈੱਕ-ਅੱਪ ਕਰਕੇ ਡਿਸਚਾਰਜ ਕਰ ਦਿਆਂਗਾ ਕੋਈ ਪਰਾਬਲਮ ਆਵੇ ਤਾਂ ਮੈਨੂੰ ਫੋਨ ਤੇ ਕਾਲ ਕਰ ਲੈਣਾ....।'

ਤੇ ਹਰਸ਼ਰਨ ਕੌਰ ਹਸਪਤਾਲ ਦੀ ਐਮਬੂਲੈਂਸ ਵਿੱਚ ਘਰ ਆ ਗਈ ਹੈ। ਅੱਧਾ ਮੁਹੱਲਾ ਦੇਖਣ ਆਇਆ ਹੈ। ਉਸਦੇ ਸਤਸੰਗ ਜੱਥੇ ਵਾਲੀਆਂ ਔਰਤਾਂ ਤਾਂ ਅੱਖਾਂ ਭਰੀ ਖੜ੍ਹੀਆਂ ਹਨ।

'ਪ੍ਰਮਾਤਮਾ, ਐਹੋ ਜੇ ਬੰਦੇ ਨੂੰ ਵੀ ਏਨੀ ਭੈੜਾ ਸਜ਼ਾ ਦਿੰਦੈ।'

'ਆਪਣੇ ਭਗਤਾਂ ਨੂੰ ਤਸੀਹੇ ਦੇ ਕੇ ਇਮਤਿਹਾਨ ਲੈਂਦੈ।'

ਭੀੜ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ।

ਹੁਣ ਗਗਨਜੀਤ ਸਿੰਘ ਅਤੇ ਉਸਦੇ ਲੜਕੇ ਦੀਆਂ ਜ਼ਿੰਮੇਵਾਰੀਆਂ ਅਤੇ ਰੁਝੇਵੇਂ ਬਹੁਤ ਵੱਧ ਗਏ ਹਨ। ਸਵੇਰੇ ਹਰਸ਼ਰਨ ਨੂੰ ਤਰਲ ਖੁਰਾਕ ਦੇਣਾ। ਪਿਸ਼ਾਬ ਵਾਲੀ ਥੈਲੀ ਖਾਲੀ ਕਰਨਾ। ਸਪਿਰਟ ਨਾਲ ਬਦਨ ਸਾਫ਼ ਕਰਨਾ। ਪਾਊਡਰ ਲਗਾ ਕੇ ਕੱਪੜੇ ਬਦਲਣਾ। ਉਸਦੀਆਂ ਅੱਖਾਂ ਦੀ ਮੂਕ ਭਾਸ਼ਾ ਸਮਝਣਾ..। ਹਰਸ਼ਰਨ ਨਾ ਆਵਾਜ਼ ਦੇ ਸਕਦੀ ਸੀ, ਨਾ ਹੱਥ ਦਾ ਇਸ਼ਾਰਾ ਕਰ ਸਕਦੀ ਸੀ। ਸਿਰਫ ਅੱਖਾਂ ਦੀਆਂ ਪੁਤਲੀਆਂ ਵਿੱਚ ਹਰਕਤ ਸੀ। ਜਾਂ ਸਿਰ ਥੋੜ੍ਹਾ ਬਹੁਤ ਹਿਲਦਾ ਸੀ। ਬੇਬਸੀ ਵਿੱਚ ਹਰਸ਼ਰਨ ਦੇ ਹੰਝੂ ਵਹਿ ਤੁਰਦੇ, ਜਿਨ੍ਹਾਂ ਨੂੰ ਉਹ ਪੂੰਝ ਵੀ ਨਹੀਂ ਸੀ ਸਕਦੀ।

ਗਗਨਜੀਤ ਅਤੇ ਉਸਦਾ ਲੜਕਾ ਹੌਲੀ ਹੌਲੀ,... ਹਰਸ਼ਰਨ ਦੀ ਦੇਖ ਭਾਲ ਕਰਨ ਦੇ ਆਦੀ ਹੋ ਰਹੇ ਹਨ। ਗੈਰ-ਹਾਜ਼ਰੀ ਵਿੱਚ ਇੱਕ ਨੌਕਰਾਣੀ ਵੀ ਰੱਖ ਲਈ ਹੈ, ਜਿਹੜੀ ਉਸਨੂੰ ਲੈਟਰੀਨ ਕਰਵਾਉਂਦੀ ਹੈ ਤੇ ਉਸਦੀ ਹੋਰ ਦੇਖਭਾਲ ਕਰਦੀ ਹੈ।

ਬਹੁਤ ਸਮਾਂ ਹੋ ਗਿਆ ਹੈ, ਹੁਣ ਗੁਰੂ ਸਾਹਬ ਵਾਲਾ ਕਮਰਾ ਕਦੀ ਨਹੀਂ ਖੋਹਲਿਆ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ, ਵਾਕ ਨਹੀਂ ਲਿਆ। ਹਰਸ਼ਰਨ ਉਪਰ ਛੱਤ ਵੱਲ ਜਾਂਦੀਆਂ ਪੌੜੀਆਂ ਵੱਲ ਤਕਦੀ ਹੰਝੂ ਵਹਾਉਣ ਲੱਗਦੀ ਹੈ। ਗਗਨਜੀਤ ਆਪਣੇ ਢੰਗ ਨਾਲ ਸਮਝਣ ਦਾ ਯਤਨ ਕਰਦਾ ਹੈ।...

'ਛੱਤ ਉਪਰ ਜਾਣਾ ਹੈ..?'

ਅੱਖਾਂ ਵਿੱਚ ਕੋਈ ਹਰਕਤ ਨਹੀਂ ਹੁੰਦੀ। ਉਹ ਫਿਰ ਪੁੱਛਦਾ ਹੈ।

'ਛੱਤ ਦਾ ਦਰਵਾਜ਼ਾ ਬੰਦ ਕਰ ਦਿਆਂ...?'...ਫਿਰ ਵੀ ਕੋਈ ਹਰਕਤ ਨਹੀਂ ਹੁੰਦੀ। ਗਗਨਜੀਤ ਨੂੰ ਛੱਤ ਵਾਲੇ ਕਮਰੇ ਦੀ ਯਾਦ ਆਉਂਦੀ ਹੈ। ਪੁੱਛਦਾ ਹੈ।

'ਸਵੇਰੇ ਪਾਠ ਕਰ ਲਿਆ ਕਰਾਂ...?'

ਅੱਖਾਂ ਵਿੱਚ ਜ਼ਰਾ ਕੁ ਚਮਕ ਆਉਂਦੀ ਹੈ। ਪੁਤਲੀਆਂ ਹਿਲਦੀਆਂ ਹਨ।

'ਠੀਕ ਹੈ, ਮੈਂ ਪਾਠ ਕਰ ਲਿਆ ਕਰੂੰਗਾ।'

ਹਰਸ਼ਰਨ ਸ਼ਾਂਤ ਹੋ ਜਾਂਦੀ ਹੈ।

ਦਵਾਈ ਲਗਾਤਾਰ ਚੱਲ ਰਹੀ ਹੈ। ਹਰਸ਼ਰਨ ਦੀ ਸਥਿਤੀ ਜਿਉਂ ਦੀ ਤਿਉਂ ਹੈ, ਫਰਕ ਸਿਰਫ ਇੰਨਾ ਆਇਆ ਹੈ, ਗਗਨਜੀਤ ਹੁਣ ਹਰਸ਼ਰਨ ਦੇ ਇਸ਼ਾਰਿਆਂ ਦੀ ਭਾਸ਼ਾ ਸਮਝਣ ਲੱਗਾ ਹੈ। ਪਹਿਲਾਂ ਉਸਨੂੰ ਅੰਦਾਜ਼ਾ ਲਾਉਣਾ ਪੈਂਦਾ ਸੀ। ਹਰਸ਼ਰਨ ਜ਼ਰਾ ਕੁ ਬੇਚੈਨ ਦਿੱਸੀ ਤਾਂ ਉਹ ਸਵਾਲ ਤੇ ਸਵਾਲ ਕਰੀ ਜਾਂਦਾ।

-ਭੁੱਖ ਲੱਗੀ ਹੈ...?

- ਲੈਟਰੀਨ ਕਰਨੀ ਹੈ?

- ਕੱਪੜੇ ਬਦਲਣੇ ਨੇ..?

- ਸਿਰਹਾਣਾ ਠੀਕ ਨਹੀਂ ਹੈ..?

- ਪਾਸਾ ਦਵਾ ਦਿਆਂ...?



- ਪਾਣੀ ਪੀਣਾ ਹੈ...?

ਤੇ ਜਿਸ ਸਵਾਲ ਤੇ ਹਰਸ਼ਰਨ ਦੀਆਂ ਪੁਤਲੀਆਂ ਹਰਕਤ ਕਰਦੀਆਂ, ਉਸਨੂੰ ਸਮਝ ਲੱਗਦੀ, ਉਹ ਕੀ ਚਾਹੁੰਦੀ ਹੈ।

ਹੁਣ, ਜਦੋਂ ਹਰਸ਼ਰਨ ਲੜਕੇ ਦੀ ਤਸਵੀਰ ਵੱਲ ਵੇਖਕੇ ਕੰਧ ਤੇ ਲੱਗੀ ਘੜੀ ਵੱਲ ਵੇਖਦੀ ਹੈ ਤਾਂ ਗਗਨਜੀਤ ਸਮਝ ਜਾਂਦਾ ਹੈ। ਕੋਲ ਜਾਂਦਾ ਹੈ। ਸਿਰ ਦੇ ਵਾਲਾਂ ਵਿੱਚ ਹੱਥ ਫੇਰਕੇ ਆਖਦਾ ਹੈ।...'ਮੌਂਟੀ ਆ ਜਾਏਗਾ। ਅਜੇ ਏਨੀ ਦੇਰ ਨਹੀਂ ਹੋਈ।'

ਕਦੇ ਉਹ ਲੜਕੀ ਦੀ ਤਸਵੀਰ ਵੱਲ ਵੇਖਦੀ, ਟੈਲੀਫੂਨ ਵੱਲ ਤੱਕਣ ਲੱਗਦੀ ਹੈ। ਗਗਨਜੀਤ ਆਪਣੀ ਬੇਟੀ ਨਾਲ ਫੋਨ ਮਿਲਾਕੇ, ਉਸਨੂੰ ਸਮਝਾ ਦਿੰਦਾ ਹੈ,...ਤੇ ਫਿਰ ਉਹ ਹਰਸ਼ਰਨ ਦੇ ਕੰਨ ਨਾਲ ਲਾ ਦਿੰਦਾ ਹੈ। ਬੇਟੀ ਗੱਲਾਂ ਕਰਦੀ ਰਹਿੰਦੀ ਹੈ ਤਾਂ ਹਰਸ਼ਰਨ ਦੀਆਂ ਅੱਖਾਂ ਵਿੱਚੋਂ ਹੰਝੂ ਵਹਿੰਦੇ ਰਹਿੰਦੇ ਹਨ।

ਸਵੇਰੇ ਸ਼ਾਮ ਇੱਕ ਹੋਰ ਮੁਸੀਬਤ ਪੈਦਾ ਹੋ ਗਈ।

ਗਗਨਜੀਤ ਬਾਥਰੂਮ ਵਿੱਚ ਹੁੰਦਾ, ਘੰਟੀ ਵਜਦੀ। ਉਹ ਕਾਹਲੀ ਨਾਲ ਉਵੇਂ ਤੌਲੀਆ ਲਪੇਟ ਕੇ ਬਾਹਰ ਆਉਂਦਾ। ਕਦੇ ਕਿਸੇ ਮੁਹੱਲੇ ਦੀ ਹਰਸ਼ਰਨ ਦੀ ਸਹੇਲੀ, ਕਦੇ ਬੈਂਕ ਦਾ ਕੋਈ ਸਾਥੀ ਕਰਮਚਾਰੀ, ਕਦੇ ਗਗਨਜੀਤ ਦੇ ਆਪਣੇ ਦਫ਼ਤਰ ਦਾ ਦੋਸਤ ਬਾਹਰ ਖੜ੍ਹਾ ਹੁੰਦਾ।

'ਕੀ ਹਾਲ ਹੈ ਭੈਣ ਜੀ ਦਾ?' ਪੁੱਛਦਾ ਉਹ ਅੰਦਰ ਆਉਂਦਾ। ਗਗਨਜੀਤ ਉਸਨੂੰ ਹਰਸ਼ਰਨ ਦੇ ਸਿਰਹਾਣੇ ਲਿਆ ਖੜ੍ਹਾ ਕਰਦਾ-'ਵੇਖ ਲਉ-।'

'ਬੇਟਾ ਪਾਣੀ ਪਿਲਾਓ ਅੰਕਲ ਨੂੰ..।' ਗਗਨਜੀਤ ਲੜਕੇ ਨੂੰ ਆਵਾਜ਼ ਦਿੰਦਾ।

'ਨਹੀਂ ਪਲੀਜ਼ ਕਿਸੇ ਚੀਜ਼ ਦੀ ਲੋੜ ਨਹੀਂ।'

ਲੜਕਾ ਪਾਣੀ ਲੈ ਆਉਂਦਾ।

'ਬੇਟੇ ਦੋ ਕੱਪ ਚਾਹ ਵੀ ਬਣਾ ਲਈਂ।'

'ਪਲੀਜ਼ ਇੰਜ ਨਾ ਕਰੋ। ਮੇਰੇ ਕੋਲੋਂ ਤਾਂ ਰਿਹਾ ਨਹੀਂ ਗਿਆ। ਪ੍ਰਮਾਤਮਾ ਨੇ ਬੜਾ ਧੱਕਾ ਕੀਤਾ ਜੇ ਤੁਸਾਂ ਨਾਲ...।'

ਚਾਹ ਆ ਗਈ।

'ਤੁਸਾਂ ਨੂੰ ਬੜਾ ਮੁਸ਼ਕਲ ਹੋ ਗਿਆ ਗਗਨਜੀਤ ਜੀ। ਦੇਖ ਲਉ, ਭੈਣ ਜੀ ਸਾਰਾ ਸਮਾਂ ਪ੍ਰਮਾਤਮਾ ਦਾ ਨਾਮ ਜਪਦੇ ਰਹਿੰਦੇ ਸਨ। ਸਿਮਰਨ ਵਿੱਚ ਰਹਿੰਦੇ ਸਨ। ਪ੍ਰਮਾਤਮਾ ਅਜਿਹੇ ਬੰਦਿਆਂ ਨੂੰ ਵੀ.....।'

'ਕੀ ਕਰ ਸਕਦੇ ਆਂ ਭਾਈ ਸਾਹਬ, ਓਹਦੀ ਮਰਜ਼ੀ।' ਗਗਨਜੀਤ ਆਖਦਾ।

'ਆਖਦੇ ਨੇ ਪ੍ਰਮਾਤਮਾ ਜੋ ਕਰਦਾ ਏ...ਚੰਗਾ ਕਰਦਾ ਏ...ਉਸਦੀ ਲੀਲ੍ਹਾ ਕੀ ਏ, ਕੀ ਪਤਾ, ਹੁਣ ਤੇ ਇਹ ਭਾਣਾ ਮੰਨਣਾ ਪੈਣਾ ਏ, ਗਗਨਜੀਤ ਜੀ...।'

'ਮੰਨੀ ਜਾ ਰਹੇ ਆਂ ਜੀ।' ਗਗਨਜੀਤ ਗੱਲ ਲੰਮੀ ਨਹੀਂ ਕਰਨੀ ਚਾਹੁੰਦਾ। ਉਸਨੇ ਅਜੇ ਨਹਾਉਣਾ ਹੈ। ਫਿਰ ਹਰਸ਼ਰਨ ਨੂੰ ਤਰਲ ਖਾਣਾ ਖਵਾਉਣਾ ਹੈ। ਉਸਦੇ ਕਪੜੇ ਬਦਲਣੇ ਹਨ। ਦਫ਼ਤਰ ਜਾਣਾ ਹੈ।...ਇਸ ਤਰ੍ਹਾਂ ਇੱਕ ਸ਼ੁਭਚਿੰਤਕ ਨੂੰ ਤੋਰ ਕੇ, ਉਹ ਬਾਥਰੂਮ ਵਿੱਚ ਨਹਾਉਣ ਲਈ ਗਿਆ ਹੀ ਸੀ, ਘੰਟੀ ਫਿਰ ਖੜਕ ਪਈ।

'ਬੇਟਾ ਦੇਖੀਂ।' ਗਗਨਜੀਤ ਅੰਦਰੋਂ ਹੀ ਆਵਾਜ਼ ਦਿੰਦਾ ਹੈ।

ਜਦੋਂ ਉਹ ਨਹਾ ਕੇ ਬਾਹਰ ਆਉਂਦਾ ਹੈ ਤਾਂ ਦੇਖਦਾ ਹੈ, ਸੋਫੇ ਉਪਰ, ਫਗਵਾੜੇ ਤੋਂ ਆਏ

ਰਿਸ਼ਤੇਦਾਰ ਬੈਠੇ ਹਨ।

ਸ਼ਾਮ ਵੇਲੇ, ਮੁਹੱਲੇ ਦੀਆਂ ਔਰਤਾਂ ਅਤੇ ਹੋਰ ਜਾਣ-ਪਛਾਣ ਵਾਲੇ ਆਏ ਰਹਿੰਦੇ। ਕਈ ਵਾਰ ਤਾਂ ਗਗਨਜੀਤ, ਹਰਸ਼ਰਨ ਦੇ ਜਿਸਮ ਨੂੰ ਸਪਿਰਟ ਨਾਲ ਸਾਫ਼ ਕਰ ਰਿਹਾ ਹੁੰਦਾ, ਜਾਂ ਪੇਸ਼ਾਬ ਵਾਲੀ ਥੈਲੀ ਖਾਲੀ ਕਰ ਰਿਹਾ ਹੁੰਦਾ ਜਾਂ ਉਸ ਥੱਲੇ ਕਮੋਟ ਰੱਖ ਰਿਹਾ ਹੁੰਦਾ,....ਘੰਟੀ ਖੜਕ ਜਾਂਦੀ।

ਇਸ ਤਰ੍ਹਾਂ ਹੀ ਦੋ ਸਾਲ ਲੰਘ ਗਏ।.... ਕਦੇ ਕਦੇ ਹਰਸ਼ਰਨ ਮੂੰਹ ਵਿੱਚੋਂ ਕੋਈ ਆਵਾਜ਼ ਕੱਢਦੀ ਤਾਂ ਇਉਂ ਲੱਗਦਾ, ਦਵਾਈ ਅਸਰ ਕਰ ਰਹੀ ਹੈ। ਪਰ ਹੱਥ ਪੈਰ ਉਵੇਂ ਸਥਿਰ ਪਏ ਰਹਿੰਦੇ ਤੇ ਉਹ ਘਰ ਵਿੱਚ ਤੁਰੇ ਫਿਰਦੇ ਗਗਨਜੀਤ ਅਤੇ ਆਪਣੇ ਲੜਕੇ ਦੇ ਪਿੱਛੇ ਪਿੱਛੇ ਅੱਖਾਂ ਦੀਆਂ ਪੁਤਲੀਆਂ ਲਈ ਫਿਰਦੀ।

ਗਗਨਜੀਤ ਨੇ ਜਿੱਥੇ ਵੀ ਸੁਣਿਆ, ਉਹ ਗਿਆ। ਮੰਦਰਾਂ ਵਿੱਚ, ਗੁਰਦੁਆਰਿਆਂ ਵਿੱਚ, ਪੀਰਾਂ ਦੀਆਂ ਦਰਗਾਹਾਂ ਤੇ, ਮੱਥੇ ਰਗੜੇ, ਅਰਦਾਸਾਂ ਕੀਤੀਆਂ, ਦੁਆਵਾਂ ਮੰਗੀਆਂ। ਭਿੰਨ ਥਾਵਾਂ ਤੇ ਤਾਂ ਉਹ ਹਰਸ਼ਰਨ ਨੂੰ ਕਾਰ ਵਿੱਚ ਪਾ ਕੇ ਲੈ ਕੇ ਗਿਆ। ਇੱਕ ਵਾਰ ਤਾਂ ਦੁੱਖੀ ਹੋਇਆ। ਇਹ ਵੀ ਦੁਆ ਕਰ ਬੈਠਾ...'ਜੇ ਰਾਜ਼ੀ ਨਹੀਂ ਕਰਨਾ ਤਾਂ ਇਸ ਉਪਰ ਪਰਦਾ ਹੀ ਪਾ ਦਿਉ। ਚਾਰ ਸਾਲ ਹੋ ਚਲੇ ਨੇ, ਇਹ ਨਰਕ ਭੋਗ ਰਹੀ ਹੈ, ਅਸੀਂ ਨਰਕ ਵਿੱਚ ਜਿਉਂ ਰਹੇ ਹਾਂ।'....

ਕਈ ਵਾਰ ਤਾਂ ਉਸਦਾ ਰੋਣ ਨਿਕਲ ਜਾਂਦਾ। ਆਪਣੇ ਪੁੱਤਰ ਸਾਹਮਣੇ ਉਹ ਜਿੰਨਾ ਦ੍ਰਿੜ ਦਿੱਸਣ ਦਾ ਯਤਨ ਕਰਦਾ, ਜਦੋਂ ਇਕੱਲਾ ਹੁੰਦਾ- ਹਰਸ਼ਰਨ ਦੀ-'ਆਂ...ਆਂ...ਆਂ' ਸੁਣਦਾ ਕੰਧਾਂ ਵਿੱਚ ਮੁੱਕੀਆਂ ਮਾਰਨ ਲੱਗਦਾ।

ਹੁਣ ਤਾਂ ਹਰਸ਼ਰਨ ਦੇ ਖੂਬਸੂਰਤ ਚਿਹਰੇ ਦੀ ਸ਼ਕਲ ਵੀ ਦਿਨੋਂ ਦਿਨ ਵਿਗੜ ਰਹੀ ਹੈ। ਮੂੰਹ ਵਿੱਚੋਂ ਰਾਲਾਂ ਲਗਾਤਾਰ ਵਗਦੀਆਂ ਰਹਿੰਦੀਆਂ ਹਨ। ਗਗਨਜੀਤ ਨੇ ਉਸਦੇ ਗਲ ਵਿੱਚ ਤੌਲੀਆ ਲਪੇਟ ਦਿੱਤਾ ਹੈ ਤੇ ਦਿਨ ਵਿੱਚ ਕਈ ਵਾਰ ਬਦਲਦਾ ਰਹਿੰਦਾ ਹੈ। ਦਫ਼ਤਰ ਵਿੱਚੋਂ ਦੋ ਵਾਰ ਘਰ ਆ ਕੇ ਹਰਸ਼ਰਨ ਨੂੰ ਦੇਖਣਾ ਪੈਂਦਾ ਹੈ। ਦਫ਼ਤਰ ਜਾਣ ਤੋਂ ਪਹਿਲਾਂ ਅਤੇ ਦਫ਼ਤਰ ਵਿੱਚੋਂ ਆਉਣ ਤੋਂ ਬਾਅਦ ਗਗਨਜੀਤ ਨੂੰ ਇਕ ਪਲ ਦਾ ਵਿਹਲ ਨਹੀਂ ਹੈ। ਫਿਰ ਵੀ ਸਿਰੜ ਨਾਲ ਉਹ ਕਦੇ ਰਸੋਈ ਵਿੱਚ ਹੁੰਦਾ ਹੈ, ਕਦੇ ਹਰਸ਼ਰਨ ਦੇ ਦੁਆਲੇ। ਰਸੋਈ ਦੀ ਏਨੀ ਦੁਰਦਸ਼ਾ ਕਦੇ ਨਹੀਂ ਹੋਈ।...ਗੁੱਠਾਂ ਵਿੱਚ ਚਾਹ, ਬਚੀ ਹੋਈ ਦਾਲ ਸਬਜ਼ੀ ਕਈ ਕਈ ਦਿਨ ਪਈ ਰਹਿੰਦੀ ਹੈ। ਭਾਂਡਿਆਂ ਨਾਲ ਕਾਲਖ ਲੱਗੀ ਸਾਫ਼ ਦਿੱਸਦੀ ਹੈ। ਰਸੋਈ ਵਿੱਚ ਵੜਦਿਆਂ ਹੀ ਇੱਕ ਅਜੀਬ ਕਿਸਮ ਦੀ ਦੁਰਗੰਧ ਆਉਂਦੀ ਹੈ। ਗਗਨਜੀਤ ਦੁੱਖੀ ਹੋਇਆ ਸੋਚਦਾ ਹੈ, ਕਦੇ ਹਰਸ਼ਰਨ ਦੀ ਚਮਕਦੀ ਰਸੋਈ ਦੀਆਂ ਸਿਫਤਾਂ ਹੁੰਦੀਆਂ ਸਨ ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਵਿੱਚ।

ਇੱਕ ਦਿਨ ਲੜਕੀ ਦਾ ਫ਼ੋਨ ਆਇਆ, ਸਹੁਰੇ ਤੰਗ ਕਰਦੇ ਹਨ। ਉਹ ਮਾਂ ਨਾਲ ਗੱਲ ਕਰਨਾ ਚਾਹੁੰਦੀ ਹੈ। ਪਰ ਗਗਨਜੀਤ ਨੇ ਮਨ੍ਹਾ ਕਰ ਦਿੱਤਾ...'ਪਲੀਜ਼ ਬੇਟੇ, ਮਾਂ ਨੂੰ ਹੋਰ ਦੁੱਖੀ ਨਾ ਕਰੀਂ। ਮੈਂ ਕਿਸੇ ਮੌਕੇ ਆਵਾਂਗਾ।'..ਉਹ ਮੱਥਾ ਫੜਕੇ ਬੈਠ ਜਾਂਦਾ ਹੈ। 'ਮੁਸੀਬਤਾਂ ਦੀ ਇਹ ਬਾਰਾਤ ਮੇਰੇ ਘਰ ਹੀ ਕਿਉਂ ਆਉਂਦੀ ਹੈ ?'

ਹਰਸ਼ਰਨ ਮੂੰਹ ਵਿੱਚੋਂ ਭਿਆਨਕ ਜਿਹੀ ਆਵਾਜ਼ ਕੱਢਦੀ ਹੈ, ਤੇ ਬਾਰ ਬਾਰ ਲੜਕੀ ਦੀ ਫੋਟੋ ਵੱਲ ਵੇਖਦੀ ਹੈ। ਗਗਨਜੀਤ ਸਮਝਦਾ ਹੈ, ਇਹ ਪੁੱਛਦੀ ਹੈ, ਫੋਨ ਲੜਕੀ ਦਾ ਸੀ. ? ਉਹ ਦੱਸਣਾ ਨਹੀਂ ਚਾਹੁੰਦਾ। ਹਰਸ਼ਰਨ ਲਗਾਤਾਰ..'ਆਂ...ਆਂ...ਆਂ..' ਦੀਆਂ ਆਵਾਜ਼ਾਂ ਕੱਢ ਰਹੀ ਹੈ। ਰੋਂਦੀ ਹੈ।

ਗਗਨਜੀਤ ਖਿੱਝਿਆ ਹਰਸ਼ਰਨ ਦੇ ਸਿਰਹਾਣੇ ਆ ਖੜ੍ਹਦਾ ਹੈ।



'ਕੀ ਚਾਹੀਦੈ ਤੈਨੂੰ... ?'

ਹਰਸ਼ਰਨ ਰੋਂਦੀ ਹੋਈ ਲੜਕੀ ਦੀ ਤਸਵੀਰ ਵੱਲ ਤੱਕਣ ਲਗਦੀ ਹੈ।

'ਬੇਟੀ ਦਾ ਫੋਨ ਨਹੀਂ ਸੀ। ਮੇਰੇ ਦੋਸਤ ਦਾ ਸੀ...।' ਗਗਨਜੀਤ, ਤੌਲੀਏ ਨਾਲ ਮੂੰਹ ਵਿੱਚੋਂ ਵਗੀ ਰਾਲ ਪੂੰਝਦਾ ਕਹਿੰਦਾ ਹੈ।

'ਆਂ...ਆਂ....।' ਕਰਦੀ ਹਰਸ਼ਰਨ ਸਿਰ ਮਾਰਦੀ ਹੈ ਤੇ ਜ਼ਿੱਦ ਕਰਦੀ ਹੈ,...ਫ਼ੋਨ ਮੇਰੀ ਬੇਟੀ ਦਾ ਹੀ ਸੀ।

ਗਗਨਜੀਤ ਉਸਦੀਆਂ ਭਾਵਨਾਵਾਂ ਸਮਝਦਾ ਤਾਂ ਹੈ, ਪਰ ਕੀ ਕਰੇ। ਉਸਦਾ ਜੀਅ ਕੰਧ ਵਿੱਚ ਟੱਕਰਾਂ ਮਾਰਨ ਨੂੰ ਕਰਦਾ ਹੈ। ਇਹ ਕੋਈ ਜਿਉਣਾ ਹੈ... ?

ਉਹ ਝੁੰਜਲਾ ਕੇ ਉਠ ਖੜਦਾ ਹੈ।

ਹਰਸ਼ਰਨ ਲਗਾਤਾਰ ਆਂ 'ਆਂ ਆਂ' ਦੀਆਂ ਆਵਾਜ਼ਾਂ ਕੱਢਦੀ ਰੋਈ ਜਾ ਰਹੀ ਹੈ। ਹੁਣ ਉਹ ਥੱਕ ਗਿਆ ਹੈ। ਟੁੱਟ ਗਿਆ ਹੈ। ਬੇਬਸ ਹੈ। ਸਮਝ ਨਹੀਂ ਆਉਂਦੀ ਕੀ ਕਰੇ, ਕਿਧਰ ਜਾਵੇ। ਇੱਕ ਦਿਨ ਡੂੰਘੀ ਸ਼ਾਮ ਨੂੰ ਉਹ ਛੱਤ ਉੱਪਰ ਗਿਆ। ਗੁਰੂ ਗ੍ਰੰਥ ਸਾਹਬ ਦੇ ਪ੍ਰਕਾਸ਼ ਵਾਲਾ ਕਮਰਾ ਖੋਹਲਿਆ। ਦੇਖਿਆ, ਰੁਮਾਲਿਆਂ ਉਪਰ ਧੂੜ ਜੰਮੀ ਪਈ ਸੀ। ਮਨ ਬੜਾ ਦੁੱਖੀ ਹੋ ਗਿਆ। ਗੁਰੂ ਨੂੰ ਉਲਾਹਮਾ ਦੇਣ ਵਾਂਗ ਬੋਲਿਆ, 'ਇਹ ਦੁਰਦਸ਼ਾ ਤੁਸੀਂ ਆਪ ਹੀ ਕਰਵਾਈ ਹੈ। ਤੁਹਾਡੀ ਕਿੰਨੀ ਸੇਵਾ ਕਰਦੀ ਸੀ। ਕਦੇ ਧੂਫ ਬੱਤੀਆਂ, ਕਦੇ ਸਤਸੰਗ, ਕਦੇ ਕੀਰਤਨ, ਕਦੇ ਪ੍ਰਭਾਤ ਫੇਰੀਆਂ, ਪਰ ਤੁਸੀਂ ਇਸ ਸੇਵਾ ਦਾ ਫਲ ਚੰਗਾ ਦਿੱਤਾ ਹੈ। ਘਰ ਵਿੱਚ ਮਰਿਯਾਦਾ ਦਾ ਪਾਲਣ ਕਰਨ ਲਈ, ਮੈਂ ਕਦੇ ਦਾਰੂ ਨਹੀਂ ਪੀਤੀ। ਪਰ ਤੁਸੀਂ ਏਹ ਕੇਹਾ ਇਮਤਿਹਾਨ ਲੈ ਰਹੇ ਓਂ ਸਾਡਾ... ? ਮੈਂ ਤਾਂ ਹੁਣ ਏਨੀ ਜੋਗਾ ਵੀ ਨਹੀਂ ਠੀਕ ਢੰਗ ਨਾਲ ਤੁਹਾਡੀ ਸੇਵਾ ਕਰ ਸਕਾਂ। ਅਰਦਾਸ ਹੈ, ਤੁਸੀਂ ਆਪਣੇ ਘਰ ਜਾਓ...ਤੇ ਸਾਨੂੰ ਬਖਸ਼ੋ..।'

ਅਗਲੇ ਦਿਨ ਗਗਨਜੀਤ ਸਿੰਘ, ਗੁਰਦੁਆਰਾ ਸਾਹਬ ਦੇ ਗ੍ਰੰਥੀ ਨੂੰ ਮਿਲਦਾ ਹੈ। ਆਪਣੀ ਸਮੱਸਿਆ ਸਮਝਾਉਂਦਾ ਹੈ। ਗ੍ਰੰਥੀ ਉਸੇ ਸ਼ਾਮ ਗੁਰੂ ਗ੍ਰੰਥ ਸਾਹਬ ਦੀ ਦੇਹ ਪੂਰੀ ਗੁਰ ਮਰਿਯਾਦਾ ਨਾਲ ਗੁਰਦੁਆਰਾ ਸਾਹਬ ਵਿੱਚ ਲੈ ਜਾਂਦਾ ਹੈ। ਬਾਕੀ ਸਾਮਾਨ, ਛੋਟੀਆਂ ਗੱਦੀਆਂ, ਰੁਮਾਲੇ, ਚਾਨਣੀ, ਪੀੜ੍ਹਾ ਸਾਹਬ, ਗਗਨਜੀਤ ਗੁਰਦੁਆਰੇ ਛੱਡ ਆਉਂਦਾ ਹੈ।

ਹਰਸ਼ਰਨ ਅੱਖਾਂ ਵਿੱਚ ਰੋਸ ਭਰੀ ਤਕਦੀ ਰਹਿੰਦੀ ਹੈ ਤੇ ਹੰਝੂ ਵਹਾਉਂਦੀ ਰਹਿੰਦੀ ਹੈ। ਉਹ ਇੱਕ ਦੋ ਵਾਰ ਸਿਰ ਮਾਰਕੇ ਸਮਝਾਉਣ ਦਾ ਯਤਨ ਕਰਦੀ ਹੈ, ਪਰ ਗਗਨਜੀਤ ਸਮਝਦਾ ਹੋਇਆ ਵੀ, ਅਣਗੌਲਿਆਂ ਕਰੀ ਰੱਖਦਾ ਹੈ।

ਹਨੇਰਾ ਹੋਏ ਤੋਂ ਗਗਨਜੀਤ ਬਾਜ਼ਾਰ ਜਾਂਦਾ ਹੈ। ਠੇਕੇ ਉਪਰ ਜਾ ਕੇ ਬੋਤਲ ਖਰੀਦਦਾ ਹੈ। ਘਰ ਆ ਕੇ ਛੱਤ ਉਪਰ ਚਲਿਆ ਜਾਂਦਾ ਹੈ। ਛੱਤ ਵਾਲੇ ਕਮਰੇ ਦਾ ਦਰਵਾਜ਼ਾ ਖੋਹਲਦਾ ਹੈ, ਖਿੜਕੀਆਂ ਵੀ ਖੋਹਲ ਦਿੰਦਾ ਹੈ।....ਅੰਦਰ ਠੰਢੀ ਪੌਣ ਦਾ ਬੁਲ੍ਹਾ ਆਉਂਦਾ ਹੈ।...ਬੰਦ ਕਮਰੇ ਦੀ ਹਵਾੜ-ਹੁੰਮਸ ਬਾਹਰ ਨਿਕਲ ਜਾਂਦੀ ਹੈ।

ਕਮਰੇ ਦੇ ਬਾਹਰ ਮੇਜ਼ ਲਗਾ ਕੇ, ਉਪਰ ਬੋਤਲ ਰੱਖ ਕੇ ਠੰਡੇ ਪਾਣੀ ਦਾ ਜੱਗ ਅਤੇ ਗਿਲਾਸ ਲਿਆਕੇ, ਕੁਰਸੀ ਉਪਰ ਬੈਠ ਕੇ ਪੈੱਗ ਦੀ ਪਹਿਲੀ ਘੁੱਟ ਭਰਦਾ ਹੈ। ਅੱਖਾਂ ਮੀਚ ਕੇ ਕੁਝ ਦੇਰ ਬੈਠਾ ਰਹਿੰਦਾ ਹੈ। ਫਿਰ ਅੱਖਾਂ ਖੋਹਲਦਾ ਹੈ, ਦੂਰ ਇਕ ਬਦਲੀ ਉਠੀ ਦਿਖਾਈ ਦਿੰਦੀ ਹੈ। ਇੱਕ ਦੋ ਵਾਰ ਬਿਜਲੀ ਵੀ ਲਿਸ਼ਕੀ ਹੈ, ਲਗਦਾ ਹੈ ਮੀਂਹ ਆਏਗਾ। ਉਹ ਗਲਾਸ ਖਾਲੀ ਕਰਕੇ ਲੰਮਾ ਸਾਹ ਲੈਂਦਾ ਹੈ, ਸੌਖਾ ਜਿਹਾ, ਤੇ ਦੋਵੇਂ ਲੱਤਾਂ ਮੇਜ਼ ਉੱਪਰ ਫੈਲਾ ਦਿੰਦਾ ਹੈ। ਹੈਰਾਨ ਹੈ, ਵਰ੍ਹਿਆਂ ਬਾਅਦ ਅੱਜ ਉਹ ਕਾਫੀ ਹੌਲਾ ਹੌਲਾ ਮਹਿਸੂਸ ਕਰ ਰਿਹਾ ਹੈ। ਜਿਵੇਂ ਕਿਸੇ ਭਾਰੇ ਬੋਝ ਥੱਲਿਉਂ ਨਿਕਲਿਆ ਹੋਵੇ।

ਕੋਈ ਕੋਈ ਕਣੀ ਡਿੱਗਣ ਲੱਗੀ ਹੈ। ਇਸ ਅਨੰਦਮਈ ਅਵਸਥਾ ਵਿੱਚ ਉਹ ਉਪਰ ਅਸਮਾਨ ਵੱਲ ਮੂੰਹ ਕਰਕੇ ਅੱਖਾਂ ਮੀਚ ਲੈਂਦਾ ਹੈ।

## ਦਰਸ਼ਕ/ਦੇਸ ਰਾਜ ਕਾਲੀ

ਜਿਨ੍ਹੀਂ ਦਿਨੀਂ ਚੰਦਰਮਾ ਅਕਾਸ਼ 'ਚ ਹੋਵੇ, ਮੈਨੂੰ ਨੀਂਦ ਨਹੀਂ ਆਉਂਦੀ। ਪਰ ਪਹਿਲਾਂ ਕਦੇ ਡਰ ਜਿਹਾ ਨਹੀਂ ਲੱਗਿਆ। ਅੱਜ ਹਲਕੀ ਜਿਹੀ ਪੈਂਸਲ ਵੀ ਦਿਲ ਤੱਕ ਪਹੁੰਚ ਰਹੀ ਹੈ। ਮੈਨੂੰ ਪਤਾ ਹੈ ਕਿ ਤਾਜ਼ਾ ਦੁਰਘਟਨਾ 'ਚ ਮਰਿਆ ਮੇਰੇ ਭਰਾ ਦਾ ਵਚੋਲਾ ਪ੍ਰੇਤ ਨਹੀਂ ਬਣਿਆ, ਇਹ ਵੀ ਪਤਾ ਹੈ ਕਿ ਓਪਰੀ ਸ਼ੈਅ ਜਾਂ ਰੂਹ ਵੀ ਕੋਈ ਨਹੀਂ ਹੁੰਦੀ, ਪਰ ਫੇਰ ਵੀ ਦਿਲ ਦਹਿਲਿਆ ਪਿਆ ਹੈ......!

ਵੈਸੇ ਮੈਂ ਮਨ 'ਤੇ ਬਹੁਤਾ ਬੋਝ ਨਹੀਂ ਪਾਉਂਦਾ। ਮੈਨੂੰ ਇਹ ਪਤਾ ਹੁੰਦਾ ਕਿ ਜਿਹੜੀ ਗੱਲ ਦੀ ਬੀਵੀ ਨੂੰ ਬਹੁਤ ਫਿਕਰ ਹੋ ਜਾਂਦੀ ਹੈ, ਉਹ ਪਹਾੜ ਪੁੱਟਣ ਵਾਲੀ ਨਹੀਂ ਹੁੰਦੀ। ਹੁਣ ਜੇ ਕੱਲ੍ਹ ਦੀ ਗੱਲ ਈ ਮੈਂ ਦਿਲ ਨੂੰ ਲਾ ਲੈਂਦਾ ਤਾਂ ਬਿਮਾਰੀ ਮੁੱਲ ਸਹੇੜਨ ਵਾਲੀ ਗੱਲ ਹੋ ਜਾਣੀ ਆ। ਅੱਜ ਕੱਲ੍ਹ ਬਿਮਾਰੀਆਂ ਤਾਂ ਟੈਨਸ਼ਨ ਦੀਆਂ ਈ ਨੇ। ਪਿੰਡੋਂ ਫੋਨ ਆ ਗਿਆ ਕਿ "ਛੋਟੀ ਭੈਣ ਰੋਈ ਜਾਂਦੀ ਆਂ ਆਪਣੇ ਸਹੁਰੇ ਬੈਠੀ। ਉਹਦੇ ਘਰ ਵਾਲਾ ਬਹੁਤ ਬਿਮਾਰ ਹੋ ਗਿਆ। ਪਤਾ ਨਹੀਂ ਦਿਮਾਗ਼ ਹਿੱਲ ਗਿਆ ਖ਼ਬਰੇ! ਖ਼ਬਰੇ ਕਿਸੇ ਪੀਰ ਦੀ ਮਿਹਰ ਆ! ਉਹਨਾਂ ਦੇ ਘਰੇ ਇੱਕ ਕੋਨੇ 'ਚ ਬਣੀ ਜਗ੍ਹਾ ਬੜੀ ਸਖ਼ਤ ਏ। ਪੀਰ ਕਰੋਪੇ ਹੋਏ ਲਗਦੇ ਆ। ਉਹ ਅਵਾ-ਤਵਾ ਬੋਲੀ ਤੁਰਿਆ ਜਾ ਰਿਹਾ। ਦੋ ਦਿਨ ਹੋਏ ਨਾ ਆਪ ਸੁੱਤਾ, ਨਾ ਕਿਸੇ ਨੂੰ ਸੌਣ ਦਿੱਤਾ। ਪਤਾ ਨਹੀਂ ਕੀ ਬਣਨਾ....। ਤੁਸੀਂ ਜਾ ਕੇ ਆਵੋ ਉਥੇ....ਹੋਰ ਨਹੀਂ ਤਾਂ ਉਹਨੂੰ ਧੀਰਜ ਹੀ ਦਿਓ.....!"

ਬੀਵੀ ਨੇ ਫੋਨ ਸੁਣਦਿਆਂ ਸਾਰ ਹੀ ਤਿਆਰੀ ਕੱਸਣ ਦੀ ਹਦੈਤ ਕਰ ਦਿੱਤੀ। ਇਹਨੂੰ ਭਲੀਮਾਣਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਮੇਰੇ ਕੋਲ ਪੈਸੇ ਨਹੀਂ ਹਨ। ਭਲਾ ਤੂੰ ਉਹਨਾਂ ਨੂੰ ਕਹਿ ਦੇ ਕੱਲ੍ਹ ਵੇਖ ਲਵਾਂਗੇ। ਪਰ ਨਹੀਂ। ਹੁਣ ਨਾਲੇ ਮੈਂ ਦਫਤਰ ਜਾਣਾ, ਮੇਰੇ ਪਿਓ ਦਾ ਕਾਰੋਬਾਰ ਤਾਂ ਹੈ ਨਹੀਂ, ਪਈ ਜਦੋਂ ਚਾਹੋ ਮਰਜ਼ੀ ਨਾਲ ਜਾਓ। ਪਰ ਇਹ ਨਹੀਂ ਦਿਲ ਨੂੰ ਟਿਕਾ ਸਕਦੀ ਇੱਕ ਮਿੰਟ ਵੀ। ਮੈਂ ਸਹਿਜ ਹੀ ਰਿਹਾ। ਜਾਣਾ ਤਾਂ ਪੈਣਾ ਹੀ ਸੀ, ਗਏ। ਉੱਥੇ ਜਾ ਕੇ ਹੋਰ ਈ ਪਤਾ ਲੱਗਿਆ। ਅਖੇ, "ਜਿਸ ਦਿਨ ਦੀ ਵਿਆਹ 'ਚੋਂ ਜ਼ਿਆਦਾ ਪੀ ਕੇ ਗਿਆ ਸੀ, ਉਸੇ ਦਿਨ ਤੋਂ ਕੁਝ ਹੋਇਆ। ਸ਼ਾਇਦ ਇਸ ਕਰਕੇ ਵੀ ਆ ਕਿ ਭੰਗ ਦੀ ਭਰੀ ਸਿਗਰਟ ਵੀ ਪੀਣ ਲੱਗ ਪਿਆ ਹੈ।"

ਅਸੀਂ ਗਏ ਤਾਂ ਉਹਦੀਆਂ ਅੱਖਾਂ ਚੜ੍ਹੀਆਂ ਹੋਈਆਂ ਸਨ। ਘਰ ਦੀ ਕੋਠੜੀ 'ਚੋਂ ਧੂਫ ਧੁਖਣ ਕਾਰਨ ਗੁੱਗਲ ਮਹਿਕੀ ਹੋਈ ਸੀ। ਉਹ ਉਸੇ ਅੰਦਰੋਂ ਨਿਕਲਿਆ ਸੀ। ਭੈਣ ਨੇ ਉਦੋਂ ਤੱਕ ਉਹਦੀਆਂ ਸਾਰੀਆਂ ਕਰਤੂਤਾਂ ਦੱਸ ਦਿੱਤੀਆਂ।

"ਜੇ ਨਿੱਕੇ ਮੁੰਡੇ ਨੇ ਕੱਲ੍ਹ ਸੋਟਾ ਚੁੱਕ ਕੇ ਇਹਦੇ ਮਾਰਿਆ ਤਾਂ ਆਹ ਕੱਲ੍ਹ ਦਾ ਹੀ ਬਾਬਿਆਂ ਦੀ ਜਗ੍ਹਾ ਮੂਹਰੇ ਬੈਠਾ ਕਹੀ ਜਾਂਦਾ 'ਇਹਦੀ ਲੱਤ ਬਾਂਹ ਟੁੱਟ ਜਾਵੇ....। ਕੋਈ ਇਹਨੂੰ ਪੁੱਛੇ ਇਹ ਕਿਉਂ ਨਹੀਂ ਕਿਸੇ ਨੂੰ ਜਿਊਣ ਦਿੰਦਾ? ਕਿਉਂ ਇਹਨੇ ਮੇਰਾ ਲਹੂ ਪੀਣਾ ਲਿਆ। ਵਿਆਹ 'ਤੇ ਉਹ ਏਨੇ ਮੇਰੇ ਨਾਲ ਕੁੱਤੇ ਖਾਣੀ ਕੀਤੀ....। ਉੱਥੇ ਅਸੀਂ ਕੁਝ ਨਾ ਖਾ ਕੇ ਦੇਖਿਆ, ਨਾ ਪੀ ਕੇ, ਬੱਸ ਇਹਦੇ ਵੱਲ ਈ ਝਾਕੀ ਗਏ ਆਂ, ਪਈ ਰਿਸ਼ਤੇਦਾਰਾਂ 'ਚ ਹੋਰ ਈ ਬੇਇੱਜ਼ਤੀ ਨਾ ਕਰਾ ਦੇਵੇ.....।"

ਭੈਣ ਨੇ ਆਪਣਾ ਗੁੱਭ-ਗੁਭਾਟ ਕੱਢ ਲਿਆ। ਰਤਾ ਹਲਕੀ ਹੋ ਗਈ। ਬੀਵੀ ਮੇਰੀ ਨੂੰ ਪਤਾ ਨਹੀਂ ਕੀ ਅਚਵੀ ਲੱਗੀ ਸੀ ਅਖੇ, 'ਦੀਦੀ ਨੂੰ ਨਾਲ ਲੈ ਚੱਲੋ। ਮੇਰੇ ਤੋਂ ਨਹੀਂ ਇਹਦੀ ਹਾਲਤ ਵੇਖੀ ਜਾਂਦੀ.....ਭਾਜੀ ਨੂੰ ਵੀ ਹੁਣੇ ਹਸਪਤਾਲ ਲੈ ਚੱਲੋ।' ਤੇ ਇਹਨੂੰ ਇਹ ਉਥੇ ਮੈਂ ਕਿਵੇਂ ਦੱਸਦਾ ਕਿ ਮੇਰੇ ਪੱਲੇ ਤਾਂ ਧੇਲਾ ਨਹੀਂ। ਖ਼ੈਰ! ਉੱਥੇ ਤਾਂ ਟਾਲ ਲਿਆ, ਰਾਹ 'ਚ ਆ ਕੇ ਇਹ ਮੇਰੇ ਨਾਲ ਬਹੁਤ ਗੁੱਸੇ ਹੋਈ। ਪਰ ਇਹਨੂੰ ਇਹ ਨਹੀਂ ਖ਼ਬਰ ਕਿ ਇਸ ਉਮਰ 'ਚ ਉਹਨੂੰ ਹੁਣ ਘਰ ਕਿਵੇਂ ਰੱਖਿਆ ਜਾ ਸਕਦਾ? ਉਹਨੂੰ ਤਾਂ ਹੁਣ ਸਾਰੀ ਉਮਰ ਇੱਥੇ ਹੀ ਕੱਟਣੀ ਪੈਣੀ ਆ, ਭਾਵੇਂ ਦੁੱਖ ਆਵੇ....ਭਾਵੇਂ



ਸੁੱਖ....!

ਪਿੰਡ ਪਹੁੰਚੇ ਤਾਂ ਬਾਕੀ ਵੀ ਸਾਰੇ ਪਰੇਸ਼ਾਨ ਦਿੱਸ ਰਹੇ ਸਨ। ਮੈਂ ਬਿਲਕੁੱਲ ਸਹਿਜ ਹੋ ਗਿਆ ਸੀ। ਫੇਰ ਕੀ ਆ, ਸਮਝਾ ਦਿੱਤਾ ਹੈ, ਆਪੇ ਸੁਧਰ ਜਾਊਗਾ। ਵਿਚਾਰਾ ਦਿਹਾੜੀਆਂ ਕਰ ਕੇ ਗੁਜ਼ਾਰਾ ਕਰਦੈ, ਪਤਾ ਨਹੀਂ ਕੀ-ਕੀ ਸੋਚਦਾ ਹੋਊ। ਕਦੇ ਦਿਹਾੜੀ ਲੱਗ ਗਈ, ਕਦੇ ਨਹੀਂ ਲੱਗੀ। ਉਹਦਾ ਵੀ ਕਿਹੜਾ ਚਿੱਤ ਕਰਦਾ ਹੋਣਾ ਕਿ ਆਪਣੇ ਬੱਚਿਆਂ ਨੂੰ ਦੁਖੀ ਕਰੇ, ਪਰ ਉਹ ਕਰੇ ਵੀ ਕੀ? ਦਿਲ ਉਹਦਾ ਵੀ ਤਾਂ ਪਾਟਦਾ ਹੋਊ। ਚੰਗਾ ਭਲਾ ਹੈ। ਹੁਣ ਉਹਦੇ ਦਿਲ ਦੀ ਕੌਣ ਬੁੱਝੇ?

ਪਰ ਇਹਨਾਂ ਭਲੇਮਾਣਸਾਂ ਨੂੰ ਵੀ ਕੌਣ ਸਮਝਾਵੇ ਕਿ ਤੁਹਾਡੇ ਫਿਕਰ ਕਰਨ ਨਾਲ ਕੋਈ ਮਸਲਾ ਹੱਲ ਨਹੀਂ ਹੋਣਾ। ਮਸਲਾ ਤਾਂ ਉਦੋਂ ਹੀ ਹੱਲ ਹੋਣਾ ਹੈ, ਜਦੋਂ ਉਹਦੇ ਮਨ 'ਚ ਕੁਝ ਆਵੇਗਾ। ਭੰਗ ਦੀ ਖੁਸ਼ਕੀ ਉਤਰੇਗੀ ਤਾਂ ਸੁਰਤ ਟਿਕਾਣੇ ਆਊ। ਤੁਸੀਂ ਇੱਥੇ ਸੌ ਸਕੀਮਾਂ ਲਾਈ ਜਾਓ, ਉਹਨੂੰ ਧਮਕੀਆਂ ਦੇਣ ਬਾਰੇ ਸੋਚੀ ਜਾਓ, ਡਾਕਟਰਾਂ ਦੀਆਂ ਸਲਾਹਾਂ ਲਈ ਜਾਓ, ਇਹ ਤਾਂ ਉਦੋਂ ਹੀ ਠੀਕ ਹੋਊ ਜਦੋਂ ਆਪ ਚਾਹੂ। ਸਗੋਂ ਉਲਟਾ ਕਿਤੇ ਤੁਹਾਡੇ 'ਚੋਂ ਨਾ ਕੋਈ ਬਿਮਾਰੀ ਸਹੇੜ ਲਿਓ।

ਹੁੰਦਾ ਈ ਆ ਕਿ ਜਿਹਦੇ ਕੋਲ ਚਾਰ ਪੈਸੇ ਆ ਜਾਂਦੇ ਆ, ਉਹ ਆਪੇ ਬਿਮਾਰੀਆਂ ਸਹੇੜ ਲੈਂਦੇ ਨੇ। ਇਹਨਾਂ ਦਾ ਬਲੱਡ ਪ੍ਰੈਸ਼ਰ ਵਧਣ-ਘਟਣ ਲੱਗਦਾ ਹੈ। ਹਰਟ ਅਟੈਕ ਜਾਂ ਸ਼ੂਗਰ ਤਾਂ ਆਮ ਈ ਗੱਲ ਹੋਏ ਪਏ ਨੇ। ਆਹ ਆਪਣਾ ਮਿਗਲਾਨੀ ਲੈ ਲਓ। ਸਾਲੇ ਦੀ ਸ਼ਕਲ ਦੇਖ ਕੇ ਈ ਗੁੱਸਾ ਆਉਂਦਾ। ਉਹ ਕੰਜਰ ਕਹਿੰਦੇ ਆਪੇ ਹਸਪਤਾਲ ਚਲਿਆ ਗਿਆ ਕਿ ਮੇਰਾ ਅਪ੍ਰੇਸ਼ਨ ਕਰ ਦਿਓ।

ਵੈਸੇ ਏਸ ਕਲਾਸ ਨੂੰ ਨਹੀਂ ਸਮਝਿਆ ਜਾ ਸਕਦਾ। ਇਹਨਾਂ ਨੂੰ ਇਕੱਲਾਪੇ ਦੇ ਸ਼ਿਕਾਰ ਵੀ ਨਹੀਂ ਕਿਹਾ ਜਾ ਸਕਦਾ। ਅਲਗਾਵ ਸ਼ਬਦ ਵੀ ਫਿੱਕਾ ਇਹਨਾਂ ਸਾਹਮਣੇ। ਅਸੁਰੱਖਿਅਤਾ ਦੀ ਭਾਵਨਾ ਵੀ ਓਸ ਪੱਧਰ ਦੀ ਨਹੀਂ ਹੁੰਦੀ, ਬੱਸ ਸਵੇਰੇ ਉਠਦਿਆਂ ਸਾਰ ਸਰ੍ਹਾਣੇ ਨੋਟ ਪਏ ਹੁੰਦੇ ਆ। ਸਮਾਜ ਵਿੱਚ ਸਥਿਤੀ ਦੀ ਵੀ ਬਾਹਲੀ ਚਿੰਤਾ ਨਹੀਂ ਇਹ ਕਰਦੇ। ਤੁਸੀਂ ਇਹਨਾਂ ਨੂੰ ਡੀਫਾਈਨ ਕਰ ਈ ਨਹੀਂ ਸਕਦੇ। ਜ਼ਾਲਮ ਨਹੀਂ ਕਹਿ ਸਕਦੇ ਕਿਉਂਕਿ ਜ਼ੁਲਮ ਇਹ ਓਸ ਢੰਗ ਦਾ ਕਰਦੇ ਨਹੀਂ, ਬੇਦਰਦ ਵੀ ਨਹੀਂ ਕਹਿ ਸਕਦੇ ਕਿਉਂਕਿ ਹਮਦਰਦੀ ਨਾ ਪ੍ਰਗਟਾਅ ਸਕਣ ਦੇ ਕਾਰਨ ਏਡੇ ਘੜਨਗੇ ਕਿ ਬੰਦਾ ਸੱਚ ਮੰਨ ਜਾਊ। ਵਾਹ-ਵਾਸਤਾ ਕਈ ਵਾਰ ਇਹਨਾਂ ਦਾ ਆਪਣੇ-ਆਪ ਨਾਲ ਵੀ ਨਹੀਂ ਹੁੰਦਾ। ਇੱਕ ਵਾਰੀ ਅਸੀਂ ਦੰਗਿਆਂ 'ਤੇ ਬਣੀ ਫਿਲਮ ਵੇਖ ਰਹੇ ਸਾਂ। ਉਹਦੇ 'ਚ ਇੱਕ ਕਾਫੀ ਲੰਮਾ ਸੀਨ ਔਰਤ ਦੇ ਸੜਕ 'ਚ ਦੌੜੇ ਜਾਣ ਦਾ ਹੈ। ਉਸ ਪਿੱਛੇ ਕੁਝ ਦੰਗਈ ਦੌੜੇ ਜਾ ਰਹੇ ਸਨ। ਬੜਾ ਭਿਆਨਕ ਸੀਨ ਸੀ। ਅਸੀਂ ਦਹਿਲੇ ਬੈਠੇ ਸਾਂ। ਮੇਰੇ ਨੇੜਲੀ ਕੁਰਸੀ 'ਤੇ ਬੈਠੀ ਜਨਾਨੀ ਆਪਣੀ ਸਾਥਣ ਨੂੰ ਉੱਚੀ ਦੇਣੀ ਕਹਿੰਦੀ ਬੋਲੀ, "ਹਰਾਮਦੀ ਨੇ ਹੇਠਾਂ ਨਹੀਂ ਕੁਝ ਪਾਇਆ।" ਮੈਂ ਹੈਰਾਨ ਰਹਿ ਗਿਆ। ਦੌੜੀ ਜਾ ਰਹੀ ਉਸ ਔਰਤ ਦੀਆਂ ਡਲ੍ਹਕਦੀਆਂ ਛਾਤੀਆਂ ਉੱਤੇ ਮੇਰੀ ਨਿਗਾਹ ਉਦੋਂ ਗਈ।

ਇੱਕ ਗੱਲ ਉਂਝ ਇਹ ਵਧੀਆ ਵੀ ਹੈ। ਸਾਰਾ ਕੁਝ ਸਾਲਾ ਤਮਾਸ਼ਾ, ਨਾਟਕ, ਫਿਲਮ ਵਾਂਗ ਚੱਲ ਰਿਹਾ ਹੈ ਤਾਂ ਤੁਸੀਂ ਐਵੇਂ ਦਿਲ ਨੂੰ ਕਿਉਂ ਲਾ ਕੇ ਬੈਠ ਜਾਵੋ। ਸਾਹਮਣੇ ਫਿਲਮ ਚੱਲ ਰਹੀ ਹੈ। ਇਹ ਫਿਲਮ ਹੈ ਪਿਆਰੇ, ਇਹਨੂੰ ਆਪਣੇ ਆਪ ਨਾਲ ਕਿਉਂ ਚਮੇੜ ਲਿਆ? ਕਿਉਂ ਉਸ ਦੰਗਿਆਂ 'ਚ ਫਸੀ ਔਰਤ ਵਿੱਚ ਆਪਣੇ ਆਪ ਨੂੰ ਵਾੜ ਲਿਆ ਤੇ ਉਹਦੇ ਵਾਂਗ ਹੀ ਤੁਹਾਡੇ ਚਿਹਰੇ ਉੱਤੇ ਵੀ ਦਹਿਸ਼ਤ ਆ ਗਈ? ਸਿਨੇਮਾ ਹੈ, ਧੁੱਪ-ਛਾਂ ਦੀ ਖੇਡ। ਧੁੱਪ-ਛਾਂ ਨਹੀਂ ਰਹੇਗੀ ਤਾਂ ਸਫੇਦ ਪਰਦਾ ਹੀ ਹੋਵੇਗਾ। ਕਿਉਂ ਨਹੀਂ ਤੁਹਾਨੂੰ ਉਸ ਔਰਤ ਦੀਆਂ ਡਲ੍ਹਕਦੀਆਂ ਛਾਤੀਆਂ ਦਿੱਸੀਆਂ? ਕਿਉਂ ਤੁਸੀਂ ਡਾਇਰੈਕਟਰ ਦੀ ਗ੍ਰਿਫਤ 'ਚ ਆ ਗਏ? ਫਿਲਮ 'ਚ ਕਿਉਂ ਵਹਿ ਤੁਰੇ?

ਤੋੜੋ ਆਪਣੇ ਆਪ ਨੂੰ ਇਸ ਨਾਟਕ ਨਾਲੋਂ। ਇਹਨੂੰ ਨਾਟਕ ਵਾਂਗ ਵੇਖੋ। ਇਹ ਸਾਰਾ ਨਾਟਕ ਹੋ ਰਿਹਾ।

ਚਲੋ, ਆਹ ਹੁਣ ਸਾਡੇ ਸਾਹਮਣੇ ਜਿਹੜੇ ਦੋ ਬੰਦੇ ਆਏ ਹਨ, ਇਹਨਾਂ ਦੀ ਜ਼ਿੰਦਗੀ ਨੂੰ ਇੱਕ ਨਾਟਕ ਵਾਂਗ ਵੇਖਦੇ ਹਾਂ। ਕਮਾਲ ਹੋ ਜਾਊ ਵੈਸੇ। ਆਪਣੇ ਆਪ ਨੂੰ ਸੁਚੇਤ ਰੂਪ ’ਚ ਦਰਸ਼ਕ ਬਣਾਓ। ਟੁੱਟ ਜਾਓ ਇਸ ਸਭ ਕਾਸੇ ਨਾਲੋਂ ਕਿ ਇਹ ਮੇਰੀ ਭੈਣ ਹੈ, ਜਾਂ ਇਹ ਉਹ ਮਿਗਲਾਨੀ ਹੈ, ਜਿਹਨੂੰ ਮੈਂ ਰੱਜ ਕੇ ਨਫਰਤ ਕਰਦਾ ਹਾਂ, ਜਾਂ ਇਹਦੇ ਨਾਲ ਮੇਰਾ ਫਲਾਣਾ ਰਿਸ਼ਤਾ ਹੈ। ਸਭ ਕੁਝ ਤੋਂ ਟੁੱਟ ਕੇ, ਸਿਰਫ ਇਹ ਵੇਖੋ ਕਿ ਕਿਸੇ ਦੇ ਲਿਖੇ ਨਾਟਕ ਦੀ ਤੁਸੀਂ ਆਲੋਚਨਾ ਕਰਨੀ ਹੈ। ਇਸ ਲਈ ਇਹਨੂੰ ਹਰ ਕੋਣ ਤੋਂ ਧਿਆਨ ਨਾਲ ਵੇਖੋ। ਕਿਤੇ ਵੀ ਭਾਵੁਕ ਹੋਣ, ਉਤੇਜਿਤ ਹੋਣ, ਗੁੱਸੇ ਹੋਣ, ਨਿਰਾਸ਼ ਹੋਣ ਦੀ ਲੋੜ ਨਹੀਂ। ਇਹ ਨਾਟਕ ਹੋ ਰਿਹਾ ਹੈ।

ਮਿਗਲਾਨੀ ਤੋਂ ਸ਼ੁਰੂ ਕਰਦੇ ਹਾਂ, ਕਿਉਂਕਿ ਜੇ ਭੈਣ ਤੋਂ ਸ਼ੁਰੂ ਕੀਤਾ ਤਾਂ ਉਹਦੇ ਦੁੱਖਾਂ ਦੀ ਇੰਤਹਾ ਸੁਣਕੇ ਤੁਸੀਂ ਸਮਝਣਾ ਕਿ ਇਹ ਭੈਣ ਨਾਲ ਜੁੜ ਗਿਆ। ਉਹਦੇ ਦੁੱਖਾਂ ਨੂੰ ਵਧਾ-ਵਧਾ ਕੇ ਪੇਸ਼ ਕਰ ਰਿਹਾ ਹੈ। ਉਂਝ ਮੈਂ ਪਰਵਾਰ ’ਚ ਵੀ ਇਸੇ ਕੋਸ਼ਿਸ਼ ’ਚ ਰਹਿੰਦਾ ਹਾਂ ਕਿ ਸਾਰੇ ਕੁਝ ਨੂੰ ਨਾਟਕ ਵਾਂਗ ਲਵਾਂ। ਮਾਂ ਨਾਟਕ ਦਾ ਪਾਤਰ ਹੈ, ਭਾਪਾ ਜੀ ਨਾਟਕ ਦੇ ਨਾਇਕ ਤਾਂ ਨਹੀਂ, ਪਰ ਖਾਹ-ਮਖਾਹ ਬਣਨ ਦੀ ਕੋਸ਼ਿਸ਼ ’ਚ ਨੇ, ਬੀਵੀ ਮੇਰੀ ਨਾਟਕ ਦਾ ਸਭ ਤੋਂ ਸਾਫ ਦਿਲ ਪਾਤਰ ਏ, ਨਿੱਕੇ-ਨਿੱਕੇ ਰੋਸਿਆਂ ਕਾਰਨ ਸਾਰੇ ਪਰਵਾਰ ਤੋਂ ਕੱਟੀ ਜਾਂਦੀ ਹੈ। ਜੁਆਇੰਟ ਫੈਮਲੀ, ਓਨਾ ਈ ਵੱਡਾ ਨਾਟਕ। ਪਰੰਤੂ ਨਾਟਕਕਾਰ ਦੀ ਕਮਾਲ ਵੇਖੋ ਕਿ ਏਡੇ ਕੈਨਵਸ ’ਤੇ ਫੈਲੇ ਨਾਟਕ ਦੀ ਕਿਸੇ ਵੀ ਲੜੀ ਨੂੰ ਟੁੱਟਣ ਜਾਂ ਉਖੜਨ ਨਹੀਂ ਦਿੰਦਾ। ਪਾਤਰ ਉਦਾਸ ਹੋ ਰਹੇ ਹਨ, ਕਿਸੇ ਨੂੰ ਉਹਨਾਂ ਦੇ ਚਿਹਰਿਆਂ ਤੋਂ ਨਹੀਂ ਹਰਕਤਾਂ ਤੋਂ ਪਤਾ ਲੱਗ ਰਿਹਾ ਹੈ। ਉਹਨਾਂ ਨੂੰ ਭਰਾ-ਭਰਾ ਹੁੰਦਿਆਂ ਵੀ ਕਈ-ਕਈ ਮਹੀਨੇ ਆਪੋ ਵਿੱਚ ਇੱਕ ਵੀ ਡਾਇਲਾਗ ਬੋਲੇ ਬਿਨਾਂ ਲੰਘ ਜਾਂਦੇ ਹਨ, ਦਰਸ਼ਕ ਫੇਰ ਵੀ ਬੋਰ ਨਹੀਂ ਹੁੰਦਾ। ਨਾਟਕਕਾਰ ਵਿੱਚ ਏਨੀ ਸਮਰੱਥਾ ਹੈ ਕਿ ਉਹ ਖਾਮੋਸ਼ੀ ਨੂੰ ਬੋਲਣ ਲਾ ਦਿੰਦਾ ਹੈ। ਪਾਤਰ ਨਹੀਂ ਬੋਲਦੇ ਤਾਂ ਖਾਮੋਸ਼ੀ ਬੋਲਦੀ ਹੈ। ਨਿੱਕੇ-ਨਿੱਕੇ ਮਜਾਕੀਆਂ ਪਾਤਰ ਵੀ ਨੇ। ਇੱਕ ਪਾਤਰ ਨੇ ਘਰ ’ਚੋਂ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਘਰ ਨਾ ਪਤਾ ਲੱਗੇ ਤਾਂ ਚੁਇੰਗਮ ਚਬਾਉਂਦਿਆਂ ਆਉਣਾ। ਨਿੱਕੇ ਪਾਤਰਾਂ ਨੇ ਤੋਰ ਪਛਾਣ ਲੈਣੀ। ਇੱਕ-ਦੂਜੇ ਨੂੰ ਇਸ਼ਾਰਿਆਂ ਨਾਲ ਦੱਸਣਾ ਕਿ ਅੱਜ ‘ਚੁਇੰਗਮ’ ਚੱਬ ਹੋ ਰਹੀ ਆ। ਉਹ ਇਸ਼ਾਰੇ ਦਰਸ਼ਕ ਨੂੰ ਕੀਲੀ ਰੱਖਦੇ। ਏਨਾ ਵਿਅੰਗ ਤੇ ਪਿਆਰ ਹੁੰਦਾ ਉਹਨਾਂ ਇਸ਼ਾਰਿਆਂ ’ਚ ਦਰਸ਼ਕ ਦੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ।

ਯਾਰ ਆਪਾਂ ਫੇਰ ਉੱਥੇ ਈ ਕੁੱਤਾ ਫਸਾ ਲਿਆ। ਆਪਾਂ ਤਾਂ ਗੱਲ ਮਿਗਲਾਨੀ ਦੀ ਕਰਨ ਲੱਗੇ ਸੀ। ਲਓ ਜੀ ਮਿਗਲਾਨੀ ਸਾਹਿਬ ਭਾਰਤ ਦੇ ਮਹਾਂਭ੍ਰਿਸ਼ਟ ਮੰਨੇ ਜਾਣ ਵਾਲੇ ਮਹਿਕਮੇ ‘ਫੂਡ ਕਾਰਪੋਰੇਸ਼ਨ ਆਫ ਇੰਡੀਆ’ ਦੇ ਅਧਿਕਾਰੀ ਹਨ। ਦਾੜ੍ਹੀ ਨੂੰ ਕਦੇ ਜਾਲ਼ੀ ਪਾ ਲੈਂਦੇ ਹਨ, ਕਦੇ ਫਿਕਸੋ ਲਾ ਲੈਂਦੇ ਹਨ, ਕਦੇ ਖੁੱਲ੍ਹੀ ਛੱਡ ਲੈਂਦੇ ਹਨ ਤੇ ਕਦੇ ਕਰੜ-ਬਰੜੀ ਜਿਹੀ ਕੁਤਰਵਾ ਲੈਂਦੇ ਹਨ। ਸਿਰ ’ਤੇ ਛੱਜ ਵਰਗੀ ਨਾਭੀ ਰੰਗ ਦੀ ਪੱਗ ਬੰਨ੍ਹਦੇ ਹਨ, ਢਿੱਲੀ ਜਿਹੀ। ਖੜੇ-ਖੜੇ ਪੱਗ ਵਿੱਚੋਂ ਬਾਹਰ ਖਿਸਕ ਆਈਆਂ ਜਟੂਰੀਆਂ ਜਿਹੀਆਂ ਉਂਗਲਾਂ ਨਾਲ ਧੱਕਦੇ ਰਹਿਣਗੇ। ਫਿਰ ਦੋਵਾਂ ਹੱਥਾਂ ’ਚ ਲੈ ਕੇ ਉਸਨੂੰ ਠੀਕ-ਠਾਕ ਕਰਦੇ ਰਹਿਣਗੇ। ਚੌਵੀ ਘੰਟੇ ਮੂੰਹ ’ਚ ਸੁਪਾਰੀ ਪਾਈ ਰੱਖਦੇ ਹਨ। ਬੋਲਦੇ ਬਹੁਤ ਘੱਟ ਹਨ। ਸ਼ਾਮ ਵੇਲੇ ਸਕੂਟਰ ਚੁੱਕਣਗੇ ਤੇ ਗੰਦੀ ਜਿਹੀ ਲਿਖਾਈ ’ਚ ਲਿਖਿਆ ਘਟੀਆ ਪ੍ਰੈਸ ਨੋਟ ਹਰ ਅਖਬਾਰ ’ਚ ਵੰਡਦੇ ਫਿਰਦੇ ਹੋਣਗੇ। ਉਸਦੀ ਇਬਾਰਤ ਬੱਸ ਏਨੀ ਕੁ ਹੋਵੇਗੀ ਕਿ ‘ਫਰਾਂਸ ਵਿੱਚ ਸਿੱਖਾਂ ਨਾਲ ਪਗੜੀ ਦੇ ਮਾਮਲੇ ਨੂੰ ਲੈ ਕੇ ਹੋ ਰਹੇ ਧੱਕੇ ਦੀ ਮੁਹੱਲਾ ਗੁਰੂ ਤੇਗ ਬਹਾਦਰ



ਨਗਰ ਦੀ ਵੈਲਫੇਅਰ ਕਮੇਟੀ ਦੇ ਸਕੱਤਰ ਐਸ ਐਸ ਮਿਗਲਾਨੀ ਵੱਲੋਂ ਘੋਰ ਨਿੰਦਾ। ਸਰਕਾਰ ਨੂੰ ਦਖਲ ਦੇਣ ਦੀ ਅਪੀਲ।’ ਪਰ ਲਿਖਾਈ ਏਨੀ ਗੰਦੀ ਹੋਵੇਗੀ ਕਿ ਇੱਕ ਵੀ ਅੱਖਰ ਉਠਾਉਣਾ ਔਖਾ ਹੁੰਦਾ ਹੈ। ਫਿਰ ਇਹ ਪ੍ਰੈਸ ਨੋਟ ਹੋਵੇਗਾ ਵੀ ਹਿੰਦੀ-ਪੰਜਾਬੀ ਦੋਵੇਂ ਭਾਸ਼ਾਵਾਂ ਵਿੱਚ। ਕਦੇ-ਕਦੇ ਇਸ ਪ੍ਰੈਸ ਨੋਟ ਉੱਤੇ ਮੁਹੱਲਾ ਗੁਰੂ ਤੇਗ ਬਹਾਦਰ ’ਚ ਫੈਲੀ ਗੰਦਗੀ ਦੀ ਸਫਾਈ ਨਾ ਹੋਣ ਦੀ ਮਿਗਲਾਨੀ ਵੱਲੋਂ ਕਾਰਪੋਰੇਸ਼ਨ ਨੂੰ ਕੀਤੀ ਸ਼ਿਕਾਇਤ ਵਰਗੀ ਖ਼ਬਰ ਹੋਵੇਗੀ। ਕਦੇ ਉਹਨਾਂ ਦੇ ਦਫਤਰ ਵੱਲੋਂ ਹਿੰਦੀ-ਸਪਤਾਹ ਮਨਾਉਣ ਮੌਕੇ ਮਿਗਲਾਨੀ ਸਾਹਿਬ ਦੇ ਕੀਤੇ ਕਾਰਜਾਂ ਦੀ ਸ਼ਲਾਘਾ ਹੋਵੇਗੀ, ਹਾਲ ’ਚ ਸਿਰੋਪਾਓ ਤੇ ਸਰਟੀਫਿਕੇਟ ਲੈਂਦਿਆਂ ਦੀ ਉਹਨਾਂ ਦੀ ਫੋਟੋ ਵੀ ਨੱਥੀ ਹੋਵੇਗੀ, ਫੋਟੋ ਪਿਛਲੀ ਕੈਪਸ਼ਨ ਵਿੱਚੋਂ ਵੀ ਸਿਰਫ ਮਿਗਲਾਨੀ ਸ਼ਬਦ ਹੀ ਉਠਾ ਸਕਦੇ ਹੋ, ਉਹ ਵੀ ਜੇ ਇਸਨੂੰ ਜਾਣਦੇ ਹੋਵੋ।

ਪਹਿਰਾਵਾ ਇਹਦਾ ਆਮ ਤੌਰ ’ਤੇ ਦਫਤਰ ਵੇਲੇ ਘਸੀ ਜਿਹੀ ਭੂਰੇ ਰੰਗ ਦੀ ਕਮੀਜ਼ ਤੇ ਕਾਲੀ ਪੈਂਟ ਹੁੰਦਾ ਹੈ। ਬਹੁਤੇ ਕੱਪੜੇ ਇਹਦੇ ਕੋਲ ਨਹੀਂ ਹਨ। ਤਸਮਿਆਂ ਵਾਲੇ ਚਮੜੇ ਦੇ ਭੂਰੇ ਰੰਗ ਦੇ ਬੂਟ ਪਾਉਂਦਾ ਹੈ। ਗਲਮੇ ਦਾ ਬਟਨ ਹਮੇਸ਼ਾ ਲਾ ਕੇ ਰੱਖਦੈ, ਤਦੇ ਗੋਲ ਜਿਹਾ ਪੇਟ ਇਉਂ ਲੱਗੂ ਜਿਵੇਂ ਅਲੱਗ ਹੀ ਨਾਲ ਜੋੜਿਆ ਹੋਵੇ। ਸ਼ਾਮ ਨੂੰ ਦੁਕਾਨਾਂ ਨੇੜੇ ਸੈਰ ਕਰੇਗਾ, ਸੈਰ ਨਹੀਂ, ਬੱਸ ਐਵੇਂ ਗੇੜੀ ਜਿਹੀ ਮਾਰਨ ਵਾਲੀ ਗੱਲ ਹੈ। ਉਦੋਂ ਘਸਿਆ ਜਿਹਾ ਖੱਦਰ ਦਾ ਕੁੜਤਾ ਪਜਾਮਾ ਪਾਇਆ ਹੁੰਦਾ, ਪੈਰੀਂ ਕੈਂਚੀ ਚਪਲ। ਸਿਰ ’ਤੇ ਚੁੰਨੀ ਜਿਹੀ ਵਲ੍ਹੇਟੀ ਹੁੰਦੀ ਹੈ। ਹੌਲੀ-ਹੌਲੀ ਤੁਰ ਰਿਹਾ ਹੋਵੇਗਾ। ਬਾਂਹ ਇੱਕ ਨੂੰ ਦੂਜੇ ਹੱਥ ਨਾਲ ਕੋਹਣੀ ਕੋਲੋਂ ਸਹਾਰਾ ਦਿੱਤਾ ਹੋਵੇਗਾ। ਸਾਲੇ ਦੇ ਖਵਰੇ ਕੋਹੜ ਹੋਇਆ ਹੱਥ ’ਤੇ। ਬਾਹਲਾ ਭੈੜਾ ਲਗਦਾ, ਏਦਾਂ ਤੁਰਿਆ ਆਉਂਦਾ। ਮੂੰਹ ’ਚ ਸੁਪਾਰੀ ਚੁਕੋਲ ਰਿਹਾ ਹੋਊ। ਇਹਨੂੰ ਪੁੱਛੇ ਬਈ ਤੂੰ ਭੈਣ ਚੋਦਾ ਇਹ ਕੀ ਪਖੰਡ ਕਰੀ ਫਿਰਦਾਂ। ਖੈਰ.....!

ਦਫਤਰ ’ਚ ਵੀ ਇਹਦੀਆਂ ਅਜੀਬ ਹਰਕਤਾਂ ਨੇ। ਹਰ ਇੱਕ ਨਾਲ ਬੇਸ਼ਰਮੀ ਵਾਲੀਆਂ ਗੱਲਾਂ ਕਰੂ। ਰਿਟਾਇਰ ਹੋਣ ਨੂੰ ਢੁੱਕਿਆ, ਅਜੇ ਵੀ ਤੀਵੀਆਂ ਤਾੜਦਾ ਰਹੂ। ਉਨ੍ਹਾਂ ਨੂੰ ਲਾ-ਲਾ ਕੇ ਗੱਲਾਂ ਆਖੂ। ਇੱਕ ਡੱਬੀ ਜਿਹੀ ਰੱਖੀ ਹੋਈ ਆ, ਉਹਦੇ ’ਚ ਵਾਲਾਂ ਨੂੰ ਲਾਉਣ ਵਾਲੀ ਬੜੇ ਪੁਰਾਣੇ ਰਿਵਾਜ਼ ਦੀ ਲੰਮੀ ਜਿਹੀ ਸੂਈ ਰੱਖੀ ਹੋਈ ਆ। ਕੋਈ ਵੀ ਆ ਕੇ ਇਹਦੇ ਨਾਲ ਗੱਲ ਕਰ ਰਿਹਾ ਹੋਊ ਤਾਂ ਇਹ ਉਸ ਸੂਈ ਨਾਲ ਨੱਕ ’ਚੋਂ ਚੂਹੇ ਕੱਢਣ ਲੱਗ ਜਾਊ। ਅਗਲਾ ਭਾਵੇਂ ਰੋਟੀ ਖਾਕੇ ਆਇਆ ਹੋਵੇ, ਇਹਨੂੰ ਕੰਜਰ ਨੂੰ ਸ਼ਰਮ ਨਹੀਂ ਆਉਂਦੀ। ਫਿਰ ਚੀਚੀ ਨੱਕ ’ਚ ਚਾੜ੍ਹ ਲਊ। ਹੱਸਦਾ ਬਹੁਤ ਭੈੜਾ ਲੱਗਦਾ।

ਇੱਕ ਹੋਰ ਇਹਦਾ ਸ਼ੌਕ ਏ, ਉਹ ਏ ਵਿਦਵਾਨ ਕਹਾਉਣ ਦਾ। ਇਹਨੇ ਦਫ਼ਤਰ ਵੱਲੋਂ ਹਿੰਦੀ ਸਪਤਾਹ ਮਨਾਉਂਦਿਆਂ ਕਈ ਲੋਕਲ ਹਿੰਦੀ ਵਿਦਵਾਨਾਂ ਨੂੰ ਦੋਸਤ ਬਣਾਇਆ ਹੋਇਆ ਹੈ। ਉਹਨਾਂ ਦੇ ਨਿੱਕੇ-ਨਿੱਕੇ ਕੰਮ ਕਰਦਾ ਰਹੂ। ਉਹਨਾਂ ’ਚੋਂ ਕਿਸੇ ਨੂੰ ਬਿਠਾ ਕੇ ਅਖਬਾਰ ਦੇ ਦਫਤਰ ਗੇੜਾ ਕਢਾ ਆਊ। ਬਾਕੀ ਸਾਰੇ ਗੱਲਾਂ ਕਰ ਰਹੇ ਹੋਣਗੇ ਤੇ ਇਹ ਸੁਪਾਰੀ ਚਕੋਲ਼ ਰਿਹਾ ਹੋਊ। ਕੁਝ ਨਹੀਂ ਬੋਲ ਸਕਦਾ, ਹਾਂ, ਕਿਸੇ-ਕਿਸੇ ਸੰਪਾਦਕ ਨੂੰ ਹਿੰਦੀ ਸਪਤਾਹ ’ਚ ਬੁਲਾਉਣ ਦਾ ਲਾਰਾ ਜ਼ਰੂਰ ਲਾ ਦੇਵੇਗਾ ਤੇ ਨਾਲ ਹੀ ਕੋੜ੍ਹੀਆਂ ਵਰਗੀ ਲਿਖਾਈ ’ਚ ਦੋ ਪੈਰ੍ਹਿਆਂ ਦਾ ਪ੍ਰੈਸ ਨੋਟ ਦੇ ਦੇਵੇਗਾ, ਦੋ ਭਾਸ਼ਾਵਾਂ ’ਚ ਲਿਖਿਆ।

ਨਾਟਕ ਦਾ ਸਿਖਰ ਤਾਂ ਇਹਦਾ ਅੱਜ-ਕੱਲ੍ਹ ਵਾਲਾ ਰੂਪ ਹੈ। ਆਪੇ ਜਾ ਕੇ ਦਿਲ ਦਾ ਅਪ੍ਰੇਸ਼ਨ ਕਰਵਾ ਆਇਆ ਹੈ। ਅਖੇ ਘਰਦੇ ਤਾਂ ਮੈਨੂੰ ਮਰਿਆ ਦੇਖ ਕੇ ਖੁਸ਼ ਨੇ। ਹੁਣ ਡਾਕਟਰ ਦੀ ਸਲਾਹ ਨਾਲ ਬੈੱਡ ਰੈਸਟ ’ਤੇ ਹੈ। ਅੰਦਰ ਜਾ ਕੇ ਇੱਕ ਕੋਠੜੀ ਜਿਹੀ ’ਚ ਬੈੱਡ ’ਤੇ ਪਿਆ ਰਹਿੰਦਾ ਹੈ। ਬੋਲਦਾ ਕੁਝ ਨਹੀਂ। ਰਿਮੋਟ ਵਾਲੀ ਬੈੱਲ ਲਿਆ ਕੇ ਲਗਵਾ ਲਈ ਏ। ਜਦੋਂ ਕੋਈ ਚੀਜ਼ ਚਾਹੀਦੀ

ਹੁੰਦੀ ਹੈ, ਬੈੱਲ ਦਾ ਰਿਮੋਟ ਦਬਾਅ ਦਿੰਦਾ ਹੈ। ਪਤਨੀ ਵਿਚਾਰੀ ਧੁਨਖੀ ਦੇ ਕਾਂ ਵਾਂਗ ਡਰਦੀ ਕਦੇ ਏਧਰ ਕਦੇ ਓਧਰ ਦੌੜਦੀ ਫਿਰਦੀ ਹੈ। ਆਪਣੇ ਮਿੱਤਰਾਂ ਨੂੰ, ਦਫਤਰ ਵਾਲਿਆਂ ਨੂੰ ਰੋਜ਼ ਈ ਬੁਲਾ ਲੈਂਦਾ। ਕਈ ਫੁਕਰੇ ਜਿਹੇ ਪੱਤਰਕਾਰ 'ਕੱਠੇ ਕਰ ਲੈਂਦਾ। ਚੌਵੀ ਘੰਟੇ ਚਾਹ-ਚਾਹ। ਪਤਨੀ ਦੀ ਭੂਤਨੀ ਭੁਲਾਈ ਰੱਖਦਾ। ਬੈੱਲ ਨਹੀਂ ਵੱਜਣੋ ਹਟ ਰਹੀ। ਚਾਹ ਲਿਆਉਣ ਦਾ ਇਸ਼ਾਰਾ ਹੋ ਰਿਹਾ ਹੈ। ਭਾਂਡੇ ਚੁੱਕ ਕੇ ਲੈ ਜਾਣ ਦਾ ਇਸ਼ਾਰਾ ਹੋ ਰਿਹਾ ਹੈ। ਸੇਬ ਚੀਰ ਕੇ ਲਿਆਉਣ ਲਈ ਕਿਹਾ ਜਾ ਰਿਹਾ ਹੈ। ਦਲੀਏ ਲਈ ਕਹਿ ਰਿਹਾ ਹੈ, ਪਤਨੀ ਨੂੰ ਸਮਝ ਨਹੀਂ ਪੈ ਰਹੀ, ਮਿਗਲਾਨੀ ਸਾਹਿਬ ਦੇ ਦੋਸਤ ਉਸਨੂੰ ਸਮਝਾ ਰਹੇ ਹਨ। ਪਤਨੀ ਗਲਾਨੀ ਜਿਹੀ ਮਹਿਸੂਸ ਕਰ ਰਹੀ ਹੈ। ਅੰਦਰੋਂ ਤਾਂ ਵਿਚਾਰੀ ਖਿਝਦੀ ਹੋਊ। ਦੁਖੀ ਵੀ ਹੁੰਦੀ ਹੋਊ। ਦੁਖੀ ਖਵਰੇ ਕਿੰਨੀ ਕੁ ਹੁੰਦੀ ਹੋਵੇ। ਯਾਰ ਤੁਸੀਂ ਮਨੁੱਖ ਨੂੰ ਮਨੁੱਖ ਵਾਂਗ ਨਹੀਂ ਬੁਲਾ ਰਹੇ। ਬੈੱਲ ਵੱਜੇਗੀ, ਮਤਲਬ ਹੋਵੇਗਾ ਕਿ ਤੁਹਾਨੂੰ ਮਿਗਲਾਨੀ ਸਾਹਿਬ ਬੁਲਾ ਰਹੇ ਹਨ। ਯਾਰ ਉਹ ਮਸ਼ੀਨ ਆ ? ਉਹਦਾ ਨਹੀਂ ਮਨ ਕਰਦਾ ਹੋਊ ਕਿ ਉਹਦੇ ਘਰ ਵਾਲਾ ਉਹਨੂੰ ਨਾਂਅ ਲੈ ਕੇ ਬੁਲਾਵੇ ? ਕੋਈ ਉਹਨੂੰ ਆਵਾਜ਼ ਮਾਰੇ। ਉਸ ਆਵਾਜ਼ ਤੋਂ ਉਹ ਜਾਣ   ਸਕੇ ਕਿ ਮੁਹਰਲਾ ਬੰਦਾ ਪਿਆਰ 'ਚ ਹੈ, ਗੁੱਸੇ 'ਚ ਹੈ, ਤਕਲੀਫ 'ਚ ਹੈ, ਖੁਸ਼ ਹੈ, ਸਹਿਜ ਹੈ, ਅਸਹਿਜ ਹੈ ਜਾਂ ਕਿਹੋ-ਜਿਹੀ ਭਾਵਨਾ ਹੈ ਉਸਦੀ। ਬੱਸ, ਬੈੱਲ ਵੱਜ ਰਹੀ ਹੈ। ਦੁਰ ਫਿਟੇ ਮੂੰਹ। ਅਗਲੇ ਬੰਦੇ ਨੂੰ ਤੁਸੀਂ ਬੰਦਾ ਈ ਨਹੀਂ ਸਮਝਦੇ। ਸਾਲਿਆ ਤੇਰੀ ਪਤਨੀ ਆ। ਸਾਰੀ ਉਮਰ ਤੇਰੇ ਅਰਗੇ ਨਾਲ ਲੰਘਾ ਦਿੱਤੀ। ਤੇਰੇ ਨਿਆਣੇ ਜੰਮੇ, ਹੁਣ ਤੇਰਾ ਏਸ ਉਮਰ 'ਚ ਵੀ ਸਿਆਪਾ ਕਰ ਰਹੀ ਆ, ਤੂੰ ਉਹਦੇ ਨਾਲ ਬੰਦਿਆਂ ਵਾਲਾ ਵਰਤਾਓ ਕਰ। ਸਾਲਾ, ਬੈੱਲ ਬੁੰਡ'ਚ ਲੈ ਕੇ ਬੈਠ ਗਿਆ.......!

ਉਹੀ ਗੱਲ ਹੋਈ, ਮਿਗਲਾਨੀ ਨਹੀਂ ਤਾਂ ਉਹਦੀ ਪਤਨੀ ਨਾਲ ਈ ਜੁੜ ਗਏ। ਜੁੜਨਾ ਤਾਂ ਹੈ ਈ ਨਹੀਂ। ਜੋ ਹੋ ਰਿਹਾ ਹੈ, ਉਹ ਨਾਟਕ ਹੈ। ਨਾਟਕ ਹੋ ਰਿਹਾ ਹੈ। ਤੁਸੀਂ ਕਿਸੇ ਨਾਲ ਵੀ ਭਾਵੁਕ ਤੌਰ 'ਤੇ ਨਹੀਂ ਜੁੜਨਾ। ਉਸ ਜਨਾਨੀ ਵਾਂਗ ਸੋਚੇ, ਜਿਹੜੀ ਫਿਲਮ ਵੇਖ ਰਹੀ ਸੀ। ਸੁੰਨ ਹੋ ਜਾਵੋ। ਇਹ ਫਿਲਮ ਹੈ। ਹੁਣ ਆਪਾਂ ਆਪਣੇ ਦੂਸਰੇ ਪਾਤਰ ਬਾਰੇ ਦੇਖਦੇ ਹਾਂ। ਇਹ ਪਾਤਰ ਹੈ ਭੈਣ। ਹੁਣ ਰਤਾ ਗਹੁ ਨਾਲ ਵੇਖਣ-ਪਰਖਣ ਦੀ ਲੋੜ ਹੈ। ਇੱਥੇ ਵੱਧ ਚਾਂਸ ਹੈ ਜੁੜ ਜਾਣ ਦਾ। ਜੁੜਨਾ ਨਹੀਂ ਹੈ। ਵੈਸੇ ਵੀ ਜਦੋਂ ਬੰਦਾ ਕਿਸੇ ਚੀਜ਼ ਤੋਂ ਦੂਰ ਹੋ ਜਾਂਦਾ ਹੈ ਤਾਂ ਕਾਲਜੇ 'ਚ ਹੌਲ ਜਿਹੇ ਪੈਣ ਲਗਦੇ ਨੇ। ਮੈਂ ਆਪਣੇ ਪਿੰਡ ਤੋਂ ਸ਼ਹਿਰ ਆ ਕੇ ਰਹਿਣ ਲੱਗਾ ਤਾਂ ਪਿੰਡ ਹੋਰ ਹੀ ਨਜ਼ਰ ਆਉਣ ਲੱਗ ਪਿਆ ਸੀ। ਸਾਰੇ ਪਿੰਡ ਦੇ ਕਰੈਕਟਰ ਆਪਣਾ ਦਿਓ ਕਦ ਅਕਾਰ ਲੈ ਕੇ ਮੇਰੇ ਸਾਹਮਣੇ ਆਉਣ ਲੱਗੇ ਸਨ। ਅੱਖਾਂ ਸਾਹਵੇਂ ਘੁੰਮੀ ਜਾਇਆ ਕਰਨ। ਦਿਮਾਗ 'ਚ ਗੇੜੇ ਮਾਰਨ। ਇਥੋਂ ਤੱਕ ਕਿ ਫਿਰਨੀ 'ਤੇ ਲੱਗੀਆਂ ਡੇਕਾਂ ਦੀਆਂ ਰੁੰਡ-ਮਰੁੰਡ ਟਾਹਣੀਆਂ 'ਤੇ ਸਰਦੀਆਂ ਦੀ ਧੁੱਪ ਸੇਕਦੇ ਤੇ 'ਤਿਤਰ-ਬਿਤਰ', 'ਟਰੀਂ-ਮਰੀਂ' ਕਰਕੇ ਚੁਗਲੀਆਂ ਕਰਦੇ ਤੋਤਿਆਂ ਦੇ ਝੁੰਡ ਯਾਦ ਆਈ ਜਾਣ। ਮੈਂ ਇਕ ਲੇਖ ਲਿਖਿਆ ਸੀ, 'ਊਧੋ, ਮੋਹੇ ਬ੍ਰਜ ਬਿਸਰਤੁ ਨਾਹੀਂ' ਤੇ ਇਹ ਲੇਖ ਲਿਖਦਿਆਂ ਕਈ ਵਾਰ ਰੋਇਆ ਸਾਂ।

ਯਾਰ ਗੱਲ ਫੇਰ ਕਿਸੇ ਨਾ ਕਿਸੇ ਪਾਸੇ ਨਿੱਕਲ ਜਾਂਦੀ ਆ। ਆਪਾਂ ਤਾਂ ਨਾਟਕ ਦੇ ਦੂਜੇ ਕਰੈਕਟਰ ਬਾਰੇ ਗੱਲ ਕਰਨੀ ਸੀ। ਇਸ ਕਰੈਕਟਰ ਦੀ ਪਹਿਲੀ ਜ਼ਿੰਦਗੀ 'ਚ ਬਾਹਲਾ ਨਾ ਜਾਈਏ। ਸਹੁਰੇ ਘਰ ਦੀ ਵੀ ਪੁਰਾਣੀ ਜ਼ਿੰਦਗੀ 'ਚ ਜਾਣ ਦੀ ਲੋੜ ਨਹੀਂ। ਤਾਜ਼ਾ ਘਟਨਾਵਾਂ ਤੋਂ ਹੀ ਕੋਈ ਸਿੱਟਾ ਕੱਢਦੇ ਹਾਂ। ਸਿੱਟਾ ਕੀ ਕੱਢਣਾ। ਸਿੱਟਾ ਤਾਂ ਨਿੱਕਲ ਹੀ ਨਹੀਂ ਸਕਦਾ। ਨਾਲੇ ਅਸੀਂ ਸਿੱਟਾ ਕੱਢਣ ਲਈ ਨਹੀਂ ਬੈਠੇ। ਨਾਟਕ ਹੋ ਰਿਹਾ ਹੈ। ਉਸੇ ਨਾਟਕ ਦਾ ਕੁਝ ਹਿੱਸਾ ਅਸੀਂ ਦੇਖਣਾ ਹੈ।



ਇਹ ਪਾਤਰ ਆਪਣੇ ਘਰ ਵਾਲੇ ਦੀਆਂ ਕਰਤੂਤਾਂ ਤੋਂ ਬਹੁਤ ਦੁਖੀ ਹੈ। ਇਸਦੇ ਭਰਾ-ਭਰਜਾਈ ਇਸ ਕੋਲ ਦੁੱਖ-ਸੁੱਖ ਕਰਨ ਗਏ ਹੋਏ ਹਨ। ਇਹਨੇ ਆਪਣਾ ਢਿੱਡ ਫਰੋਲ ਲਿਆ ਹੈ। ਮਨ ਰਤਾ ਕੁ ਹਲਕਾ ਹੋਇਆ ਹੈ।

"ਤੁਹਾਨੂੰ ਵੈਸੇ ਇਸ ਟੱਬਰ ਦੀਆਂ ਜੇ ਗੱਲਾਂ ਦੱਸਾਂ ਤਾਂ ਤੁਸੀਂ ਹੈਰਾਨ ਰਹਿ ਜਾਓਗੇ। ਅਜੀਬ ਟੱਬਰ ਆ ਇਹ। ਆਹ ਸਾਡੀ ਬੁੜ੍ਹੀ ਆ ਨਾ ਜਿਹੜੀ, ਇਹਦੀ ਸੁਣ ਲਓ। ਪਹਿਲਾਂ ਤਾਂ ਸਾਨੂੰ ਇਹਨੇ ਦੁਖੀ ਕੀਤਾ ਹੋਇਆ, ਉਪਰੋਂ ਆਹ ਬੁੜ੍ਹੀ ਨੇ ਆਪਣਾ ਈ ਅੜੋਹਾ ਡਾਹ ਲਿਆ। ਦਿਨੇ ਸਾਰੀ ਦਿਹਾੜੀ ਇਹਦੀ ਲੜਾਈ ਦੀ ਕਲਪਣਾ 'ਚ ਨਿੱਕਲ ਜਾਇਆ ਕਰੇ, ਤੇ ਰਾਤ ਨੂੰ ਬੁੜੀ ਆਪਣੀ ਬਿਮਾਰੀ ਦਾ ਲੈ ਕੇ ਬੈਠ ਜਾਇਆ ਕਰੇ। ਉੱਚੀ-ਉੱਚੀ ਕੀਰਨੇ ਪਾਉਣ। ਰਤਾ ਕੁ ਅੱਖ ਲੱਗਣੀ ਤਾਂ ਇਹਨੇ ਅਸਮਾਨ ਸਿਰ 'ਤੇ ਚੁੱਕ ਲੈਣਾ। ਮੈਨੂੰ ਆਹ ਕਰ ਦਿਓ, ਮੈਨੂੰ ਅਹੁ ਕਰ ਦਿਓ। ਕੀ ਦੱਸਾਂ ਭਾਬੀ ਪੰਜ ਕੁ ਦਿਨਾਂ 'ਚ ਤਾਂ ਅੱਖਾਂ ਪਾਟਣੀਆਂ ਆ ਗਈਆਂ...। ਦਿਨੇ ਲੜਾਈ ਰਾਤ ਨੂੰ ਬੁੱਢੀ  ਦੀਆਂ ਚੀਕਾਂ। ਆਪ ਇਹ ਦਿਨੇ ਸੁੱਤੀ ਰਿਹਾ ਕਰੇ ਤੇ ਅਸੀਂ ਇਹਦੇ ਪੁੱਤ ਨਾਲ ਲੜਦੇ ਰਿਹਾ ਕਰੀਏ। ਕਦੇ ਮਾਰ ਕਦੇ ਕੁੱਟ.......। ਪੁੱਛ ਨਾ ਤੂੰ ....।" ਹੈਰਾਨੀ ਦੀ ਗੱਲ ਸੀ ਕਿ ਭੈਣ ਬਹੁਤ ਸਹਿਜ ਨਾਲ ਗੱਲ ਕਰ ਰਹੀ ਸੀ। ਉਹ ਭਾਵੁਕਤਾ ਬਿਲਕੁਲ ਨਹੀਂ ਸੀ, ਜਿਹੜੀ ਜਾਂਦਿਆਂ ਸਾਰ ਦੇਖੀ ਸੀ। ਮੇਰੇ ਮਨ 'ਚ ਉਹਦੀਆਂ ਗੱਲਾਂ ਕਰਕੇ ਕਈ ਵਿਚਾਰ ਆ ਰਹੇ ਸਨ। ਦੁੱਖ ਨੇ ਇਹਨੂੰ ਕਿੰਜ ਸਹਿਜ ਬਣਾ ਦਿੱਤਾ ਹੈ। ਏਨੇ ਦੁੱਖ ਦੀ ਗੱਲ ਬਿਨਾਂ ਗੱਚ ਭਰਿਆਂ, ਬਿਨਾਂ ਹੌਕਾ ਲਿਆਂ, ਕਿਵੇਂ ਸੁਣਾ ਰਹੀ ਹੈ। ਕਿੰਨੀ ਗਰੀਬੀ ਕੱਟ ਰਹੀ ਹੈ। ਕਿੰਨੇ ਦੁੱਖ ਸਹਿ ਰਹੀ ਹੈ। ਇੱਕ ਵਾਰੀ ਇਹਦੀ ਬੁੱਢੀ ਸੱਸ ਨੇ ਇਹਨੂੰ ਕਿਸੇ ਜਿਮੀਂਦਾਰ ਦੇ ਨਾਂ 'ਤੇ ਵਾਹਵਾ ਈ ਮਾਰ ਦਿੱਤਾ ਸੀ। ਫੇਰ ਇਹਨੇ ਵਾਹਵਾ ਈ ਮਾਰ ਦਿੱਤਾ ਸੀ। ਫੇਰ ਇਹਨੇ ਵਾਹਵਾ ਕੁੱਪਤ ਕਰ ਦਿੱਤੀ।

"ਇਕ ਦਿਨ ਮੈਂ ਤੰਗ ਆ ਕੇ ਕੀ ਕੀਤਾ ਕਿ ਦਿਨੇ ਸੌਣ ਲੱਗੀ ਤਾਂ ਮੈਂ ਮੰਜਾ ਹਿਲਾ ਦਿੱਤਾ। ਇਹਨੇ ਸਮਝਿਆ ਨਿਆਣਿਆਂ ਨੇ ਏਦਾ ਕੀਤਾ। ਲੱਗੀ ਗਾਲ੍ਹਾਂ ਕੱਢਣ। ਮੈਂ ਵੀ ਨਿਆਣਿਆਂ ਨੂੰ ਬੁਰਾ ਭਲਾ ਕਹਿਣ ਲੱਗ ਪਈ। ਇਹਨੇ ਫੇਰ ਅੱਖ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਫੇਰ ਮੰਜੇ 'ਚ ਲੱਤ ਮਾਰ ਦਿੱਤੀ। ਇਹ ਫੇਰ ਉੱਠ ਕੇ ਬਹਿ ਗਈ। ਮੈਂ ਵੀ ਸੋਚਿਆ ਸੀ ਕਿ ਅੱਜ ਇਹਨੂੰ ਦਿਨੇ ਨਹੀਂ ਸੌਣ ਦੇਣਾ। ਇਹਨੇ ਫੇਰ ਅੱਖ ਲਾਈ ਤਾਂ ਮੈਂ  ਕੱਟੀ ਦਾ ਸੰਗਲ ਇਹਦੀ ਮੰਜੀ ਦੇ ਪਾਵੇ 'ਚ ਫਸਾ ਦਿੱਤਾ। ਕੱਟੀ ਇਹਨੂੰ ਧੂਹ ਕੇ ਲੈ ਗਈ। ਮੰਜੀ ਕਿਧਰ ਫਿਰੇ, ਬੁੜੀ ਕਿਧਰ ਫਿਰੇ...... ਹਾਸੜ ਮਚ ਗਈ.....।" ਭੈਣ ਜ਼ੋਰ ਦੀ ਹੱਸੀ। ਨਿਰਛੱਲ ਹਾਸਾ। ਕੋਈ ਤਣਾਅ ਨਹੀਂ। ਜਿਵੇਂ ਅਸੀਂ ਇਹਦੇ ਦੁੱਖ ਫਰੋਲਣ ਨਹੀਂ, ਕਿਸੇ ਵਿਆਹ ਦਾ ਸੁਨੇਹਾ ਲੈ ਕੇ ਆਏ ਹੋਈਏ।

ਇਹ ਹਮੇਸ਼ਾ ਇਉਂ ਹੀ ਕਰਦੀ ਹੈ। ਦੁੱਖਾਂ 'ਚ ਹੁੰਦਿਆਂ ਵੀ ਖ਼ੂਬ ਹੱਸਦੀ ਹੈ। ਦੁੱਖ ਤੋਂ ਪਾਰ ਚਲੇ ਜਾਂਦੀ ਹੈ। ਦੁੱਖ ਨੂੰ ਦੁੱਖ ਨਹੀਂ ਰਹਿਣ ਦਿੰਦੀ, ਠੱਠੇ 'ਚ ਉਡਾ ਦਿੰਦੀ ਹੈ। ਜਾਂ ਖਵਰੇ ਦੁੱਖ ਦੀ ਇੰਤਹਾਂ ਹੈ ਇਹਦਾ ਹਾਸਾ......।

ਲਓ ਜੀ ਫੇਰ ਵਹਿਣ 'ਚ ਵਹਿ ਤੁਰਨ ਲੱਗੇ ਸੀ। ਚੰਗਾ ਹੋਇਆ ਛੇਤੀ ਪਤਾ ਲੱਗ ਗਿਆ। ਕਿਉਂਕਿ ਇਹ ਵਹਿਣ ਦੀ ਜਗ੍ਹਾ ਨਹੀਂ , ਨਾਟਕ ਹੋ ਰਿਹਾ ਹੈ। ਇਹ ਨਾਟਕ ਦੀ ਪਾਤਰ ਹੈ, ਆਪਾਂ ਦਰਸ਼ਕ।

## ਬੁਲਡੋਜ਼ਰ/ਗੁਰਦਿਆਲ ਦਲਾਲ

ਜਦੋਂ ਦਾ ਮੈਨੂੰ ਪਤਾ ਲੱਗਾ ਏ ਕਿ ਪੁਲਸ ਗੁਰਜੰਟ ਮਾਸਟਰ ਨੂੰ ਫੜ ਕੇ ਲੈ ਗਈ ਹੈ, ਮੈਂ ਬਹੁਤ ਪਰੇਸ਼ਾਨ ਹਾਂ। ਦਿਲ ਨੂੰ ਡੋਬੂ ਪੈ ਰਹੇ ਨੇ ਤੇ ਕੁਝ ਵੀ ਖਾਣ-ਪੀਣ ਨੂੰ ਚਿਤ ਨਹੀਂ ਕਰਦਾ। ਤੀਜਾ ਦਿਨ ਚੜ੍ਹ ਆਇਆ ਹੈ, ਮੈਂ ਤਾਂ ਕੰਮ ਤੇ ਵੀ ਨਹੀਂ ਗਿਆ। ਪਤਨੀ ਜੀਤ ਨਾਲ ਗੱਲ ਕਰੀ ਤਾਂ ਉਹਨੇ ਊਟ ਪਟਾਂਗ ਬਕਣ ਲੱਗ ਜਾਣਾ ਏਂ। ਕਈ ਵਾਰੀ ਸੋਚਿਆ ਹੈ, ਕਿਧਰੇ ਦੌੜ ਜਾਵਾਂ। ਪਰ ਕਿੱਥੇ ? ਜੇ ਤਫ਼ਤੀਸ਼ ਦੀ ਕੜੀ ਖੁੱਲ੍ਹਦੀ-ਖੁੱਲ੍ਹਦੀ ਮੇਰੇ ਤੱਕ ਆ ਪੁੱਜੀ, ਤਾਂ ਕੀ ਬਣੇਂਗਾ ? ਪੁਲਸ ਦਾ ਕੀ ਏ ਇੱਕ ਵਾਰੀ ਫੜਿਆ ਗਿਆ, ਤਾਂ ਜਿੰਨੇ ਮਰਜੀ ਕੇਸ ਪਾ ਦੇਵੇ। ਮੈਂ ਤਾਂ ਕਦੀ ਠਾਣੇ ਦੀ ਦੇਹਲੀ ਨਹੀਂ ਚੜ੍ਹਿਆ। ਊਂਈਂ ਭੈਅ ਆਉਂਦੈ ਉਨ੍ਹਾਂ ਦੀਆਂ ਲਾਲ ਖਾਕੀ ਵਰਦੀਆਂ ਦੇਖਕੇ। ਗੁਰਜੰਟ ਦੇ ਮਗਰ ਤਾਂ ਬਥੇਰੇ ਵੱਡੇ ਬੰਦੇ ਹੈਗੇ ਨੇ। ਪਾਰਟੀ ਪ੍ਰਧਾਨ ਦੇ ਨਾਲ ਉਹਦਾ ਖਾਣ-ਪੀਣ ਏਂ। ਅੱਜ ਨਹੀਂ ਤਾਂ ਭਲਕ ਛੁੱਟ ਕੇ ਆ ਜਾਵੇਗਾ। ਪਰ ਜੇ ਮੈਂ ਅੜੁੰਗਿਆ ਗਿਆ। ਕੌਣ ਬਹੁੜੇਗਾ ਮੇਰੀ ਮੱਦਦ ਨੂੰ ? ਇੱਕ ਗੱਲੋਂ ਹੋਰ ਵੀ ਮੇਰੀ ਨੀਂਦ ਉੱਖੜੀ ਪਈ ਏ। ਮੈਨੂੰ ਭੁਚੱਕਾ ਲੱਗੀ ਜਾਂਦਾ ਏ ਜਿਵੇਂ ਲੋਕੀ ਮੇਰੇ ਬਾਰ ਮੂਹਰੇ 'ਕੱਠੇ ਹੋ ਕੇ, ਮੁਰਦਾਬਾਦ-ਮੁਰਦਾਬਾਦ ਕਰ ਰਹੇ ਹੋਣ। ਮੈਨੂੰ ਕੁੱਝ ਵੀ ਨਹੀਂ ਸੁੱਝ ਰਿਹਾ। ਦਿਨ-ਰਾਤ ਸਿਰ ਤੇ ਹਥੌੜੇ ਜਿਹੇ ਚੱਲੀ ਜਾ ਰਹੇ ਨੇ-ਠਾਹ-ਠਾਹ-ਠਾਹ।

"ਦਿਲ ਘਟਦਾ ਏ ਤਾਂ ਇਲਾਜ ਕਰਾ। ਚੱਲ ਮੈਂ ਡਾਕਟਰ ਦੇ ਲੈ ਕੇ ਚੱਲਾਂ।" ਜੀਤ ਮੈਨੂੰ ਬਾਰ-ਬਾਰ ਕਹਿ ਰਹੀ ਏ। ਮੈਂ ਜੀਤ ਨੂੰ ਇਹ ਗੱਲ ਵੀ ਨਹੀਂ ਦੱਸ ਸਕਦਾ ਕਿ ਇਹ ਸਭ ਕਾਰਾ ਤੇਰੇ ਕਾਮਰੇਡ ਪਿਉ ਨੇ ਕੀਤਾ ਹੈ। ਮਾਸਟਰ ਵਿਚਾਰੇ ਦਾ ਭਲਾ ਕੀ ਕਸੂਰ ਸੀ। ਉਸ ਨੇ ਤਾਂ ਸਭ ਸਾਡੇ ਭਲੇ ਲਈ ਹੀ ਕੀਤਾ ਸੀ। ਉਹਨੇ ਕਿਹੜਾ ਵਿੱਚੋਂ ਕੁਛ ਲੈ ਲਿਆ। ਅੱਜ ਕੱਲ੍ਹ ਭਲਮਾਣਸੀ ਦਾ ਸਮਾਂ ਰਹਿ ਹੀ ਕਿੱਥੇ ਗਿਆ। ਹੇ ਰੱਬ ! ਇਹ ਸਭ ਕੁਝ ਮੇਰੀ ਮੂਰਖਮੱਤੀ ਕਰਕੇ ਹੀ ਹੋਇਆ। ਮੇਰੀ ਤਾਂ ਬੁੱਧੀ ਭ੍ਰਿਸ਼ਟ ਹੋ ਗਈ। ਇਹ ਜ਼ੁਬਾਨ ਏ ਸਾਲੀ, ਜਿਹੜੀ ਸਭ ਕਾਰੇ ਕਰਵਾਉਂਦੀ ਏ। ਪਤਾ ਨਹੀਂ ਕਾਮਰੇਡ ਨੇ ਮੈਨੂੰ ਖੁਰਚ-ਖੁਰਚ ਕੇ ਸਾਰਾ ਭੇਤ ਕਿਵੇਂ ਕਢਾ ਲਿਆ। ਹੁਣ ਥਾਂ ਥਾਂ ਤੇ ਲੋਕਾਂ 'ਚ ਅਰ੍ਹਾਹਟ ਪਾਉਂਦਾ ਫਿਰ ਰਿਹਾ ਏ ਕਿ ਗੁਰਜੰਟ ਮਾਸਟਰ ਡਾਕਟਰ ਜੋੜੇ ਦਾ ਏਜੰਟ ਸੀ। ਕੇਸ ਲਿਆਉਣ ਦਾ ਕਮਿਸ਼ਨ ਲੈਂਦਾ ਸੀ। ਪੁਲਸ ਦੇ ਪਟੇ ਨਾਲ ਅਗਲੀਆਂ-ਪਿਛਲੀਆਂ ਸਭ ਕਰਤੂਤਾਂ ਦੱਸ ਦਿੱਤੀਆਂ। ਮਿਰਚ-ਮਸਾਲੇ ਲਾ ਕੇ ਤਾੜੀਆਂ ਮਾਰ ਮਾਰ ਕਹਿ ਰਿਹਾ ਹੈ, "ਲੈ ਭਾਈ ਡਾਕਟਰਨੀ ਨੇ ਕਾਲੀਆਂ ਐਨਕਾਂ ਲਾਈਆਂ ਹੋਈਆਂ। ਜੀਨ ਦੀ ਪੈਂਟ ਪਾਈ ਹੋਈ। ਗੀਂ-ਗੀਂ ਕਰਦੀ ਆਪ ਹੀ ਜਾ ਬੈਠੀ ਪੁਲਸ ਦੀ ਵੈਨ 'ਚ....ਜਿਵੇਂ ਸ਼ੂਟਿੰਗ ਤੇ ਚੱਲੀ ਹੋਵੇ।" ਦੱਸਣ ਵਾਲੇ ਦੱਸਦੇ ਨੇ ਕਿ ਜਦੋਂ ਪੁਲਸ ਕੋਠੀ ਦਾ ਪੱਤ-ਪੱਤ ਛਾਣ ਕੇ ਵਾਪਸ ਜਾਣ ਲੱਗੀ ਤਾਂ ਕਾਮਰੇਡ ਨੇ ਟੈਂਕੀ ਵੱਲ ਇਸ਼ਾਰਾ ਕਰਕੇ ਠਾਣੇਦਾਰ ਨੂੰ ਕਿਹਾ। "ਜਨਾਬ ਵਿੱਚ ਵੀ ਦੇਖ ਲਵੋ।" ਸਿਪਾਹੀ ਖਿੱਚ ਲਿਆਏ ਉਪਰੋਂ ਡਾਕਟਰ ਨੂੰ ਵੀ। ਉਦੋਂ ਇਹ ਬੇਸ਼ਰਮ ਕਾਮਰੇਡ ਹਿੜ-ਹਿੜ ਹੱਸ ਰਿਹਾ ਸੀ।

ਬੇਵਕੂਫ਼ ! ਇਹਨੂੰ ਕੋਈ ਪੁੱਛੇ ਕਿ ਸਾਰੀ ਉਮਰ ਤੂੰ ਪੁੱਠੇ ਪੰਗਿਆਂ ਤੋਂ ਬਿਨਾਂ ਕੀਤਾ ਹੀ ਕੀ ਏ ? ਆਪਣੇ ਘਰ ਦੀ ਤੂੰ ਕਦੀ ਖ਼ਬਰ ਲਈ ? ਸ਼ੈਤਾਨ ਸਿਰੇ ਦਾ। ਮੁੰਡੇ ਦਾ ਵਿਆਹ ਦਾਜ ਤੋਂ ਬਿਨਾਂ ਕਰਕੇ, ਚਾਰ ਕੁੜੀਆਂ ਇਸੇ ਆੜ ਵਿੱਚ ਖਾਲੀ ਤੋਰ ਦਿੱਤੀਆਂ ਕਿ ਦਾਜ-ਦਹੇਜ ਲਾਹਣਤ ਹੁੰਦੀ ਏ। ਲੋਕ ਅਜੇ ਤੀਕ ਮਜਾਕ ਉਡਾਉਂਦੇ ਨੇ, ਕਿ ਕਾਮਰੇਡ ਗੁਰਦਿੱਤਾ, ਨਾ ਕੁਝ ਲਿੱਤਾ, ਨਾ ਕੁਝ ਦਿੱਤਾ। ਗੁਰਦੁਆਰੇ ਮੰਦਰ ਕਦੀ ਇਹ ਨਹੀਂ ਵੜਿਆ। ਸਾਰੀ ਉਮਰ ਸਾਧਾਂ ਸੰਤਾਂ ਦੇ ਮਗਰ ਇਹ ਪਿਆ ਰਿਹਾ। ਮੁਲਾਜ਼ਮਾਂ, ਬਾਬੂਆਂ, ਮਾਸਟਰਾਂ ਦੀਆਂ ਸ਼ਿਕਾਇਤਾਂ ਇਹ ਕਰਦਾ ਰਿਹਾ। ਜਿੱਥੇ ਮਾੜ੍ਹੀ ਜਿਹੀ ਗੱਲ ਸੁਣੀ, ਜਾ ਕੇ ਝੰਡਾ ਗੱਡ ਦਿੱਤਾ। ਜਿਵੇਂ ਲੋਕਾਂ ਦਾ ਇਹਨੇ ਠੇਕਾ ਲਿਆ ਹੁੰਦਾ



ਏ। ਕੀ ਖੱਟਿਆ ਇਨ੍ਹਾਂ ਗੱਲਾਂ 'ਚੋਂ ? ਘਰ ਦੇਖੋ ਤਾਂ ਚੂਹੇ ਭੁੱਖੇ ਮਰਦੇ ਨੇ। ਕੱਚੇ ਕੋਠੇ ਦੀ ਛੱਤ 'ਚੋਂ ਲਟਕਦੀਆਂ ਕੜੀਆਂ ਚਾਹੇ ਕਿਸੇ ਦੇ ਸਿਰ 'ਚ ਹੀ ਆ ਵੱਜਣ। ਘਰ ਵਾਲੇ ਅਜੇ ਤੀਕ ਲੋਕਾਂ ਦੇ ਨਲਕਿਆਂ 'ਚੋਂ ਪਾਣੀ ਭਰ ਕੇ ਲਿਆਉਂਦੇ ਨੇ। ਦੁਰ ਫਿਟੇ ਮੂੰਹ ਤੇਰਾ, ਐਹੋ ਜਿਹੇ ਦਾ। ਡਾਕਟਰ ਲੋਕ ਸੀਗੇ। ਆਪਣਾ ਕਾਰੋਬਾਰ ਕਰਦੇ ਸੀ। ਬਈ ਤੇਰਾ ਦੱਸ ਕਿਉਂ ਢਿੱਡ ਦੁਖਣ ਲੱਗ ਪਿਆ ? ਆਪ ਤਾਂ ਸਾਰੀ ਉਮਰ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ, ਤੂੰ ਹੋਰਨਾਂ ਦੇ ਢਿੱਡਾਂ 'ਚ ਲੱਤਾਂ ਮਾਰਦਾ ਫਿਰਦੈਂ। ਤੈਂ ਵੜੇਵੇਂ ਲੈਣੇ ਨੇ ? ਕੋਈ ਆਪਣੀ ਕਰਨੀ ਕਿਹੋ ਜਿਹਾ ਵੀ ਹੋਵੇ। ਕੀ ਕਬੀਰ ਜੀ ਨੇ ਗਲਤ ਕਿਹਾ ਏ ? ਬਈ, ਕਬੀਰਾ ਤੇਰੀ ਝੌਂਪੜੀ ਗਲ ਕਟਿਅਨ ਕੇ ਪਾਸ, ਜੋ ਕਰੇਂਗੇ ਸੋ ਭਰੇਂਗੇ ਤੂ ਕਿਉਂ ਭਇਓ ਉਦਾਸ। ਗਲਤੀ ਤਾਂ ਮੈਥੋਂ ਹੀ ਹੋ ਗਈ ਸਾਰੀ। ਬੱਸ ਖਾਧੀ ਪੀਤੀ 'ਚ ਸਾਲਾ ਡਮਾਕ ਚੱਲ ਗਿਆ। ਬਕਿਆ ਗਿਆ ਉਹਦੇ ਕੋਲ। ਹੁਣ ਮੂੰਹ 'ਚੋਂ ਕਿਰੇ ਬੋਲ ਕਿਵੇਂ ਮੁੜਨ ? ਕਾਮਰੇਡ ਨੂੰ ਤਾਂ ਬੱਸ ਗੱਲ ਮਿਲਣੀ ਚਾਹੀਦੀ ਸੀ। ਪੈ ਗਿਆ ਮਗਰ। ਮੈਨੂੰ ਕੀ ਪਤਾ ਸੀ ਬਈ ਬਾਤ ਦਾ ਬਤੰਗੜ ਬਣ ਜੂ.....ਹਾਇ ਉਇ ਮੇਰਿਆ ਰੱਬਾ ! ਕਿੱਥੇ ਡੁੱਬ ਮਰਾਂ ?

ਮੈਂ ਤਾਂ ਹਮੇਸ਼ਾ ਆਪਣੇ ਕੰਮ ਤੱਕ ਮਤਲਬ ਰੱਖਿਆ ਏ। ਨਾ ਕਦੀ ਕਿਸੇ ਨੂੰ ਮਾੜਾ ਕਿਹਾ ਨਾ ਚੰਗਾ। ਆਪਣੇ ਆਪ ਤੋਂ ਮਾੜਾ ਹੋਰ ਦੂਜਾ ਕੌਣ ਹੁੰਦਾ ਏ ? ਮੈਂ ਕਦੀ ਕਿਸੇ ਕੋਲ ਖੜਿਆ ਨਹੀਂ, ਕਦੀ ਬੈਠਿਆਂ ਨਹੀਂ। ਮਾਲਕ ਚਾਹੇ ਕੋਲ ਹੋਵੇ ਚਾਹੇ ਨਾ। ਹਮੇਸ਼ਾ ਸਿਰ ਸੁੱਟ ਕੇ ਕੰਮ ਕੀਤਾ ਏ। ਸਿੱਧੀ ਨੀਤ ਨੂੰ ਘਾਟ ਵੀ ਰੱਬ ਨੇ ਕਦੀ ਕੋਈ ਨਹੀਂ ਰੱਖੀ। ਦੁਨੀਆਂ ਦੇ ਦਾਅ ਪੇਚਾਂ ਦਾ ਮੈਨੂੰ ਭਲਾ ਕੀ ਪਤਾ ? ਕੀ-ਕੀ ਹੋ ਰਿਹਾ ਏ ਐਥੇ ! ਹੇ ਰੱਬਾ ! ਬਖਸ਼ੀਂ ਦਾਤਿਆ। ਤੇਰੇ ਹੁਕਮ ਬਿਨਾਂ ਪੱਤਾ ਕਿਹੜਾ ਹਿੱਲ ਸਕਦਾ ਏ। ਉਹੀ ਹੋਣਾ ਏਂ, ਜੋ ਪਰਮਾਤਮਾ ਨੂੰ ਮੰਜੂਰ ਏ। ਪਤਾ ਨਹੀਂ ਇਹਦੇ ਵਿੱਚ ਵੀ ਕੋਈ ਭਲਾਈ ਛੁਪੀ ਹੋਊ। ਸਿਆਣੇ ਕਹਿੰਦੇ ਨੇ ਹਰ ਬੁਰਾਈ ਵਿੱਚ ਵੀ ਭਲਾਈ ਛੁਪੀ ਹੁੰਦੀ ਏ। ਪਹਿਲੀਆਂ ਤੋਂ ਹੀ ਲੋਕੀ ਮਾਰਦੇ ਆਏ ਨੇ ਕੁੜੀਆਂ ਨੂੰ ਤਾਂ। ਮੇਰੀ ਭੂਆ ਗੌਰੀ ਗੋਦੀ ਦੀ ਕੁੜੀ ਨੂੰ ਨਹਿਰ ਵਿੱਚ ਹੀ ਸੁੱਟ ਆਈ ਸੀ, ਅਖੇ, ਢੈਅ ਜਾਣੀ ਰੋਣ ਤੋਂ ਹਟੇ ਹੀ ਨਾ, ਮੈਂ ਅਹੁ ਮਾਰੀ ਚਲਾ ਕੇ। ਚੱਲ ਜਾਨ ਛੁੱਟ ਗਈ। ਭੂਆ ਦੀ ਵੀ ਕੁੜੀ ਦੀ ਵੀ। ਪਰ ਹੁਣ ਤਾਂ ਪੇਟ 'ਚ ਹੀ ਮਾਰਨ ਲੱਗ ਪਏ। ਕਿੰਨੀ ਤਰੱਕੀ ਕਰ ਗਈ ਏ ਸਾਇੰਸ। ਮਾਰਨ ਪਏ। ਅੱਜ ਇਹ ਮਾਰਦੇ ਨੇ, ਅਗਲੇ ਜਨਮ 'ਚ ਇਹ ਕੁੜੀਆਂ ਇਨ੍ਹਾਂ ਨੂੰ ਮਾਰਨਗੀਆਂ। ਰੱਬ ਦੇ ਘਰ ਵਿੱਚ ਦੇਰ ਏ, ਹਨੇਰ ਨੀ। ਸਭ ਹਿਸਾਬ-ਕਿਤਾਬ ਲਿਖਿਆ ਪਿਆ ਏ ਉਹਦੇ ਕੋਲ। ਫਿਰ ਕਾਮਰੇਡ ਪਤਾ ਨਹੀਂ ਕਿਉਂ ਵਿੱਚ ਫਸਦਾ ਫਿਰਦਾ ਏ। ਬਈ ਤੈਂ ਦੱਸ ਧਾਰਾਂ ਲੈਣੀਆਂ ਨੇ ਵਿੱਚੋਂ ? ਅਗਲੇ ਦੀ ਕੁੜੀ ਏ, ਚਾਹੇ ਮਾਰੇ ਚਾਹੇ ਰੱਖੇ। ਕੀ ਕੀਤਾ ਜਾਵੇ, ਇਸ ਬੰਦੇ ਦਾ ਤਾਂ ਪਹਿਲਾਂ ਤੋਂ ਹੀ ਡਮਾਕ ਖਰਾਬ ਏ। ਬੱਸ ਕਿਸੇ ਗੱਲ ਦੀ ਪੂਛ ਹੱਥ ਲੱਗ ਜਾਵੇ ਸਹੀ, ਫਿਰ ਦੇਅ ਘੁਮੇਟਣੀ ਤੇ ਘੁਮੇਟਣੀ। ਸਾਹ ਕਿਹੜਾ ਲੈਂਦਾ ਏ। ਵੈਸੇ ਡਾਕਟਰ ਜੋੜੇ ਨੇ ਵੀ ਇੱਕ ਗੱਲ ਤਾਂ ਜੱਗੋਂ ਤੇਰਵੀਂ ਕੀਤੀ ਕਿਵੇਂ ਸਫਾਈ ਕਰ ਕਰ ਬੱਚੀਆਂ ਨੂੰ ਲੈਟਰੀਨ ਵਾਲੀ ਡੱਘ ਵਿੱਚ ਹੀ ਸੁੱਟਦੇ ਗਏ। ਬਈ ਘੱਟੋ ਘੱਟ ਦੋ ਗਿੱਠ ਲੀਰ ਉੱਤੇ ਪਾਕੇ ਕੰਜਕਾਂ ਨੂੰ ਧਰਤੀ ਵਿੱਚ ਦਬਾਈ ਜਾਂਦੇ ਤਾਂ ਤੁਹਾਡਾ ਕਿੰਨਾ ਕੁ ਖਰਚ ਹੋ ਜਾਣਾ ਸੀ ?

ਮੈਂ ਤਾਂ ਵੈਸੇ ਹੀ ਕੰਨਾਂ ਨੂੰ ਹੱਥ ਲਾਉਂਦਾਂ। ਮੈਂ ਕਾਹਨੂੰ ਪੈਣਾ ਸੀ ਇਸ ਪੁੱਠੇ ਪੰਗੇ 'ਚ। ਭੋਗਪੁਰੀਆਂ ਦੀ ਕੋਠੀ ਦਾ ਲੈਂਟਰ ਪਿਆ ਸੀ ਉਸ ਦਿਨ ਤੇ ਮੈਂ ਚੰਗਾ ਭਲਾ ਕੰਮ ਤੋਂ ਛੁੱਟੀ ਕਰਕੇ ਆਪਣੇ ਸਾਈਕਲ ਤੇ ਘਰ ਨੂੰ ਵਾਪਸ ਆ ਰਿਹਾ ਸਾਂ। ਫੋਕਲ ਪੁਐਂਟ ਲਾਗੇ ਦੂਜੇ ਪਾਸੇ ਤੋਂ ਆਉਂਦੇ ਗੁਰਜੰਟ ਮਾਸਟਰ ਨੇ ਐਨ ਮੇਰੇ ਕੋਲ ਆ ਕੇ ਆਪਣਾ ਮੋਟਰ ਸਾਈਕਲ ਰੋਕ ਲਿਆ ਤੇ ਕਹਿਣ ਲੱਗਾ, "ਬੱਲੇ-ਬੱਲੇ ਬਈ ਪਾਖਰ ਸਿਆਂ ਤੂੰ ਤਾਂ ਈਦ ਦਾ ਚੰਨ ਹੀ ਹੋ ਗਿਆ। ਆ ਜਾ ਅੱਜ ਲਾਈਏ ਘੁੱਟ-ਘੁੱਟ। ਥਕਾਵਟ ਲਾਹ ਕੇ ਵਗ ਜੀਂ।"

ਲੈ ਭਾਈ, ਮੈਂ ਸਾਈਕਲ ਤੋਂ ਉੱਤਰ ਗਿਆ। ਮਾਸਟਰ ਨੂੰ ਦੇਖ ਕੇ ਹੀ ਮੇਰੀ ਰੂਹ ਨਸ਼ਿਆਈ ਗਈ ਸੀ।

"ਸਾਈਕਲ ਖੜ੍ਹਾ ਦੇ ਪੰਡਤਾਂ ਦੀ ਚੱਕੀ ਤੇ।" ਉਹ ਬੋਲਿਆ।

ਮੈਂ ਸਾਈਕਲ ਖੜ੍ਹਾ ਆਇਆ ਤੇ ਪਰਨੇ ਨਾਲ ਮੂੰਹ ਪੂੰਝਦਾ ਉਹਦੇ ਮੋਟਰ ਸਾਈਕਲ ਮਗਰ ਜਾ ਬੈਠਾ। ਉਹ ਇੱਕ ਢਾਬੇ ਤੇ ਜਾ ਰੁਕਿਆ ਤੇ ਮੈਨੂੰ ਮੰਜੇ ਤੇ ਬੈਠਣ ਲਈ ਕਹਿ ਕੇ ਆਪ ਅੰਦਰ ਚਲਾ ਗਿਆ।

ਗੁਰਜੰਟ ਮਾਸਟਰ ਬੜੀ ਰੱਜੀ ਹੋਈ ਰੂਹ ਵਾਲਾ ਬੰਦਾ ਹੈ। ਪਿੰਡ ਵੜਦਿਆਂ ਹੀ ਸ਼ਹੀਦੀ ਗੇਟ ਦੇ ਲਾਗੇ ਜਿਹੜੀ ਸਫੈਦ ਰੰਗ ਦੀ ਕੋਠੀ ਏ, ਉਸੇ ਦੀ ਏ। ਉਨ੍ਹਾਂ ਦਿਨਾਂ 'ਚ ਪੂਰਾ ਤੀਹ ਲੱਖ ਖਰਚਾ ਆਇਆ ਸੀ ਕੋਠੀ ਤੇ। ਮੈਂ ਅਤੇ ਜਟਾਣੇ ਵਾਲੇ ਮਿਸਤਰੀ ਬਖਤੌਰ ਸਿੰਘ ਨੇ ਬਣਾਈ ਸੀ ਇਹ ਕੋਠੀ। ਪੂਰਾ ਸਾਲ ਚਲਦਾ ਰਿਹਾ ਸੀ ਕੰਮ ਵੀ। ਬਖਤੌਰ ਸਿੰਘ ਨੇ ਤਾਂ ਭਨਿਆਰਾਂ ਵਾਲੇ ਬਾਬੇ ਤੋਂ ਨਾਮ ਲੈ ਰੱਖਿਆ ਸੀ। ਗੁਰਜੰਟ ਬਾਕੀਆਂ ਨੂੰ ਨਿੱਤ ਰੋਕ ਲੈਂਦਾ। ਘਰ ਦੀ ਕੱਢੀ ਦੀ ਕੇਨੀ ਨਿੱਤ ਮੂਹਰੇ ਲਿਆ ਧਰਦਾ। ਮੈਂ ਕਹਿਣਾ, "ਮਜ਼ਦੂਰਾਂ ਨੂੰ ਨਾ ਬਹਾਇਆ ਕਰ ਕੋਈ ਪੁਲਸ ਨੂੰ ਸੂਹ ਨਾ ਦੇ ਦੇਵੇ।" ਮੇਰੀ ਗੱਲ ਸੁਣਕੇ ਉਹ ਹੱਸ ਪੈਂਦਾ, "ਪੁਲਸ ਵਾਲੇ ਵੀ ਐਥੋਂ ਹੀ ਲੈਂਦੇ ਨੇ।" ਬੜੀ ਵਾਰੀ ਮੈਂ ਉਸ ਨੂੰ ਇਹ ਵੀ ਕਹਿੰਦਾ, "ਬਾਈ ਜੀ, ਜਿੱਦਣ ਕੋਠੀ ਦਾ ਕੰਮ ਮੁੱਕ ਗਿਆ, ਫਿਰ ਕਿੱਥੋਂ ਪੀਵਾਂਗੇ ?"

"ਚਾਹੇ ਨਿੱਤ ਲੰਘ ਜਾਇਆ ਕਰੀਂ ਐਧਰ ਨੂੰ ਪਾਖਰਾ.....ਤੇਰੇ ਵਾਸਤੇ ਹਮੇਸ਼ਾ ਦਰ ਖੁੱਲ੍ਹੇ ਆਂ....ਇਮਾਨਦਾਰ ਤੇ ਕਾਮੇ ਬੰਦੇ ਦੀ ਮੈਂ ਹਮੇਸ਼ਾ ਕਦਰ ਕਰਦਾ ਹਾਂ।"

"ਜਿਉਂਦਾ ਰਹਿ ਬਈ ਮਾਸਟਰਾ।" ਮੈਂ ਮਨ ਹੀ ਮਨ ਉਸਦੀ ਪ੍ਰਸੰਸਾ ਕੀਤੀ।

ਮੁਰਗੇ ਦੇ ਪਕੌੜੇ ਬਣਵਾ ਕੇ, ਇੱਕ ਡੱਬੇ 'ਚ ਪੈਕ ਕਰਵਾ ਕੇ ਉਹ ਮੇਰੇ ਕੋਲ ਆਇਆ ਤੇ ਕਹਿਣ ਲੱਗਾ, "ਚੱਲ ਪਾਖਰਾ, ਮੋਟਰ ਤੇ ਜਾ ਕੇ ਬਹਿੰਦੇ ਆਂ।"

ਦੋ ਕੁ ਕਿਲੋਮੀਟਰ ਪਰ੍ਹੇ ਖੇਤਾਂ ਵਿੱਚ ਉਨ੍ਹਾਂ ਦੀ ਮੋਟਰ ਸੀ, ਜਿੱਥੇ ਉਸਨੇ ਇੱਕ ਕਮਰਾ ਵੀ ਪਾਇਆ ਹੋਇਆ ਸੀ। ਖਾਲ ਪੁੱਟ ਕੇ ਉਸ ਨੇ ਲਿਸ਼-ਲਿਸ਼ ਕਰਦੀ ਰੂੜੀ ਮਾਰਕੇ ਦੀ ਬੋਤਲ ਕੱਢ ਲਿਆਂਦੀ, ਜਿਹੜੀ ਉੱਥੇ ਪਤਾ ਨਹੀਂ ਕਦੋਂ ਦੀ ਸਾਹ ਘੁੱਟੀ ਪਈ ਹੋਵੇਗੀ। ਬੋਤਲ ਦਾ ਕੱਚ ਭੂਰਾ ਪੈ ਗਿਆ ਸੀ। ਉਸ ਨੇ ਬੋਤਲ ਹੁਝਕਾ ਮਾਰ ਕੇ ਹਿਲਾਈ। ਨਿੱਕੇ ਨਿੱਕੇ ਬੁਲਬਲੇ ਨੱਚਣ ਲੱਗੇ। ਮੇਰੇ ਮੂੰਹ 'ਚ ਪਾਣੀ ਭਰ ਆਇਆ। ਉਸ ਨੇ ਕਮਰਾ ਖੋਲ੍ਹਿਆ ਤੇ ਮੈਨੂੰ ਸੋਫੇ ਤੇ ਬੈਠਣ ਲਈ ਕਿਹਾ। ਪਰ ਮੇਰੇ ਕੱਪੜੇ ਤਾਂ ਮਿੱਟੀ ਨਾਲ ਲਿਬੜੇ ਪਏ ਸਨ। ਮੈਂ ਉਸ ਨੂੰ ਬਾਹਰ ਤੂਤਾਂ ਹੇਠ ਮੰਜਿਆਂ ਤੇ ਬੈਠਣ ਲਈ ਕਿਹਾ ਤਾਂ ਉਹ ਹੱਸਿਆ, "ਨਹੀਂ ਨਹੀਂ ਬੈਠ ਤੂੰ ਇੱਥੇ ਹੀ।"

ਮੈਂ ਕੱਪੜੇ ਝਾੜ ਕੇ ਸੋਫ਼ੇ ਤੇ ਬੈਠ ਗਿਆ। ਉਸਨੇ ਮੋਟਰ ਚਲਾ ਕੇ ਬੋਤਲ ਠੰਡੀ ਕੀਤੀ ਤੇ ਜੱਗ ਵਿੱਚ ਪਾਣੀ ਭਰ ਲਿਆਇਆ। ਦੋ ਗਿਲਾਸ ਠੰਡੇ ਕਰਕੇ ਪੈੱਗ ਬਣਾ ਲਏ। ਅਸੀਂ ਗਿਲਾਸ ਟਕਰਾਏ ਤੇ ਧਰਤੀ ਮਾਂ ਵੱਲ ਛਿੱਟਾ ਮਾਰ ਕੇ ਪੀਣ ਲੱਗੇ। ਦਾਰੂ ਐਨੀ ਤੇਜ਼ ਕਿ ਇੱਕ ਪੈੱਗ ਨੇ ਹੀ ਮੇਰੇ ਪੈਰ ਚੁੱਕ ਦਿੱਤੇ। ਮੈਂ ਦਾਰੂ ਦੀ ਤਾਰੀਫ਼ ਕਰਨ ਲੱਗਾ ਤਾਂ ਮਾਸਟਰ ਬੋਲਿਆ, "ਪਾਖਰਾ, ਤੇਰੇ ਨਾਲ ਬਹਿਕੇ ਪੀਣ ਦਾ ਬੜਾ ਆਨੰਦ ਆਉਂਦਾ ਏ।" ਮੈਂ ਖੁਸ਼ ਹੋ ਗਿਆ। ਅਸੀਂ ਪੀਂਦੇ ਵੀ ਰਹੇ ਤੇ ਪਕੌੜੇ ਵੀ ਖਾਂਦੇ ਰਹੇ। ਮੇਰੇ ਸਿਰ ਵਿੱਚ ਹਨੇਰੀ ਜਿਹੀ ਝੁੱਲਣ ਲੱਗ ਪਈ। ਜਿਵੇਂ ਨਹਿਰ ਦੇ ਪੁਲ ਤੋਂ ਹੇਠ ਪਾਣੀ ਵੱਲ ਲਗਾਤਾਰ ਨੀਝ ਲਾ ਕੇ ਦੇਖਣ ਨਾਲ ਪੁਲ ਦੌੜਨ ਲੱਗ ਪੈਂਦਾ ਏ, ਮੇਰਾ ਸੋਫਾ ਦੌੜਨ ਲੱਗ ਪਿਆ। ਫਿਰ ਮੈਂ ਮਹਿਸੂਸ ਕੀਤਾ ਜਿਵੇਂ ਹਵਾ ਵਿੱਚ ਉਡਿਆ ਜਾ ਰਿਹਾ ਹੋਵਾਂ। ਜੇ ਪੀ-ਖਾ ਕੇ ਸਾਇਕਲ ਚੁੱਕ ਘਰੇ ਆ ਜਾਂਦਾ ਤਾਂ ਇਹ ਪੁਆੜਾ ਕਾਹਨੂੰ ਪੈਣਾ ਸੀ। ਪਰ ਲਿਖੀ ਹੋਈ ਕਰਤਾਰ ਦੀ ਕਾਹਨੂੰ ਟਲਦੀ ਏ। ਸਿਆਣਿਆਂ ਦੇ ਕਹਿਣ ਵਾਂਗੂ ਟੈਮ, ਬਖਤ ਤੇ ਸਮਾਂ 'ਕੱਠੇ ਹੋ ਗਏ ਤੇ ਮੇਰੀ



ਜ਼ੁਬਾਨ ਫਿਸਲ ਗਈ, "ਮੇਰੀ ਘਰਵਾਲੀ ਦਾ ਫੇਰ ਢਿੱਡ ਹੋ ਗਿਆ, ਮਾਸਟਰਾ।" ਮੈਂ ਕਿਹਾ।

"ਪਹਿਲਾਂ ਕਿੰਨੇ ਜੁਆਕ ਨੇ ?"

"ਦੋ ਕੁੜੀਆਂ ਹੀ ਨੇ, ਵੱਡੀ ਕੁੜੀ ਤਾਂ ਅੱਠਵੀਂ 'ਚ ਹੋ ਗਈ।"

"ਕੈਵਾਂ ਮਹੀਨਾ ਚਲਦਾ ਏ ?"

"ਹੋਊ ਤੀਜਾ ਚੌਥਾ।"

ਮੇਰੀ ਗੱਲ ਸੁਣ ਕੇ ਉਸਨੇ ਜੀਭ ਨਾਲ 'ਟੱਚ-ਟੱਚ' ਕੀਤੀ। ਫਿਰ ਬੋਲਿਆ, "ਐਨੇ ਜੁਆਕਾਂ ਤੋਂ ਤੂੰ ਕਾਢਾ ਕਢਾਉਣਾ ਏਂ ? ਜੇ ਫੇਰ ਕੁੜੀ ਹੋ ਗਈ ?"

"ਆਹੀ ਤਾਂ ਮੈਨੂੰ ਧੁੜਕੂ ਏ।"

"ਕੁੜੀਆਂ ਪਾਲਦਾ, ਉਨ੍ਹਾਂ ਦੇ ਕਾਰਜ ਕਰਦਾ ਹੀ ਬੁੜ੍ਹਾ ਹੋ ਜਾਵੇਂਗਾ। ਆਪਾਂ ਇਉਂ ਕਰਦੇ ਆਂ। ਟੈਸਟ ਕਰਵਾ ਲੈਂਦੇ ਆਂ। ਮੁੰਡਾ ਹੋਇਆ ਪੌਂ ਬਾਰਾਂ-ਨਹੀਂ ਸਫਾਈ ਕਰਵਾ ਦਿਆਂਗੇ। ਜ਼ਰੂਰੀ ਲਾਈਨ ਲਾਉਣੀ ਏਂ ਕੁੜੀਆਂ ਦੀ।" ਉਹ ਬੋਲਿਆ।

"ਨਾਲੇ ਕਹਿੰਦੇ, ਅੱਜ ਕੱਲ੍ਹ ਟੈਸਟ ਬੰਦ ਹੋ ਗਏ। ਸਰਕਾਰ ਨੇ ਬਹੁਤ ਸਖਤ ਕਾਨੂੰਨ ਬਣਾ ਦਿੱਤੇ ਨੇ।" ਮੈਂ ਕਿਹਾ ਤਾਂ ਉਹ ਦੰਦੀਆਂ ਕੱਢਣ ਲੱਗ ਪਿਆ। ਫਿਰ ਜਾੜ੍ਹਾਂ ਵਿੱਚ ਡੱਕਾ ਘੁਮਾਉਂਦਾ ਬੋਲਿਆ, "ਐਸੀ ਕੀ ਤੈਸੀ ਸਰਕਾਰ ਦੀ ਤੇ ਨਾਲੇ ਉਹਦੇ ਕਾਨੂੰਨ ਦੀ। ਦੁਨੀਆਂ ਯਾਰ ਕਿਤੋਂ ਦੀ ਕਿਤੇ ਪਹੁੰਚ ਗਈ, ਤੂੰ ਅਜੇ ਤੀਕ ਪਾਖਰਾ ਪੈੜ ਤੇ ਹੀ ਖੜ੍ਹਾ ਏਂ। ਲਿਆ ਉਇ ਇੱਟ.....ਲਿਆ ਉਇ ਮਸਾਲਾ....ਤੋਂ ਅੱਗੇ ਡਿੰਗ ਵੀ ਨੀ ਪੁੱਟੀ ਤੂੰ। ਪੈਸੇ ਨਾਲ ਦੱਸ ਕੀ ਨਹੀਂ ਹੋ ਸਕਦਾ ?"

ਮੈਂ ਹੈਰਾਨ ਹੋਇਆ ਤੇ ਉਹਦੇ ਮੂੰਹ ਵੱਲ ਦੇਖ ਕੇ ਕਿਹਾ, "ਇੱਕ ਹੋਰ ਵੀ ਅੜਾਓੜ ਏ ਰਾਹ 'ਚ। ਮੇਰੀ ਘਰ ਵਾਲੀ ਦਾ ਬੁੜ੍ਹਾ ਕਾਮਰੇਡ ਏ ਪੱਕਾ। ਜੀਤ ਤੇ ਵੀ ਉਹਦਾ ਪਰਛਾਵਾਂ ਪਿਆ ਹੋਇਆ ਏ। ਉਹ ਕਿਹੜਾ ਮੰਨਣ ਲੱਗੀ ਏ, ਟੈਸਟ ਕਰਵਾਉਣ ਨੂੰ।"

"ਉਹਨੂੰ ਦੱਸਣ ਦੀ ਲੋੜ ਹੀ ਨਹੀਂ ਪੈਣੀ। ਸਮਝਾ ਦਵੀਂ ਯਾਰ ਕਿ ਅੱਜ ਕੱਲ੍ਹ ਸੌ ਬਿਮਾਰੀਆਂ ਦਾ ਖਤਰਾ ਹੁੰਦਾ ਏ। ਡਾਕਟਰ ਦਾ ਕਾਰਡ ਜ਼ਰੂਰ ਬਣਾਉਣਾ ਚਾਹੀਦੈ। ਪਲ ਰਹੇ ਬੱਚੇ ਦੀ ਸਿਹਤ ਦੀ ਪਹਿਲਾਂ ਤੋਂ ਹੀ ਜਾਂਚ ਹੋਣੀ ਚਾਹੀਦੀ ਏ। ਡਾਕਟਰ ਕੋਈ ਦਵਾਈ ਬਗੈਰਾ ਲਿਖ ਦੇਵੇਗਾ। ਡਰਾ ਦੇਵੀਂ ਯਾਰ....ਬਈ ਜੇ ਮੁੰਡਾ ਹੋਇਆ ਤੇ ਉਹਦੇ 'ਚ ਕੋਈ ਨੁਕਸ ਪੈ ਗਿਆ, ਫੇਰ ਕੀ ਕਰੇਂਗੀ ? ਰਹੀ ਟੈਸਟ ਦੀ ਗੱਲ। ਡਾਕਟਰ ਨੇ ਤਾਂ ਉਹਨੂੰ ਪਤਾ ਵੀ ਨ੍ਹੀ ਲੱਗਣ ਦੇਣਾ। ਤੂੰ ਕੱਲ੍ਹ ਛੇ ਵਜੇ ਸ਼ਾਮ ਨੂੰ ਪਹੁੰਚ ਮੇਰੀ ਕੋਠੀ ਉਹਨੂੰ ਨਾਲ ਲੈ ਕੇ।" ਉਸਨੇ ਦੱਸਿਆ।

ਜੇ ਜੀਤ ਨੂੰ ਬਿਨਾਂ ਦੱਸੇ ਟੈਸਟ ਕਰਵਾ ਲੈਂਦਾ। ਜੇ ਫੇਰ ਵੀ ਕੁੜੀ ਹੋਈ ਤਾਂ ਸਫਾਈ ਕਰਵਾਉਣ ਲਈ ਤਾਂ ਉਹਨੇ ਮੰਨਣਾ ਨਹੀਂ ਸੀ। ਮੈਂ ਗੁਰਜੰਟ ਨੂੰ ਇਹ ਗੱਲ ਸਮਝਾਉਣੀ ਚਾਹੀ ਤਾਂ ਉਹ ਕਹਿਣ ਲੱਗਾ ਕਿ ਬਾਦ ਵਿੱਚ ਉਸਨੂੰ ਮਨਾਉਣਾ ਉਸਦਾ ਕੰਮ ਹੋਵੇਗਾ। ਜੇ ਮੁੰਡਾ ਹੀ ਹੋਇਆ, ਤਾਂ ਉਸ ਨੂੰ ਦੱਸਣ ਦੀ ਨੌਬਤ ਹੀ ਨਹੀਂ ਆਉਣੀ।

"ਖਰਚਾ-ਵਰਚਾ ਕਿੰਨਾ ਕੁ ਹੋਜੂ ?" ਮੈਂ ਪੁੱਛਿਆ।

ਮਾਸਟਰ ਨੇ ਦੱਸਿਆ ਕਿ ਕਾਨੂੰਨ ਬਣਨ ਕਰਕੇ ਸਖਤੀ ਬਹੁਤ ਹੈ, ਇਸੇ ਲਈ ਰੇਟ ਅਸਮਾਨੀਂ ਜਾ ਪੁੱਜੇ ਨੇ। ਮਾਸਟਰ ਨੇ ਜਿੰਨੇ ਵੀ ਕੇਸ ਕਰਵਾਏ ਸਨ, ਡਾਕਟਰ ਨੇ ਹਰੇਕ ਤੋਂ ਪੰਜ ਹਜ਼ਾਰ ਲਏ ਸਨ ਪਰ ਮੈਥੋਂ ਉਹ ਚਾਰ ਹਜ਼ਾਰ ਹੀ ਲਵੇਗਾ। ਉਸਨੇ ਪੈਸੇ ਦੀ ਚਿੰਤਾ ਵੀ ਨਾ ਕਰਨ ਲਈ ਮੈਨੂੰ ਕਿਹਾ। ਉੱਥੇ ਮਾਸਟਰ ਦੀ ਗਾਰੰਟੀ ਨਾਲ ਉਧਾਰ-ਸਧਾਰ ਵੀ ਚਲਦਾ ਸੀ।

ਘਰ ਆ ਕੇ ਮੈਂ ਜੀਤ ਨੂੰ ਡਾਕਟਰ ਕੋਲ ਕਾਰਡ ਬਣਾਉਣ ਲਈ ਕਿਹਾ ਤਾਂ ਉਹ ਹਿੜ-ਹਿੜ ਕਰਕੇ ਹੱਸਣ ਲੱਗ ਪਈ, ਕਹਿੰਦੀ, "ਕੁਛ ਨੀ ਹੁੰਦਾ ਬੱਚੇ ਨੂੰ। ਸਾਰਾ ਦਿਨ ਕੰਮਕਾਰ ਕਰੀਦੇ ਨੇ।

ਉਹ ਤਾਂ ਵਿਹਲੜ ਲੋਕਾਂ ਦੇ ਪਾਖੰਡ ਨੇ। ਮੈਂ ਕੋਈ ਸ਼ਹਿਰਨ ਆਂ ਬਈ ਦਵਾਈਆਂ ਝੁਲਸੂੰ ?"

"ਕਮਲੀਏ, ਜੇ ਤੈਨੂੰ ਆਪਣਾ ਫਿਕਰ ਨਹੀਂ ਤਾਂ ਪੇਟ 'ਚ ਪਲਦੇ ਬੱਚੇ ਬਾਰੇ ਸੋਚ, ਜੇ ਉਸਨੂੰ ਕੁਝ ਹੋ ਗਿਆ ? ਐਤਕੀਂ ਰੱਬ ਸਾਡੀ ਜ਼ਰੂਰ ਸੁਣੇਂਗਾ ਤੇ ਮੁੰਡਾ ਵੱਟ ਤੇ ਪਿਆ ਏ। ਉਹਦੀ ਜਨਮ ਤੋਂ ਪਹਿਲਾਂ ਦੇਖ-ਭਾਲ ਜ਼ਰੂਰੀ ਏ। ਕੁੜੀਆਂ ਨੂੰ ਕੁਝ ਨੀ ਹੋਇਆ ਕਰਦਾ। ਮੁੰਡੇ ਨੂੰ ਕੁਝ ਵੀ ਹੋ ਸਕਦਾ ਏ........।"

ਜੀਤ ਕੁਝ-ਕੁਝ ਘਬਰਾਈ ਤੇ ਅਗਲੇ ਦਿਨ ਮੇਰੇ ਨਾਲ ਜਾਣ ਲਈ ਸਹਿਮਤ ਹੋ ਗਈ। ਅਸੀਂ ਸ਼ਾਮੀਂ ਛੇ ਵੱਜਦੇ ਨੂੰ ਗੁਰਜੰਟ ਮਾਸਟਰ ਦੀ ਕੋਠੀ ਪੁੱਜ ਗਏ। ਹੌਲੀ ਦੇਣੇ ਤਿੰਨ ਹਜ਼ਾਰ ਗੁਰਜੰਟ ਦੀ ਮੁੱਠੀ 'ਚ ਖਿਸਕਾ ਦਿੱਤੇ, ਬਾਕੀ ਦੇ ਹਜ਼ਾਰ ਮਗਰੋਂ ਦੇਣ ਦਾ ਵਾਅਦਾ ਕਰ ਲਿਆ। ਮਾਸਟਰ ਦੀ ਘਰ ਵਾਲੀ, ਜੀਤ ਨੂੰ ਆਪਣੀ ਗੱਡੀ 'ਚ ਡਾਕਟਰ ਦੇ ਲੈ ਗਈ। ਮੈਂ ਤੇ ਮਾਸਟਰ ਸ਼ੁਗਲ-ਪਾਣੀ ਕਰਨ ਬੈਠ ਗਏ।

ਰਾਤ ਨੂੰ ਜੀਤ ਕਹਿਣ ਲੱਗੀ, "ਡਾਕਟਰ ਡਾਕਟਰਨੀ ਬੜੇ ਉਜਾੜ ਜਿਹੇ ਵਿੱਚ ਕੋਠੀ ਪਾਈ ਬੈਠੇ ਨੇ। ਮੈਨੂੰ ਸ਼ੱਕ ਏ ਕਿ ਕਿਧਰੇ ਤੂੰ ਮੇਰਾ ਉਹ ਟੈਸਟ ਤਾਂ ਨੀ ਕਰਵਾ ਦਿੱਤਾ ਜੀਹਦੇ ਨਾਲ ਮੁੰਡੇ, ਕੁੜੀ ਦਾ ਪਹਿਲਾਂ ਹੀ ਪਤਾ ਲੱਗ ਜਾਂਦਾ ਏ ?"

"ਨਾ-ਨਾ......ਤੇਰੀ ਮੱਤ ਤਾਂ ਨ੍ਹੀ ਮਾਰੀ ਗਈ। ਪੈ ਜਾ ਚੁੱਪ ਕਰਕੇ।"

ਤੀਜੇ ਚੌਥੇ ਦਿਨ ਮਾਸਟਰ ਸੁਨੇਹਾ ਲੈ ਕੇ ਆ ਗਿਆ। ਰਿਪੋਰਟ ਵਿੱਚ ਫੇਰ ਕੁੜੀ ਸੀ। ਮੈਂ ਮੱਥੇ ਤੇ ਹੱਥ ਮਾਰ ਆਪਣੀ ਕਿਸਮਤ ਨੂੰ ਕੋਸਿਆ, "ਫੇਰ ਹੁਣ ?"

"ਸਫਾਈ ਕਰਵਾਉਣੀ ਪਵੇਗੀ, ਤੂੰ ਘਰ ਵਾਲੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰ।"

"ਮੰਨ ਲਉ ਜੇ ਉਹ ਹਾਂ ਕਰ ਦਿੰਦੀ ਏ....ਫੇਰ ਹੋਰ ਖਰਚਾ ਵੀ ਹੋਊ ?"

"ਖਰਚਾ ਤਾਂ ਹੋਣਾ ਹੀ ਏ ਪਾਖਰਾ। ਸਖਤੀ ਬੜੀ ਏ ਸਰਕਾਰ ਦੀ। ਦਸ ਹਜ਼ਾਰ ਰੇਟ ਚਲਦਾ ਏ ਡਾਕਟਰ ਦਾ। ਮੈਂ ਅੱਠ 'ਚ ਮਨਾ ਲਿਆ। ਜਿਸ ਦਿਨ ਪ੍ਰਬੰਧ ਹੋ ਜਾਏ ਪੈਸੇ ਦਾ, ਜੀਤ ਨੂੰ ਲੈ ਕੇ ਕੋਠੀ ਅੱਪੜ ਜਾਈਂ। ਉੱਥੋਂ ਅੱਗੇ ਭੇਜ ਦਿਆਂਗੇ। ਇੱਕ ਗੱਲ ਦਾ ਧਿਆਨ ਰੱਖੀਂ, ਕੰਨੋਂ-ਕੰਨੀਂ ਕਿਸੇ ਨੂੰ ਖਬਰ ਨਾ ਹੋਵੇ। ਨਾਲੇ ਛੇਤੀ ਕਰੋ। ਦਿਨ ਬਹੁਤੇ ਉੱਪਰ ਹੋ ਗਏ ਤਾਂ ਔਖਾ ਹੋ ਜੂ। ਘਰ ਵਾਲੀ ਨੂੰ ਸਮਝਾ, ਕੁੜੀਆਂ ਪਾਲਦੀ ਹੀ ਮਰ ਜਾਏਂਗੀ।"

ਸੁਣ ਕੇ ਮੈਂ ਕੰਬ ਗਿਆ। ਦੋਨੋਂ ਟਾਇਮ ਗੁਰਦੁਆਰੇ ਜਾਣ ਵਾਲਾ ਬੰਦਾ ਹਾਂ ਮੈਂ। ਤਿੰਨ-ਤਿੰਨ ਵਜੇ ਉੱਠ ਕੇ ਪਾਠ ਕਰਦਾ ਰਿਹਾ ਹਾਂ ਮੈਂ। ਪਰ ਫੇਰ ਵੀ ਰੱਬ ਮੇਰੇ ਤੇ........ਖੈਰ! ਜਿੱਥੋਂ ਤੱਕ ਮੇਰੀ ਅਕਲ ਕੰਮ ਕਰਦੀ ਹੈ। ਇਹ ਸਭ ਕੁਝ ਜੀਤ ਕਰਕੇ ਹੋਇਆ ਹੈ। ਰੱਬ ਨੂੰ ਘੜੱਬ ਦੱਸਦੀ ਹੈ। ਗੁਰਦੁਆਰੇ ਮੰਦਰ ਵੱਲ ਕਦੀ ਮੂੰਹ ਨਹੀਂ ਕਰਦੀ। ਕੋਈ ਵੀ ਧਾਰਮਕ ਸਥਾਨ ਹੋਵੇ, ਕੋਲੋਂ ਲੰਘਣ ਲੱਗਿਆਂ ਸੀਸ ਤਾਂ ਝੁਕਾਉਣਾ ਹੀ ਚਾਹੀਦਾ ਹੈ ਨਾ। ਕੀ ਪਤਾ ਕੌਣ, ਕਦੋਂ ਕੰਮ ਆ ਜਾਵੇ। ਪਰ ਉਹ ਇਨ੍ਹਾਂ ਗੱਲਾਂ ਨੂੰ ਫਜ਼ੂਲ ਸਮਝਦੀ ਹੈ। ਜੀਅ ਕਰਦਾ ਹੈ ਕੁਝ ਚੁੱਕ ਕੇ ਉਹਦੇ ਸਿਰ ਵਿੱਚ ਮਾਰ ਦਿਆਂ। ਸਫਾਈ ਕਰਵਾਉਣ ਤੋਂ ਕਿਵੇਂ ਤਿੜ-ਫਿੜ ਕਰੂ ? ਦੇਖੂੰ ਸਾਲੀ ਨੂੰ। ਮੈਂ ਫੈਸਲਾ ਕਰ ਲਿਆ। ਸਮਝਾਵਾਂਗਾ, ਜੇ ਨਹੀਂ ਸਮਝੂ, ਜ਼ਬਰਦਸਤੀ ਕਰੂੰ।

ਮੈਂ ਹੱਡ ਪੈਰ ਦੁਖਣ ਦਾ ਬਹਾਨਾ ਬਣਾ ਕੇ ਸਾਰਾ ਦਿਨ ਮੰਜੇ ਤੇ ਪਿਆ ਸੋਚਦਾ ਰਿਹਾ। ਸ਼ਾਮ ਨੂੰ ਉਸ ਨਾਲ ਗੱਲ ਸ਼ੁਰੂ ਕੀਤੀ, "ਜੇ ਆਪਣੇ ਫੇਰ ਕੁੜੀ ਆ ਗਈ, ਕੀ ਕਰਾਂਗੇ ?"

"ਕਰਨਾ ਕੀ ਏ, ਉਹਨੂੰ ਪਾਲ ਲਵਾਂਗੇ।" ਉਹ ਲਾਪਰਵਾਹੀ ਨਾਲ ਬੋਲੀ।

"ਮੈਂ ਤਾਂ ਨਹੀਂ ਪਾਲਾਂਗਾ। ਦੋ ਹੀ ਪਹਾੜ ਵਰਗੀਆਂ ਹੋਈਆਂ ਪਈਆਂ ਨੇ।"

"ਕੀ ਕਿਹਾ, ਪਾਲੇਂਗਾ ਨਹੀਂ ? ਤਾਂ ਕੀ ਉਸ ਨੂੰ ਮਾਰ ਦੇਵੇਂਗਾ ? ਮੈਂ ਸਵੇਰ ਦੀ ਇਹੋ ਦੇਖ



ਰਹੀ ਹਾਂ। ਤੂੰ ਮੂੰਹ ਕਿਵੇਂ ਬਣਾਇਆ ਹੋਇਆ ਏ ? ਜਿਵੇਂ ਕੁਨੈਣ ਪੀਤੀ ਹੋਏ। ਸੱਚ ਸੱਚ ਦੱਸ ਮੈਨੂੰ ਗੱਲ ਕੀ ਆ ਵਿੱਚੋਂ ?"

ਮੈਂ ਉਸ ਨੂੰ ਸਭ ਕੁਝ ਸੱਚ ਸੱਚ ਦੱਸ ਦਿੱਤਾ ਤੇ ਆਪਣਾ ਫੈਸਲਾ ਵੀ ਸੁਣਾ ਦਿੱਤਾ, "ਮੈਂ ਟੈਸਟ ਬਾਰੇ ਤੈਨੂੰ ਜਾਣ-ਬੁਝ ਕੇ ਨਹੀਂ ਸੀ ਦੱਸਿਆ ਕਿ ਜੇ ਮੁੰਡਾ ਹੋਇਆ ਤਾਂ ਗੱਲ ਦੱਬੀ ਰਹਿ ਜਾਵੇਗੀ। ਹੁਣ ਰਿਪੋਰਟ ਵਿੱਚ ਕੁੜੀ ਏ ਤੇ ਮੈਂ ਇਸ ਦੀ ਸਫਾਈ ਕਰਵਾ ਦਿਆਂਗਾ।"

"ਕੀ ਬਕਦਾ ਏਂ ਤੂੰ ?" ਉਹ ਉੱਛਲ ਕੇ ਮੇਰੇ ਵੱਲ ਵੱਧ ਆਈ, "ਤੂੰ ਧੋਖੇਬਾਜ਼, ਕਮੀਨੇ, ਕਾਤਲ ਬੰਦੇ......ਤੈਨੂੰ ਲੋਕ ਭੋਲਾ-ਭਾਲਾ ਸ਼ਰੀਫ ਬੰਦਾ ਸਮਝਦੇ ਨੇ। ਤੂੰ ਤਾਂ ਸ਼ੈਤਾਨ ਨਿਕਲਿਆ। ਤੂੰ ਆਪਣੀ ਹੀ ਧੀ ਨੂੰ ਮਾਰਨਾ ਚਾਹੁੰਦੈਂ ? ਐਨਾ ਗਿਰ ਗਿਆ ਤੂੰ ?"

"ਪਰ ਤੂੰ ਕੰਨ ਖੋਹਲ ਕੇ ਸੁਣ ਲੈ...ਮੈਂ ਇਸ ਕੁੜੀ ਨੂੰ ਜੰਮਣ ਨਹੀਂ ਦਿਆਂਗਾ। ਸਮਝੀ ? ਮੈਂ ਜਾਣਦਾਂ ਕਿਹੜੇ ਕਿੱਲੇ ਤੇ ਰਿੰਗਦੀ ਏਂ ਤੂੰ। ਦੇਖਦਾ ਹਾਂ, ਮੈਨੂੰ ਕਿਹੜਾ ਮਾਈ ਦਾ ਲਾਲ ਰੋਕੇਗਾ। 'ਕੱਲੇ-'ਕੱਲੇ ਦੀਆਂ ਟੰਗਾਂ ਛਾਂਗ ਦਿਆਂਗਾ।" ਮੈਂ ਕੜਕਿਆ।

"ਲੈ ਤੂੰ ਪਹਿਲਾਂ ਮੈਨੂੰ ਹੀ ਹੱਥ ਲਾ ਕੇ ਦਿਖਾ.......ਜੇ ਹਿੰਮਤ ਏ।" ਉਹ ਮੇਰੇ ਵੱਲ ਨੂੰ ਚੜ੍ਹ ਆਈ। ਮੈਂ ਗੁੱਤੋਂ ਫੜ ਕੇ ਘੁਮੇਟਣੀ ਦੇ ਕੇ ਅਹੁ ਸੁੱਟੀ ਤਾਂ ਚੀਕਾਂ ਮਾਰਨ ਲੱਗ ਪਈ। ਦੋਹਾਂ ਕੁੜੀਆਂ ਨੇ ਵੀ ਚੀਕ-ਚਿਹਾੜਾ ਪਾ ਦਿੱਤਾ। ਗਲੀ ਦੀਆਂ ਤੀਵੀਆਂ ਇੱਲਾਂ ਵਾਂਗ ਆ ਇਕੱਠੀਆਂ ਹੋਈਆਂ। ਪੁੱਛਣ ਲੱਗੀਆਂ, ਕੀ ਭਾਣਾ ਵਰਤ ਗਿਆ ਸੀ। ਸਾਡੇ 'ਚੋਂ ਕੋਈ ਨਾ ਬੋਲਿਆ। ਜੀਤ ਆਪਣੀ ਚੁੰਨੀ ਚੁੱਕ ਬਾਹਰ ਨਿਕਲ ਗਈ। ਦੋਨੋਂ ਕੁੜੀਆਂ ਵੀ ਉਹਦੇ ਮਗਰ ਚਲੀਆਂ ਗਈਆਂ। ਇਹ ਗੱਲ ਮੈਨੂੰ ਬਾਦ 'ਚ ਪਤਾ ਲੱਗੀ, ਕਿ ਉਹ ਗੁਆਂਢੀਆਂ ਦੇ ਘਰੋਂ ਆਪਣੇ ਪਿਉ ਨੂੰ ਫੋਨ ਕਰਨ ਗਈ ਸੀ। ਕਾਮਰੇਡ ਤਾਂ ਪਹਿਲਾਂ ਹੀ ਨਹੀਂ ਸੀ ਮਾਨ। ਇਹੋ ਜਿਹੀ ਗੱਲ ਤਾਂ ਉਸਨੂੰ ਰੱਬ ਦੇਵੇ। ਸੁਣਦੀ ਸਾਰ ਦੌੜ ਆਇਆ ਸਾਡੇ ਘਰ। ਕੋਹੜ ਕਿਰਲੇ ਵਾਂਗ ਗਰਦਣ ਚੁੱਕ ਕੇ ਆਲੇ-ਦੁਆਲੇ ਦਾ ਜਾਇਜ਼ਾ ਲੈਣ ਲੱਗਾ। ਛਕੜੇ ਜਿਹੇ ਸਾਈਕਲ ਨਾਲ ਝੰਡੀ ਬੰਨ੍ਹੀ ਹੋਈ। ਪਸੀਨੇ ਨਾਲ ਐਨ ਤਰ-ਬਤਰ। ਜਿਵੇਂ ਦੇਵੀ ਦੇ ਚਾਲੇ ਤੇ ਆਇਆ ਹੋਵੇ। ਸਾਈਕਲ ਕੰਧ ਨਾਲ ਖੜ੍ਹਾ ਕੇ ਹੋ ਗਿਆ ਸ਼ੁਰੂ, "ਉਇ ਤੂੰ ਮੈਨੂੰ ਦੱਸ ਤਾਂ ਸਹੀ, ਇਹ ਟੈਸਟ ਕੀਤਾ ਕਿਹੜੇ ਹਰਾਮਜ਼ਾਦੇ ਨੇ ਆਂ ? ਕਰਵਾਉਂਦੈਂ ਸਾਲਿਆਂ ਨੂੰ ਸਾਰਿਆਂ ਨੂੰ ਅੰਦਰ।"

ਮੈਂ ਡਰ ਗਿਆ ਤੇ ਕਿਹਾ,"ਬਾਪੂ ਜੀ, ਤੁਸੀਂ ਬੈਠੋ ਤਾਂ ਸਹੀ। ਆਹ ਥੋਡੇ ਮੂਹਰੇ ਬੰਨ੍ਹੇ ਹੱਥ। ਰੌਲਾ ਪਾਉਣ ਦਾ ਭਲਾ ਕੀ ਫਾਇਦਾ ? ਜਿਵੇਂ ਜੀਤ ਚਾਹੇਗੀ, ਹੋਊ ਉਵੇਂ। ਮੈਂ ਆਪਣੀ ਗਲਤੀ ਮੰਨਦੈਂ। ਹੁਣ ਤੁਸੀਂ ਮਿੱਟੀ ਪਾਉ।" ਮੈਂ ਉੱਠ ਕੇ ਉਸ ਦੇ ਪੈਰ ਛੂਹੇ।

ਕਾਮਰੇਡੀ ਤਾਂ ਉਹਦੀ ਗਰਦਣ ਵਿੱਚ ਕੀਲਾ ਬਣ ਕੇ ਠੁਕੀ ਹੋਈ ਸੀ। ਕਸੀ ਢੋਲਕੀ ਵਾਂਗ ਚਿਹਰਾ ਬਣਾਈ ਉਹ ਮੰਜੇ ਤੇ ਬੈਠ ਗਿਆ। ਪਰ ਹੱਥ ਪੈਰ ਮਾਰੀ ਜਾਵੇ, ਜਿਵੇਂ ਖਰਸ ਪਈ ਹੁੰਦੀ ਏ। ਸਹੁਰੇ ਦੇ ਸੁਭਾਅ ਤੋਂ ਮੈਂ ਡਰ ਰਿਹਾ ਸਾਂ। ਮੇਰਾ ਜਲੂਸ ਤਾਂ ਮੇਰੀ ਪਤਨੀ ਜੀਤ ਨੇ ਹੀ ਬਥੇਰਾ ਕੱਢ ਦਿੱਤਾ ਸੀ। ਦਰ ਦੇ ਬਾਹਰ ਖੜ੍ਹੀਆਂ ਸਾਰੀਆਂ ਤੀਵੀਆਂ ਕੁਛ ਨਾ ਕੁਛ ਸੂਹ ਤਾਂ ਕੱਢ ਕੇ ਹੀ ਗਈਆਂ ਹੋਣਗੀਆਂ, ਤੇ ਹੁਣ ਇਹ ਜਮੂਰਾ ਆ ਧਮਕਿਆ ਸੀ। ਜੇ ਗੱਲ ਨਿਕਲ ਗਈ ਤੇ ਇਹਨੇ ਗੱਲ ਦੀ ਕੋਈ ਕੰਨੀਂ ਫੜ ਲਈ, ਫਿਰ ਸਭ ਕੁਝ ਉਧੇੜ ਸੁੱਟੇਗਾ ਤੇ ਸਾਰੇ ਇਲਾਕੇ ਵਿੱਚ ਭੜਥੂ ਪਾ ਦੇਵੇਗਾ। ਕਿਤੇ ਵਿਚਾਰਾ ਗੁਰਜੰਟ ਮਾਸਟਰ ਹੀ ਨਾ ਲਪੇਟ ਵਿੱਚ ਆ ਜਾਵੇ। ਇਸ ਬੰਦੇ ਨੇ ਇਹ ਥੋੜੀ ਦੇਖਣਾ ਸੀ ਕਿ ਗੁਰਜੰਟ ਮੇਰਾ ਯਾਰ ਹੈ ਤੇ ਮੈਂ ਇਹਦਾ ਜੁਆਈ ਹਾਂ। ਇਹਦਾ ਕੋਈ ਵਿਸਾਹ ਨਹੀਂ ਸੀ ਕਿ ਕਦੋਂ ਮੁਰਦਾਬਾਦ ਜ਼ਿੰਦਾਬਾਦ ਕਰਵਾ ਦੇਵੇ।

ਮੈਂ 'ਬਾਪੂ ਜੀ' 'ਬਾਪੂ ਜੀ' ਕਹਾਂ, ਉਹ ਉੱਪਰ ਹੀ ਉੱਪਰ ਚੜ੍ਹਦਾ ਆਵੇ। ਇਕੋ ਗੱਲ ਪੁੱਛੀ

ਜਾਵੇ ਕਿ ਇਹ ਟੈਸਟ ਕਰਨ ਦੀ ਜੁਅਰਤ ਕੀਤੀ ਕਿਹੜੇ ਭੜੂਏ ਨੇ ਆਂ ? ਮੈਂ ਬਾਰ ਬਾਰ ਆਪਣੀ ਗਲਤੀ ਦੀ ਮਾਫੀ ਮੰਗੀ ਜਾਵਾਂ। ਪੂਰਾ ਗੁੱਭ-ਗੁਭਾਟ ਕੱਢ ਕੇ ਉਹਨੇ ਫਰਮਾਨ ਜਾਰੀ ਕਰ ਦਿੱਤਾ, "ਜਿੰਨੀ ਦੇਰ ਬੱਚਾ ਨਹੀਂ ਹੁੰਦਾ, ਜੀਤ ਸਾਡੇ ਕੋਲ ਰਹੇਗੀ। ਤੇਰਾ ਕਮੀਨੇ ਬੰਦੇ ਦਾ ਕੀ ਪਤਾ, ਕਦੋਂ ਬਦੀ ਆ ਜਾਵੇ ਮਨ 'ਚ।"

ਮੈਂ ਕਿਹਾ, "ਦੇਖੋ ਬਾਪੂ ਜੀ। ਜੀਤ ਨੂੰ ਤੁਸੀਂ ਲੈ ਜਾਵੋਗੇ, ਮੇਰੇ ਘਰ ਦਾ ਕੀ ਬਣੇਂਗਾ ? ਦਿਹਾੜੀਦਾਰ ਬੰਦਾ ਹਾਂ, ਮੈਂ। ਫਿਰ ਕੁੜੀਆਂ ਨੇ ਘਰ। ਉਹਨਾਂ ਦਾ ਰੋਟੀ-ਪਾਣੀ, ਸਾਂਭ-ਸੰਭਾਲ ਕਿਵੇਂ ਕਰਾਂਗਾ ਮੈਂ ? ਤੁਸੀਂ ਮੇਰੇ ਤੇ ਇਹ ਜ਼ੁਲਮ ਨਾ ਕਰੋ। ਮੈਂ ਗੁਰਦੁਆਰੇ ਚੜ੍ਹ ਕੇ ਕਹਿ ਦਿੰਦਾ ਹਾਂ ਕਿ ਮੈਂ ਹੁਣ ਕੁਝ ਨਹੀਂ ਕਰਾਂਗਾ। ਆਉਣ ਦਿਉ ਹੁਣ ਉਸ ਕੁੜੀ ਨੂੰ ਵੀ।"

ਪਰ ਅੱਖੜ ਕਾਮਰੇਡ ਨੇ ਤਾਂ ਝੋਟੇ ਵਾਂਗ ਪੈਰ ਅੜਾ ਲਏ। ਆਪਣੇ ਫੈਸਲੇ ਤੋਂ ਇੱਕ ਇੰਚ ਵੀ ਸਰਕਣਾ ਜਿਵੇਂ ਉਸ ਦੀ ਹੇਠੀ ਹੋਵੇ। ਬੋਲਿਆ, "ਜੋ ਕਹਿ ਦਿੱਤਾ ਸੋ ਕਹਿ ਦਿੱਤਾ। ਤੇਰਾ ਵਿਸ਼ਵਾਸ ? ਰੱਬ ਰੱਬ ਕਰ। ਤੇਰੇ ਅੰਦਰ ਇਕ ਸ਼ੈਤਾਨ ਕੁੜੀਮਾਰ ਬੈਠਾ ਏ। ਤੇਰਾ ਕੀ ਭਰੋਸਾ ?"

ਤਦੇ ਜੀਤ ਅੰਦਰ ਆ ਵੜੀ। ਅੱਖਾਂ ਸੁੱਜੀਆਂ ਹੋਈਆਂ, ਜਿਵੇਂ ਰੋ ਕੇ ਮੇਰੀਆਂ ਚੁਗਲੀਆਂ ਕਰ ਕੇ ਆਈ ਹੋਵੇ। ਦੋਨੋਂ ਕੁੜੀਆਂ ਵੀ ਕਾਮਰੇਡ ਵੱਲ ਹੱਥ ਜੋੜਦੀਆਂ ਉਹਦੇ ਮਗਰ ਆ ਖੜੀਆਂ। ਕਾਮਰੇਡ ਨੇ ਉੱਠ ਕੇ ਉਨ੍ਹਾਂ ਦੇ ਸਿਰ ਪਲੋਸੇ, ਆਪਣੇ ਨਾਲ ਘੁੱਟਿਆ। ਕੁੜੀਆਂ ਅੰਦਰ ਚਲੀਆਂ ਗਈਆਂ ਤਾਂ ਜੀਤ ਕਾਮਰੇਡ ਦੇ ਨਾਲ ਹੀ ਮੰਜੇ ਦੀ ਬਾਹੀ ਤੇ ਬੈਠ ਗਈ।

"ਤੂੰ ਭਾਈ ਆਪਣੀ ਮਾਂ ਕੋਲ ਹੀ ਚੱਲ। ਨਵਾਂ ਜੀਅ ਆਉਣ ਤੱਕ ਉੱਥੇ ਰਹੀਂ। ਤੇਰੀ ਮਾਂ ਆਪੇ ਸਾਂਭ ਲਵੇਗੀ। ਏਸ ਬੰਦੇ ਦਾ ਕੋਈ ਭਰੋਸਾ ਨਹੀਂ ਰਿਹਾ। ਕੱਲ੍ਹ ਕੋਈ ਗੱਲ ਹੋ ਜਾਵੇ।" ਉਹ ਬੋਲਿਆ।

"ਨਹੀਂ ਬਾਪੂ ਉੱਥੇ ਕਿਉਂ ਜਾਵਾਂਗੀ ਭਲਾਂ ਮੈਂ। ਐਥੇ ਹੀ ਰਹੂੰ। ਇਹ ਕੀ ਕਰ ਲਵੇਗਾ ? ਇਉਂ ਘਰ ਛੱਡ ਕੇ ਮੈਂ ਦੌੜਨ ਵਾਲੀ ਨਹੀਂ। ਤੈਨੂੰ ਮੈਂ ਤਾਂ ਸੱਦਿਆ ਏ ਕਿ ਇਹਨੇ ਅੱਜ ਮੈਨੂੰ ਮਾਰਿਆ ਏ। ਮੈਂ ਮਾਰ ਨਹੀਂ ਖਾਣੀ। ਇਹਨੂੰ ਪੁੱਛ ਹੱਥ ਚੁੱਕਣ ਦਾ ਕੀ ਮਤਲਬ ਏ ? ਮੈਂ ਕੋਈ ਡੰਗਰ ਹਾਂ ?"

ਪਰ ਮੈਂ ਕਾਮਰੇਡ ਦੇ ਬੋਲਣ ਤੋਂ ਪਹਿਲਾਂ ਹੀ ਆਪਣੀ ਗਲਤੀ ਮੰਨ ਲਈ। ਸਿੱਧਾ ਜੀਤ ਨੂੰ ਕਿਹਾ, "ਜੀਤ, ਮੈਂ ਗੁੱਸੇ ਵਿੱਚ ਸੀ। ਤੂੰ ਛੱਡ ਇਸ ਗੱਲ ਨੂੰ। ਅੱਗੇ ਤੋਂ ਨਹੀਂ ਹੋਊ। ਆਹ ਲੈ ਕੰਨਾਂ ਨੂੰ ਹੱਥ ਲਾਉਂਦੈ। ਮੈਨੂੰ ਮਾਫ ਕਰ।"

ਮੇਰੀਆਂ ਅੱਖਾਂ 'ਚੋਂ ਪਾਣੀ ਜਿਹਾ ਨਿਕਲਦਾ ਦੇਖ ਕਾਮਰੇਡ ਵੀ ਚੁੱਪ ਕਰ ਗਿਆ। ਜੀਤ ਉੱਠ ਕੇ ਚਾਹ ਬਣਾ ਲਿਆਈ। ਨਾਲ ਬਿਸਕੁਟ ਤੇ ਭੁਜੀਆ ਵੀ ਰੱਖ ਦਿੱਤਾ। ਪੁੱਠਾ ਬੰਦਾ ਏ ਕਾਮਰੇਡ ! ਗਰਮ ਚਾਹ ਪੀ ਕੇ ਠੰਡਾ ਹੋਇਆ। ਭੁਜੀਏ ਦਾ ਫੱਕਾ ਮਾਰਦਾ ਕਹਿਣ ਲੱਗਾ, "ਪ੍ਰਾਹੁਣਿਆ ਤੂੰ ਜ਼ਰਾ ਗੁਣੀਏਂ 'ਚ ਰਿਹਾ ਕਰ। ਅੱਗੇ ਤੋਂ ਸ਼ਿਕਾਇਤ ਨਾ ਆਵੇ।" ਉਹ ਸਾਈਕਲ ਚੁੱਕ ਕੇ ਚਲਾ ਗਿਆ। ਜੀਤ ਕੁਝ ਦਿਨ ਵੱਟੀ ਰਹੀ, ਫਿਰ ਆਪੀ ਠੀਕ ਹੋ ਗਈ।

ਇੱਕ ਦਿਨ ਗੁਰਜੰਟ ਮਾਸਟਰ ਨੇ ਮੈਨੂੰ ਆਪਣੀ ਕੋਠੀ ਸੱਦਿਆ ਤੇ ਕਹਿਣ ਲੱਗਾ, "ਕੰਮ ਛੇਤੀ ਕਰਵਾ ਲਉ। ਦੋ ਚਾਰ ਘੰਟੇ ਅਟਕਣ ਦੀ ਲੋੜ ਏ ਸਾਰੀ। ਵੱਢੋ ਫਾਹਾ ਵਿੱਚੋਂ।"

ਜਦ ਮੈਂ ਸਫਾਈ ਕਰਵਾਉਣ ਤੋਂ ਕੋਰਾ ਜਵਾਬ ਦੇ ਦਿੱਤਾ ਤਾਂ ਉਸ ਨੇ ਸਮਝਿਆ ਕਿ ਸ਼ਾਇਦ ਅੱਠ ਹਜ਼ਾਰ ਖਰਚ ਕਰਨ ਦਾ ਮਾਰਾ, ਮੈਂ ਟਾਲਮਟੋਲ ਕਰ ਰਿਹਾ ਹਾਂ। ਮਾਸਟਰ ਵਿਚਾਰਾ ਫਿਰ ਡਾਕਟਰ ਨੂੰ ਮਿਲ ਕੇ ਆਇਆ। ਮੇਰੀ ਗਰੀਬੀ ਦਾ ਵਾਸਤਾ ਪਾਇਆ ਤਾਂ ਡਾਕਟਰ ਨੇ ਇੱਕ ਦਮ ਅੱਠ ਹਜ਼ਾਰ ਦੀ ਬਜਾਇ ਚਾਰ ਹਜ਼ਾਰ ਦੇਣ ਲਈ ਕਿਹਾ। ਪਰ ਜਦੋਂ ਮੈਂ ਸਫਾਈ ਕਰਵਾਉਣ ਤੋਂ ਉੱਕਾ ਹੀ ਸਿਰ ਫੇਰ ਦਿੱਤਾ ਤਾਂ ਉਹ ਦੋ ਹਜ਼ਾਰ ਤੇ ਉੱਤਰ ਆਇਆ। ਧੰਨ ਨੇ ਇਹ ਲੋਕ, ਅਖੇ,



ਜਾਂਦੇ ਚੋਰ ਦੀ ਲੰਗੋਟੀ ਹੀ ਸਹੀ। ਮੈਂ ਪਹਿਲੀ ਵਾਰੀ ਦੇਖਿਆ ਕਿ ਕੋਈ ਡਾਕਟਰ ਇੰਜ ਵੀ ਸੌਦੇ ਕਰ ਸਕਦਾ ਹੈ।

ਮੈਂ ਮਾਸਟਰ ਨੂੰ ਕਿਹਾ, "ਗੁਰਜੰਟ ਵੀਰੇ, ਹੁਣ ਸਫਾਈ ਕਰਵਾਉਣੀ ਬੜੀ ਦੂਰ ਦੀ ਗੱਲ ਏ। ਬਚੀਏ ਮਾੜੇ ਲੋਕਾਂ ਤੋਂ। ਮੇਰੇ ਕਾਮਰੇਡ ਸਹੁਰੇ ਨੂੰ ਤਾਂ ਅਜਿਹੀ ਗੱਲ ਰੱਬ ਦੇਵੇ। ਉਸਨੂੰ ਭਿਣਕ ਪੈ ਗਈ ਤਾਂ ਉਸ ਨੇ ਭਸੂੜੀ ਪਾ ਲੈਣੀ ਏਂ। ਫਿਰ ਆਪਾਂ ਕਿਸੇ ਥਾਂ ਜੋਗੇ ਨਹੀਂ ਰਹਿਣਾ। ਉਹ ਕਿਸੇ ਦਾ ਲਿਹਾਜ ਕਰਨ ਵਾਲਾ ਨਹੀਂ ਹੈਗਾ। ਲਾਲ ਕੱਛਿਆਂ ਵਾਲੇ ਵੀ ਬਥੇਰੇ ਇਹਨੇ ਮਗਰ ਲਾਏ ਹੋਏ ਨੇ......ਸਭ ਦਦੱਈਏ ਨੇ ਦਦੱਈਏ।"

ਇਕ ਦਿਨ ਮੈਂ ਦਿਹਾੜੀ ਤੇ ਜਾਣ ਹੀ ਲੱਗਾ ਸਾਂ ਕਿ ਗੁਰਜੰਟ ਘਰੇ ਆ ਗਿਆ। ਆਉਂਦਾ ਹੀ ਜੀਤ ਨੂੰ ਕਹਿਣ ਲੱਗਾ, "ਦੇਖ ਭਾਈ ਤੈਨੂੰ ਇਕ ਗੱਲ ਸਮਝਾਉਣ ਆਇਆ ਏਂ....।"

ਉਹਦੀ ਗੱਲ ਨੂੰ ਵਿੱਚ ਕੱਟਦੀ ਜੀਤ ਭੁੜਕ ਪਈ, "ਮੈਂ ਜਾਣਦੀ ਆਂ ਮਾਸਟਰ, ਤੂੰ ਕੀ ਸਮਝਾਉਣ ਆਇਆ ਏਂ। ਤੂੰ ਕਦੀ ਸੋਚਿਐ, ਜੇ ਤੇਰੇ ਨਾਨੇ ਨੇ ਤੇਰੀ ਮਾਂ ਨਾ ਜੰਮਣ ਦਿੱਤੀ ਹੁੰਦੀ ਤਾਂ ਤੂੰ ਕਿੱਥੋਂ ਆਉਂਦਾ ? ਤੂੰ ਕੌਣ ਹੁੰਦੈਂ, ਮੇਰੀ ਧੀ ਨੂੰ ਕਤਲ ਕਰਵਾਉਣ ਵਾਲਾ ? ਤੇਰੀ ਕੋਈ ਕਤਲਗਾਹ ਖੋਲ੍ਹੀ ਹੋਈ ਏ ? ਪੜ੍ਹਿਆ ਲਿਖਿਆ ਏਂ। ਮਾੜੀ ਮੋਟੀ ਤਾਂ ਸ਼ਰਮ ਕਰ। ਪਹਿਲਾਂ ਬਿਨਾਂ ਦੱਸੇ ਟੈਸਟ ਕਰਵਾ ਦਿੱਤਾ। ਮੇਰੇ ਮੱਥੇ ਤੇ ਕਲੰਕ ਲੱਗ ਗਿਆ। ਤੈਨੂੰ ਕਿੰਨੀਂ ਦਲਾਲੀ ਮਿਲਦੀ ਏ, ਇਕ ਕੁੜੀ ਮਰਵਾਉਣ ਦੀ ? ਮੈਨੂੰ ਵੀ ਪਤਾ ਲੱਗੇ।"

"ਚੁੱਪ ਕਰ ਜਾ ਕਮਜਾਤੇ....ਲੱਗੀਏਂ ਕੁੱਤੀ ਦੀ ਤਰ੍ਹਾਂ ਜ਼ੁਬਾਨ ਚਲਾਉਣ। ਸਾਲੀ ਦੇ ਮਾਰ ਕੇ ਬਹੋਲਾ ਸਿਰ ਪਾੜ ਦੇਊਂ, ਜੇ ਨਾ ਚੁੱਪ ਕਰੀ। ਇਹ ਇੱਕ ਸਾਊ ਸ਼ਰੀਫ਼ ਬੰਦਾ ਏ। ਇਹ ਤਾਂ ਆਪਣੇ ਭਲੇ ਲਈ ਹੀ ਕਹਿੰਦਾ ਸੀ।" ਮੈਂ ਖੜ੍ਹਾ ਹੁੰਦਿਆਂ ਜੀਤ ਵੱਲ ਨੂੰ ਉੱਲਰ ਕੇ ਕਿਹਾ।

"ਦੇਖ ਤਾਂ....ਵੱਡਾ ਆਇਆ ਏ ਭਲੇ ਕਰਨ ਵਾਲਾ।" ਜੀਤ ਨੇ ਬਾਂਹ ਕੱਢ ਕੇ ਮੂੰਹ ਚਿੜਾ ਕੇ ਕਿਹਾ ਤਾਂ ਗੁਰਜੰਟ ਮੋਟਰ ਸਾਈਕਲ ਨੂੰ ਕਿੱਕ ਮਾਰ ਕੇ ਦੌੜ ਗਿਆ।

ਛੇ ਮਹੀਨੇ ਲੰਘ ਗਏ। ਇਸ ਦੌਰਾਨ ਕਾਮਰੇਡ ਘਰ ਦੀ ਹਵਾ ਨੂੰ ਸੁੰਘਣ ਕਈ ਵਾਰੀ ਆਇਆ। ਆਪਣੀਆਂ 'ਕਰਾਮਾਤਾਂ' ਜਿਹੜੀਆਂ ਉਹ ਦਿਨ-ਰਾਤ ਕਰਦਾ ਫਿਰਦਾ ਸੀ, ਬਾਰੇ ਵਧਾ-ਚੜ੍ਹਾ ਕੇ ਭਾਸ਼ਣ ਕਰਦਾ। ਫਲਾਣੀ ਜਗ੍ਹਾ ਨਸ਼ੇ ਦੇ ਟੀਕੇ ਵੇਚਦਾ ਕੈਮਿਸਟ ਅੰਦਰ ਕਰਵਾ ਦਿੱਤਾ। ਢਿਮਕੇ ਤਸੀਲਦਾਰ ਨੂੰ ਰਿਸ਼ਵਤ ਲੈਂਦਿਆਂ ਫੜਾ ਦਿੱਤਾ। ਕਿਧਰੇ ਖੇਤ ਮਜ਼ਦੂਰਾਂ ਦਾ ਇਕੱਠ ਕਰ ਲਿਆ, ਕਿਧਰੇ ਮਹਿੰਗਾਈ ਵਿਰੁੱਧ ਮੁੱਖ ਮੰਤਰੀ ਦਾ ਪੁਤਲਾ ਸਾੜ ਦਿੱਤਾ। ਐਨੀਆਂ ਫੜ੍ਹਾਂ ਸੁਣ ਸੁਣ ਮੇਰੇ ਕੰਨ ਪੱਕ ਜਾਂਦੇ। ਸਹੁਰਾ ਸੀ, ਕੀ ਕਹਿੰਦਾ ? ਚੁੱਪ-ਚਾਪ ਸੁਣਨਾ ਪੈਂਦਾ।

ਹੁਣ ਪੰਦਰਾਂ ਵੀਹ ਦਿਨਾਂ ਵਿੱਚ ਨਵੇਂ ਬੱਚੇ ਦੇ ਆ ਜਾਣ ਦੀ ਉਮੀਦ ਸੀ। ਘਰ ਦੇ ਕੰਮਕਾਰ ਹੁਣ ਜੀਤ ਤੋਂ ਨਹੀਂ ਸਨ ਹੁੰਦੇ। ਮੈਂ ਕਾਮਰੇਡ ਨੂੰ ਕਿਹਾ ਕਿ ਕੁਝ ਸਮੇਂ ਲਈ ਜੀਤ ਦੀ ਮਾਂ ਰਹਿਕੇ ਸ਼ਿਲਾ ਕਟਾ ਜਾਵੇ। ਪਰ ਕਾਮਰੇਡ ਨੇ ਉਹਦੇ ਦੁਖਦੇ ਗੋਡਿਆਂ ਦਾ ਬਹਾਨਾ ਮਾਰ ਦਿੱਤਾ। ਮੇਰੇ ਸਲਾਣੇ ਵਾਲੇ ਭਾਈ ਜੀ ਦੀ ਕਹੀ ਗੱਲ ਯਾਦ ਆਈ ਕਿ ਸਾਰੇ ਕਾਮਰੇਡਾਂ ਨੂੰ ਮਹਾਰਾਜ ਵੱਲੋਂ ਇਹ ਸਰਾਪ ਮਿਲਿਆ ਹੋਇਆ ਏ ਕਿ ਕੋਈ ਵੀ ਕਾਮਰੇਡ ਕਦੀ ਵੀ ਆਪਣੇ ਘਰਦਿਆਂ ਦੇ ਕੰਮ ਨਹੀਂ ਆਉਂਦਾ।

ਜਿਹੜੇ ਛੋਟੇ ਭਰਾ ਨਾਲ ਲੜ-ਝਗੜ ਦੇ ਅੱਡ ਹੋਇਆ ਸਾਂ, ਮੁੜ ਉਸੇ ਦਾ ਦਰ ਖੜਕਾਉਣਾ ਪਿਆ। ਜੀਤ ਦੇ ਬਾਲ-ਬੱਚਾ ਹੋਣ ਬਾਰੇ ਦੱਸ ਕੇ ਕੁਝ ਸਮੇਂ ਲਈ ਬੇਬੇ ਨੂੰ ਸਾਡੇ ਨਾਲ ਭੇਜਣ ਲਈ ਕਿਹਾ, ਤਾਂ ਛੋਟੀ ਭਰਜਾਈ ਦੋ ਉਂਗਲਾਂ ਨਾਲ ਆਪਣਾ ਘੁੰਡ ਖਿੱਚ ਕੇ ਮੇਰੇ ਵੱਲ ਨੂੰ ਪਰਦਾ ਕਰਦੀ ਬੋਲੀ, "ਨਾ ਹੁਣ ਬੇਬੇ ਯਾਦ ਆ ਗਈ ? ਬੁੜ੍ਹੀ-ਬੁੜ੍ਹੀ ਕਰਦੇ ਸੀ ਉਦੋਂ ਤਾਂ ਬੇਬੇ ਜੀ ਨੂੰ।

ਹੁਣ ਕਿਉਂ ਜਾਵੇ ਉਹ ? ਵੰਡ ਹੋ ਗਈ। ਲਾਗਾ-ਦੇਗਾ ਕੀ ਰਹਿ ਗਿਆ ? ਸਾਰੇ ਹੁਣ ਆਪੋ-ਆਪਣੇ ਘਰੀਂ। ਨਾਲੇ ਇਹ ਉਹੀ ਬੇਬੇ ਆ, ਜਿਹਨੂੰ ਧੱਕਾ ਦੇ ਕੇ ਚੱਕੀ ਤੇ ਸੁੱਟ ਦਿੱਤਾ ਸੀ।"

ਪਰ ਛੋਟਾ ਭਰਾ ਬੋਲ ਪਿਆ, "ਦੋ ਭਰਾ ਗੱਲ ਕਰ ਰਹੇ ਨੇ। ਤੂੰ ਸਾਲੀਏ, ਵਿੱਚ ਆ ਕੇ ਟੈਂ-ਟੈਂ ਕਰਨ ਲੱਗ ਪਈ। ਤੇਰਾ ਤੀਵੀਂ ਦਾ ਕੀ ਕੰਮ ? ਚੱਲ ਅੰਦਰ ਸਾਲੀ ਲੰਡੋਰ ਨਾ ਹੋਵੇ ਤਾਂ।"

ਉਹ ਸਾਡੇ ਕੋਲੋਂ ਬੱਤਖ ਵਾਂਗ ਲੱਕ ਘੁਮਾਉਂਦੀ ਅੰਦਰ ਲੰਘ ਗਈ। ਛੋਟਾ ਕਹਿਣ ਲੱਗਾ, "ਤੂੰ ਵੀਰ, ਬੇਬੇ ਨੂੰ ਪੁੱਛ ਲੈ। ਜਾਣਾ ਜਾਵੇ, ਮੈਨੂੰ ਕੋਈ 'ਤਰਾਜ਼ ਨੀ।"

ਬੇਬੇ ਵਿਚਾਰੀ ਨੂੰ ਤਾਂ ਪੁੱਛਣ ਦੀ ਲੋੜ ਹੀ ਨਾ ਪਈ। ਉਹ ਫੱਟ ਝੋਲੇ 'ਚ ਚਾਰ ਲੀੜੇ ਪਾਕੇ ਤਿਆਰ ਹੋ ਗਈ। ਮੈਨੂੰ ਐਨੀ ਚੰਗੀ ਬੇਬੇ ਨਾਲ ਘੱਟ-ਵੱਧ ਬੋਲਣ ਤੇ ਉਸਨੂੰ ਧੱਕਾ ਮਾਰ ਕੇ ਸੁੱਟ ਦੇਣ ਦਾ ਪਛਤਾਵਾ ਹੋਣ ਲੱਗਾ। ਮਾਂ ਤਾਂ ਫਿਰ ਮਾਂ ਹੀ ਸੀ, ਮੇਰੀਆਂ ਅੱਖਾਂ ਭਰ ਆਈਆਂ।

ਬੇਬੇ ਦੇ ਆਉਣ ਨਾਲ ਅਸੀਂ ਸੌਖੇ ਹੋ ਗਏ। ਦੋਨੋਂ ਕੁੜੀਆਂ ਤਾਂ ਸਦਾ ਉਹਨੂੰ ਹੀ ਚੁੰਬੜੀਆਂ ਰਿਹਾ ਕਰਨ। ਉਹਦੀ ਗਰਦਣ ਨੂੰ ਜੱਫਾ ਮਾਰ, ਨਾਲ ਲਟਕ ਜਾਇਆ ਕਰਨ। ਪਿੱਛੇ ਨੂੰ ਡਿੱਗੀ ਬੇਬੇ ਖਿੜ-ਖਿੜ ਹੱਸਿਆ ਕਰੇ ਤੇ ਗਾਹਲਾਂ ਦਿਆ ਕਰੇ, "ਦੜਾ ਹੋਣੀਓਂ, ਛਣਾਲੋ, ਮਰਜੋ ਤੁਸੀਂ ਹਰਾਮਣੋਂ।" ਸਾਰਾ ਦਿਨ ਘਰ 'ਚ ਖੜਦੁੰਮ ਪਿਆ ਰਹਿੰਦਾ। ਉੱਧਰ ਸੱਸ ਨੂੰ ਵੀ ਪਤਾ ਨਹੀਂ ਕੀ ਸੁਝੀ। ਕਾਮਰੇਡ ਨੇ ਹੀ ਪੱਟੀ ਪੜ੍ਹਾਈ ਹੋਊ, ਕਿ ਆਉਣ ਵਾਲੀ ਕੁੜੀ ਨੂੰ ਕਿਤੇ ਮਰਵਾ ਹੀ ਨਾ ਦੇਣ। ਟਿੰਡ-ਫਹੁੜੀ ਚੁੱਕ ਕੇ ਉਹ ਵੀ ਆ ਧਮਕੀ, ਰੋਟੀਆਂ ਪਾੜਨ। ਫਿਰ ਸੱਸ ਨੇ ਜੀਤ ਨੂੰ ਨਾਲ ਲੈ ਜਾ ਕੇ ਕਸਬੇ ਦੇ ਪ੍ਰਾਈਵੇਟ ਜ਼ਨਾਨਾ ਹਸਪਤਾਲ ਦਾ ਕਾਰਡ ਵੀ ਬਣਵਾ ਲਿਆ। ਅਖੇ, ਹਸਪਤਾਲ ਵਿਚ ਹੀ ਡਲਿਵਰੀ ਕਰਵਾਉਣੀ ਏਂ। ਉਨ੍ਹਾਂ ਨੂੰ ਕੀ ਫ਼ਰਕ ਪੈਣਾ ਸੀ, ਕਿਹੜਾ ਪੱਲਿਉਂ ਧੇਲਾ ਖਰਚਣਾ ਸੀ।

ਮੇਰਾ ਕੰਮ ਅੱਜ ਕੱਲ੍ਹ ਕਸਬੇ ਦੀ ਹੀ ਇੱਕ ਕੋਠੀ ਵਿੱਚ ਚਲਦਾ ਸੀ। ਇੱਕ ਦਿਨ ਹਸਪਤਾਲੋਂ ਹੀ ਸੱਸ ਦਾ ਫੋਨ ਆਇਆ ਕਿ ਜੀਤ ਨੂੰ ਡਾਕਟਰਨੀ ਨੇ ਦਾਖਲ ਕਰ ਲਿਆ ਏ, ਮੈਂ ਛੇਤੀ ਹਸਪਤਾਲ ਪਹੁੰਚ ਜਾਵਾਂ। ਬੱਚਾ ਕਿਸੇ ਵੀ ਟਾਇਮ ਹੋ ਸਕਦਾ ਏ।

"ਤੁਸੀਂ ਹੈਗੇ ਹੋ ਉਸ ਕੋਲ। ਮੈਂ ਮਾਂਹ ਦਲਣੇ ਨੇ ? ਜਦੋਂ ਕੁੜੀ ਹੋ ਗਈ। ਮੈਨੂੰ ਖਬਰ ਕਰ ਦਿਉ।" ਮੈਂ ਉੱਤਰ ਦਿੱਤਾ।

ਕੰਮ ਕਰਦੇ ਦੀਆਂ ਮੇਰੀਆਂ ਲੱਤਾਂ ਵੀ ਕੰਬੀ ਜਾਣ ਤੇ ਹੱਥ ਵੀ। ਉੱਤੋਂ ਪਲੱਸਤਰ ਦਾ ਕੰਮ। ਤਿੰਨ ਕੁੜੀਆਂ ! ਕਹਿ ਦੇਣਾ ਆਸਾਨ ਹੈ। ਇਸ ਤੋਂ ਖਹਿੜਾ ਛੁਡਾ ਲੈਂਦੇ ਕਿੰਨਾ ਠੀਕ ਹੋਣਾ ਸੀ। ਕਾਮਰੇਡ ਨੇ ਬੇੜਾ ਬਿਠਾ 'ਤਾ। ਹੁਣ ਆਪਣੀ ਸ਼ੀਹਣੀ ਵੀ ਭੇਜ ਦਿੱਤੀ ਸੀ.ਆਈ.ਡੀ. ਕਰਨ ਨੂੰ। ਜਦੋਂ ਮੈਂ ਕਿਹਾ ਸੀ, ਕਿ ਭੇਜ ਦਿਉ ਤਾਂ ਸੱਪ ਸੁੰਘ ਗਿਆ। ਹੁਣ ਗੋਡਿਆਂ 'ਚ ਫਾਨੇ ਠੁਕਵਾ ਲਏ, ਸਾਲੇ ਖੇਖਣਬਾਜ਼ !

ਤੀਜੇ ਕੁ ਪਹਿਰ ਕੋਠੀ ਦੀ ਮਾਲਕਣ ਨੇ ਦੱਸਿਆ ਕਿ ਮੇਰਾ ਫੋਨ ਹੈ। ਮੈਂ ਪੈੜ ਤੋਂ ਉੱਤਰ ਕੇ ਲੱਤਾਂ ਘਸੀਟਦਾ ਫੋਨ ਤੱਕ ਗਿਆ ਤੇ ਚੋਗਾ ਚੁੱਕ ਕੇ ਹੈਲੋ ਕਿਹਾ।

"ਵਧਾਈ ਹੋਵੇ ਵੇ ਪਾਖਰਾ।" ਉਧਰੋਂ ਮੇਰੀ ਸੱਸ ਬੋਲੀ।

ਮੈਂ ਸੜ-ਬਲ ਗਿਆ ਕਿ ਕੁੜੀ ਨੇ ਅਵਤਾਰ ਧਾਰ ਲਿਆ ਹੈ ਤੇ ਉੱਤੋਂ ਮੇਰੀ ਇਹ ਕਮੀਨੀ ਸੱਸ, ਕਾਮਰੇਡ ਦੀ ਸ਼ੀਹਣੀ, ਕਿਵੇਂ ਹੱਸ-ਹੱਸ ਕੇ ਮੈਨੂੰ ਵਧਾਈਆਂ ਦੇ ਰਹੀ ਹੈ, ਮੇਰਾ ਅੰਦਰ ਫੂਕ ਰਹੀ ਹੈ। ਉਹ ਸਾਮ੍ਹਣੇ ਹੁੰਦੀ ਤਾਂ ਚੋਗਾ ਸਿਰ 'ਚ ਮਾਰਦਾ ਜਾਂ ਤੇਸੀ ਮਾਰ ਕੇ ਉਹਦੀ ਖੋਪੜੀ ਨੂੰ ਖਖੜੀ-ਖਖੜੀ ਕਰ ਦਿੰਦਾ। ਮੈਂ ਗੁੱਸੇ ਨਾਲ ਫੋਨ ਬੰਦ ਕਰ ਦਿੱਤਾ।

ਉੱਠਣ ਲੱਗਾ, ਤਦੇ ਫਿਰ ਟਰਨ-ਟਰਨ ਹੋ ਗਈ।



"ਕੀ ਏ ਹੁਣ ?" ਮੈਂ ਚੋਗਾ ਚੁੱਕ ਕੇ ਗੁੱਸੇ ਨਾਲ ਪੁੱਛਿਆ।

"ਵੇ ਪਾਖਰਾ....ਫ਼ੋਨ ਕਿਉਂ ਬੰਦ ਕਰ ਦਿੱਤਾ ਸੀ ਤੂੰ ?" ਉਹ ਬੋਲੀ।

"ਕੁੜੀ ਹੋਈ ਏ ਨਾ ? ਥੋਨੂੰ ਬਹੁਤਾ ਚਾਅ ਚੜ੍ਹ ਗਿਆ ਏ। ਕੁੜੀ ਜੰਮਣ ਦੀਆਂ ਵਧਾਈਆਂ ਦਿੰਦੇ ਹੋ ਤੁਸੀਂ ? ਮੈਨੂੰ ਸੜੇ-ਬਲੇ ਨੂੰ ਹੋਰ ਸਾੜ ਰਹੇ ਹੋ ਤੁਸੀਂ ?"

"ਵੇ ਨਹੀਂ ਵੇ ਪਾਖਰਾ....ਸਹੁੰ ਲੱਗੇ ਮਹਾਰਾਜ ਦੀ। ਮੁੰਡਾ ਹੋਇਆ ਏ ਹੀਰੇ ਵਰਗਾ। ਦੋ ਭੈਣਾਂ ਨੂੰ ਵੀਰ ਮਿਲ ਗਿਆ ਏ। ਤੈਨੂੰ ਤੇ ਜੀਤ ਨੂੰ ਚੰਨ ਵਰਗਾ ਲਾਲ ਮਿਲ ਗਿਆ । ਤੇਰੀ ਮਾਂ ਨੂੰ ਪੋਤਾ ਮਿਲ ਗਿਆ ਏ ਤੇ ਸਾਨੂੰ ਦੋਹਤਾ। ਤੇਰੀ ਕੁੱਲ ਹਰੀ ਹੋ ਗਈ ਵੇ...ਵਧਾਈਆਂ।" ਸੱਸ ਖੀਵੀ ਹੋ ਰਹੀ ਸੀ, ਜਿਵੇਂ ਨੱਚ ਰਹੀ ਹੋਵੇ।

ਐਨਾ ਚਾਅ ਚੜ੍ਹਿਆ ਮੈਨੂੰ ਸੁਣਕੇ, ਕਿ ਖਬਰ ਸਾਂਭਣੀ ਔਖੀ ਹੋ ਗਈ। ਮੈਨੂੰ ਲੱਗਾ ਜਾਂ ਤਾਂ ਮੈਂ ਮਰ ਜਾਵਾਂਗਾ ਜਾਂ ਜਿਉਂਦਾ ਰਹਾਂਗਾ। ਖੁਸ਼ੀ ਨੇ ਮੈਨੂੰ ਪਾਗਲ ਜਿਹਾ ਕਰ ਦਿੱਤਾ। ਮੈਂ ਰੋ ਹੀ ਪਿਆ। ਫਿਰ ਹੱਸਣ ਲੱਗ ਪਿਆ। ਪੈੜ ਤੇ ਖੜ੍ਹੇ ਮਿਸਤਰੀ ਬਖਤੌਰ ਸਿੰਘ ਨੂੰ ਵਾਜ਼ ਮਾਰੀ, "ਬਾਬਾ ਜੀ, ਮੈਂ ਚੱਲਿਆ। ਮੁੰਡਾ ਹੋਇਆ ਏ ਮੇਰੇ।"

"ਵਧਾਈਆਂ ਭਾਈ ਵਧਾਈਆਂ......ਲੱਡੂ ?"

ਉਹ ਬੋਲਿਆ ਪਰ ਮੈਂ ਤਾਂ ਸਾਈਕਲ ਚੁੱਕ ਕੇ ਹਸਪਤਾਲ ਨੂੰ ਦੌੜ ਲਿਆ ਸੀ। ਨਰਸਾਂ ਨੇ ਮੈਨੂੰ ਅੰਦਰ ਜਾਣ ਤੋਂ ਰੋਕ ਦਿੱਤਾ।

ਮੈਂ ਤਰਲਾ ਕੀਤਾ, "ਭੈਣ, ਮੈਨੂੰ ਥੋੜ੍ਹਾ ਜਿਹਾ ਤਾਂ ਦਿਖਾ ਦਿਉ।"

ਉਹ ਹੱਸਣ ਲੱਗ ਪਈਆਂ। ਮੈਂ ਦਰਵਾਜ਼ੇ ਦੇ ਸ਼ੀਸ਼ੇ ਵਿੱਚੀਂ ਮੁੰਡਾ ਦੇਖਿਆ। ਇੰਨ-ਬਿੰਨ ਮੇਰੇ ਉੱਤੇ। ਸਾਹ ਜਿਹਾ ਚੜ੍ਹਨ ਲੱਗ ਪਿਆ ਮੈਨੂੰ।

ਖੁਸ਼ੀ ਵਿੱਚ ਟਪੂਸੀਆਂ ਮਾਰਦਾ ਮੈਂ ਘਰ ਪੁੱਜਾ ਤੇ ਉੱਚੀ ਉੱਚੀ ਰੌਲਾ ਪਾ ਦਿੱਤਾ। ਮੁੰਡੇ ਦਾ ਪਤਾ ਲੱਗਣ ਤੇ ਬੇਬੇ ਦੌੜੀ ਬਾਹਰ ਆਈ। ਮੈਂ ਵਿਹੜੇ ਵਿੱਚ ਭੰਗੜਾ ਪਾਉਣ ਲੱਗ ਪਿਆ। ਦੋਨੋਂ ਕੁੜੀਆਂ ਵੀ ਖੁਸ਼ੀ ਨਾਲ ਟੱਪਣ ਲੱਗ ਪਈਆਂ। ਬੇਬੇ ਨੇ ਮੈਨੂੰ ਗਲਵਕੜੀ ਪਾ ਲਈ। ਅਸੀਂ ਦੋਨੋਂ ਫਰਸ਼ ਤੇ ਡਿੱਗ ਪਏ। ਸਹੁਰੇ ਨੂੰ ਫੋਨ ਕਰਕੇ ਮੈਂ ਹਸਪਤਾਲ ਨੂੰ ਫੇਰ ਦੌੜ ਗਿਆ।

ਅਗਲੇ ਦਿਨ ਦਸ ਕੁ ਵਜੇ ਕਾਮਰੇਡ ਆ ਗਿਆ। ਮੈਂ ਹਸਪਤਾਲ ਵਿੱਚ ਬਰੈੱਡ ਅਤੇ ਦੁੱਧ ਬਗੈਰਾ ਦੇ ਕੇ ਮੁੜਿਆ ਹੀ ਸਾਂ। ਸਹੁਰੇ ਨੇ ਅੰਗੂਠੇ ਅਤੇ ਪਹਿਲੀ ਉਂਗਲ ਨਾਲ ਮੁੱਛਾਂ ਉੱਤੇ ਨੂੰ ਚੁੱਕੀਆਂ। ਉਸਦੇ ਮੁਸਕਰਾਉਂਦੇ ਦੰਦ ਮੈਨੂੰ ਨਜ਼ਰ ਪਏ। ਮੈਂ ਉਹਦੇ ਪੈਰਾਂ ਨੂੰ ਹੱਥ ਲਾਇਆ। ਉਸਨੇ ਜੀਤ ਅਤੇ ਬੱਚੇ ਦਾ ਹਾਲ ਪੁੱਛਿਆ। ਮੈਂ ਹੱਸਕੇ ਕਿਹਾ, "ਅੱਵਲ ਇੱਟ ਵਰਗਾ।"

ਉਸ ਨੇ ਸਾਇਕਲ ਦੇ ਝੋਲੇ 'ਚੋਂ ਲੱਡੂਆਂ ਦਾ ਡੱਬਾ ਅਤੇ ਬੋਤਲ ਕੱਢ ਕੇ ਸਟੂਲੀ ਤੇ ਲਿਆ ਧਰੇ। ਡੱਬਾ ਚੁੱਕ ਕੇ ਮੈਂ ਬੇਬੇ ਨੂੰ ਫੜਾ ਦਿੱਤਾ। ਉਹ ਵਿਹੜੇ 'ਚ ਆਉਂਦੀ ਬੋਲੀ, "ਕੁੜਮਾਂ ਵਧਾਈਆਂ ਤੈਨੂੰ।" ਕਾਮਰੇਡ ਵਾਛਾਂ ਖਿੜਾ ਕੇ ਪੂਰਾ ਮੁਸਕਰਾਇਆ ਤੇ ਬੋਲਿਆ, "ਤੈਨੂੰ ਵੀ ਕੁੜਮਣੀਏਂ।"

ਮੈਂ ਇੱਕ ਕੌਲੀ ਵਿੱਚ ਅੰਬ ਦਾ ਅਚਾਰ ਪਾ ਦੋ ਗਿਲਾਸ ਚੁੱਕ ਲਿਆਂਦੇ। ਅਸੀਂ ਮੰਜਿਆਂ ਤੇ ਬਹਿ ਕੇ ਪੀਣ ਲੱਗੇ। ਗੱਲਾਂ ਬਾਤਾਂ ਵਿੱਚ ਹੀ ਮੈਂ ਕਈ ਪੈਗ ਖਿੱਚ ਗਿਆ। ਪਰ ਸਹੁਰੇ ਨੇ ਆਪਣਾ ਪਹਿਲਾ ਪੈੱਗ ਹੀ ਹੱਥ 'ਚ ਫੜੀ ਰੱਖਿਆ। ਫਿਰ ਉਹ ਆਪਣਾ ਗਿਲਾਸ ਉਵੇਂ ਸਟੂਲੀ ਤੇ ਧਰਦਾ ਬੋਲਿਆ, "ਪਾਖਰਾ, ਭਲਾਂ ਇਹ ਡਾਕਟਰ ਕਿਹੜਾ ਸੀ, ਜੀਹਨੇ ਟੈਸਟ ਕਰ ਕੇ ਦੱਸਿਆ ਸੀ, ਬਈ ਕੁੜੀ ਏ ?"

ਬੱਸ, ਇਸੇ ਜਵਾਬ ਵਿੱਚ ਮੈਂ ਮਾਤ ਖਾ ਗਿਆ। ਗੁਰਜੰਟ ਦੀ ਕੋਠੀ 'ਚ ਜੀਤ ਨੂੰ ਲੈ ਕੇ

ਜਾਣਾ। ਉੱਥੋਂ ਉਸ ਦਾ ਟੈਸਟ ਕਰਵਾਉਣ ਲਈ ਗੁਰਜੰਟ ਦੀ ਘਰਵਾਲੀ ਨਾਲ ਗੱਡੀ 'ਚ ਭੇਜਣਾ। ਕੁੜੀ ਹੋਣ ਦਾ ਪਤਾ ਲੱਗਣਾ। ਸਫਾਈ ਕਰਨ ਦੇ ਡਾਕਟਰ ਵੱਲੋਂ ਅੱਠ ਹਜ਼ਾਰ ਮੰਗਣਾ ਤੇ ਫਿਰ ਘਟਦੇ-ਘਟਦੇ ਦੋ ਹਜ਼ਾਰ ਤੇ ਪੁੱਜ ਜਾਣਾ। ਮੈਂ ਸਾਰਾ ਵੇਰਵਾ ਇੰਜ ਬਿਆਨ ਕਰ ਦਿੱਤਾ, ਜਿਵੇਂ ਕਿਸੇ ਤਵੇ ਤੇ ਸੂਈ ਧਰ ਦਿੱਤੀ ਹੋਵੇ। ਮੈਂ ਵੀ ਕਾਹਦਾ ਬਿਆਨ ਕੀਤਾ। ਸਮਝ ਲਵੋ, ਮੇਰੇ ਅੰਦਰ ਗਈ ਕਾਮਰੇਡ ਦੀ ਦੇਸੀ ਦਾਰੂ ਮੈਨੂੰ ਸਭ ਕੁੱਝ ਸੱਚ ਬੁਲਾਉਂਦੀ ਚਲੀ ਗਈ।

ਮੈਥੋਂ ਸਾਰਾ ਭੇਤ ਲੈ ਕੇ ਕਾਮਰੇਡ ਦਾ ਚਿਹਰਾ ਉਹਦੀ ਪਗੜੀ ਵਰਗਾ ਹੋ ਗਿਆ। ਉਹ ਉੱਠ ਖੜ੍ਹਾ ਹੋਇਆ ਤੇ ਦੰਦ ਕਰੀਚਦਾ ਬੋਲਿਆ, "ਕਰਦੇ ਹਾਂ ਹੁਣ ਇਨ੍ਹਾਂ ਸਾਲਿਆਂ ਦਾ ਇਲਾਜ ਵੀ।"

ਮੈਂ ਉੱਠ ਕੇ ਉਸ ਨੂੰ ਜੱਫਾ ਮਾਰ ਲਿਆ, "ਬਾਪੂ ਜੀ, ਤੁਹਾਨੂੰ ਮੇਰੀ ਸਹੁੰ ਲੱਗੇ। ਹੁਣ ਨਹੀਂ ਕਿਸੇ ਨੂੰ ਕੁਝ ਵੀ ਕਹਿਣਾ। ਰੱਬ ਨੇ ਆਪਣੀ ਤਾਂ ਸੁਣ ਲਈ ਏ ਨਾ ? ਛੱਡੋ ਪਰ੍ਹੇ। ਪਰ ਰੱਬ ਦੀ ਕਰਨੀ ਦੇਖੋ। ਕਰਾਮਾਤ ਹੋ ਗਈ। ਟੈਸਟ ਵਿੱਚ ਕੁੜੀ ਆਈ ਸੀ ਤੇ ਹੋ ਗਿਆ ਮੁੰਡਾ।"

"ਉਇ ਪਾਖਰਾ......ਤੂੰ ਬੁੱਧੂ ਦਾ ਬੁੱਧੂ ਰਿਹਾ। ਇਹ ਕਰਾਮਾਤ ਨਹੀਂ ਹੋਈ, ਕਰਤੂਤ ਹੋਈ ਏ। ਕੁੜੀਆਂ ਤਾਂ ਇਨ੍ਹਾਂ ਨੇ ਪਤਾ ਨਹੀਂ ਕਿੰਨੀਆਂ ਮਾਰੀਆਂ ਹੀ ਹੋਣਗੀਆਂ। ਪੈਸੇ ਦੇ ਲਾਲਚ ਵਿੱਚ ਲੋਕਾਂ ਦੇ ਪੁੱਤਾਂ ਨੂੰ ਵੀ ਭਸਮ ਕਰਦੇ ਰਹੇ ਇਹ ਪਾਪੀ। ਚਾਹੇ ਕੁੜੀ ਮਾਰੋ, ਚਾਹੇ ਮੁੰਡਾ ਮਾਰੋ....ਮਾਰੋ ਤਾਂ ਸਹੀ...ਅੱਠ ਹਜ਼ਾਰ ਮਿਲਦੇ ਨੇ।"

"ਹੈਂਅ ?" ਮੈਂ ਅੱਖਾਂ ਚੌੜੀਆਂ ਕਰਕੇ ਕਾਮਰੇਡ ਵੱਲ ਦੇਖਣ ਲੱਗਾ।

"ਸ਼ੁਕਰ ਕਰ....ਆਪਣਾ ਜੁਆਕ ਬਚ ਗਿਆ ਏ। ਤੂੰ ਤਾਂ ਕੋਈ ਕਸਰ ਨਹੀਂ ਸੀ ਬਾਕੀ ਛੱਡੀ। ਪਰ ਹੁਣ ਦੇਖ ਲਵੀਂ, ਇਹ ਲੋਕ ਨਹੀਂ ਬਚ ਸਕਣਗੇ।"

ਉਸ ਦੇ ਚਿਹਰੇ ਤੇ ਬਿਜਲੀ ਵਾਂਗ ਕੁਝ ਲਿਸ਼ਕਿਆ। ਉਸ ਦੀਆਂ ਅੱਖਾਂ 'ਚ ਉਤਰੇ ਲਾਲ ਡੋਰਿਆਂ ਵੱਲ ਦੇਖ ਮੈਂ ਕੰਬ ਗਿਆ।

"ਨਹੀਂ....ਨਹੀਂ....ਬਾਪੂ ਜੀ....ਬੈਠੋ ਤੁਸੀਂ। ਗੁਰਜੰਟ ਮਾਸਟਰ ਨੂੰ ਕੁਝ ਨਹੀਂ ਹੋਣਾ ਚਾਹੀਦਾ।" ਮੈਂ ਉਸ ਨੂੰ ਫੜਨਾ ਚਾਹਿਆ।

"ਨਾ...ਨਾ...ਪਾਖਰਾ....ਮੈਂ ਹੁਣ ਕਿਵੇਂ ਬੈਠ ਸਕਦਾ ਹਾਂ, ਭਲਾ ?" ਉਸ ਨੇ ਮੈਨੂੰ ਧੱਕ ਕੇ ਮੰਜੇ ਤੇ ਬਿਠਾ ਦਿੱਤਾ। ਫਿਰ ਮੰਜੇ ਹੇਠੋਂ ਆਪਣੀ ਜੁੱਤੀ ਖਿੱਚੀ। ਪੈਰਾਂ 'ਚ ਪਾਉਣ ਤੋਂ ਪਹਿਲਾਂ ਝਾੜੀ। ਜੁੱਤੀ ਵਿੱਚੋਂ ਇੱਕ ਠੂਹਾਂ ਫਰਸ਼ ਤੇ ਡਿੱਗ ਕੇ ਦੌੜਨ ਲੱਗਾ। ਪਤਾ ਨਹੀਂ ਇਹ ਕਦੋਂ ਲਾਗੇ ਪਏ ਇੱਟ ਰੋੜਿਆਂ 'ਚੋਂ ਨਿਕਲ ਕੇ ਉਸ ਦੀ ਜੁੱਤੀ 'ਚ ਲੁਕ ਗਿਆ ਸੀ। ਉਸ ਨੇ ਜੁੱਤੀ ਚੁੱਕ ਕੇ ਪਟੱਕ ਠੂੰਹੇ ਦੇ ਮਾਰੀ ਤੇ ਉਸ ਨੂੰ ਚਿੱਤ ਕਰਕੇ ਮੁਸਕਰਾਉਣ ਲੱਗਾ, "ਪਾਖਰਾ, ਸਭ ਦਾ ਇਹੋ ਹਾਲ ਕਰਾਂਗਾ, ਦੇਖਦਾ ਚੱਲ ਹੁਣ।"

ਜੁੱਤੀ ਪੈਰਾਂ 'ਚ ਅੜੁੰਗ ਉਸ ਨੇ ਕੰਧ ਨਾਲ ਖੜ੍ਹੇ ਲਾਲ ਝੰਡੀ ਵਾਲੇ ਸਾਈਕਲ ਦੀ ਕਾਠੀ ਤੇ ਦੋ ਤਿੰਨ ਵਾਰੀ ਹੱਥ ਮਾਰ ਕੇ ਥਾਪੀ ਦਿੱਤੀ ਤੇ ਬੋਲਿਆ, "ਚੱਲ ਉਇ ਮੇਰੇ ਬੁਲਡੋਜ਼ਰਾ ਚੱਲ....ਢਾਹ ਦੇ ਕੂੜ ਦੀਆਂ ਸਭ ਕੰਧਾਂ।"

ਤੇ ਉਹ ਬਾਹਰ ਨਿਕਲ ਗਿਆ।

"ਹੁਣ ਇਸ ਤੋਂ ਕੋਈ ਨਹੀਂ ਬਚ ਸਕੇਗਾ।" ਮੇਰੇ ਬੁੱਲ੍ਹ ਕੰਬੇ। ਮੇਰਾ ਸਾਰਾ ਨਸ਼ਾ ਰਫੂ ਚੱਕਰ ਹੋ ਗਿਆ। ਮੈਂ ਸਟੂਲੀ ਉੱਤੇ ਉਵੇਂ-ਜਿਵੇਂ ਪਏ ਕਾਮਰੇਡ ਦੇ ਪਹਿਲੇ ਪੈੱਗ ਵੱਲ ਘੂਰਨ ਲੱਗ ਪਿਆ।



**ਕਵਿਤਾਵਾਂ**

## ਦੋ ਕਵਿਤਾਵਾਂ/ਗੁਰਪ੍ਰੀਤ

### ਪਣ-ਡੁੱਬੀ

ਤੇਰੇ ਹੱਥ ਖਾਲ੍ਹੀ ਸਨ ਜਾਂ ਭਰੇ
ਤੂੰ ਆਈ ਕੋਲ ਮੇਰੇ
ਤੇ ਆਖਣ ਲੱਗੀ
ਬੁੱਲ੍ਹਾਂ ਦੀ ਸੁਰਖੀ
ਸੁਰਖ਼ ਨਹੀਂ ਹੈ
ਤੂੰ ਆਪਣੇ ਹੱਥ ਖੋਲ੍ਹ ਦਿੱਤੇ
ਉਹਨਾਂ 'ਚੋਂ ਕੀ ਉੜਿਆ
ਕੀ ਡਿੱਗਿਆ
ਨੀਲਾ ਰੰਗ
ਨੀਲੇ ਵਰਗਾ ਸੀ
ਤੇ ਲਾਲ ਰੰਗ
ਲਾਲ ਜਿਹਾ
ਪਰ ਮੈਂ
ਮੈਂ ਨਾਲ ਕਿਵੇਂ ਮਿਲਦਾ ਹਾਂ
ਤੂੰ
ਤੂੰ ਤੋਂ ਕਿੰਨੀ ਵੱਖਰੀ
ਆਪਾਂ ਦੋਹੇਂ
ਕਿਸ ਨੂੰ ਉਡੀਕ ਰਹੇ
ਕਿਸ ਤੋਂ
ਕੀ ਛੁਪਾ ਰਹੇ
ਚੁੱਪ ਹਾਂ
ਗੋਤਾਖੋਰ
ਸਮੁੰਦਰੀ ਤਲ ਨੂੰ ਛੂਹ
ਮੁੜ ਸਮੁੰਦਰ ਕਿਨਾਰੇ ਆ ਬੈਠਾ ਹੈ ॥

### ਕੰਕਾਲ

ਪੈਰ ਉਦਾਸ ਨੇ
ਮੈਂ ਹੱਥਾਂ ਨਾਲ ਕਦੋਂ ਤੱਕ ਲਿਖਦਾ ਰਹਾਂਗਾ
ਰਾਹ...

ਰਾਹ ਕਦੋਂ ਤਕ ਵਿਛਦੇ ਰਹਿਣਗੇ
ਮੇਰੀਆਂ ਅੱਖਾਂ ਸਾਹਵੇਂ

ਮੈਂ ਕੰਨਾਂ ਨੂੰ
ਕਿਹੜੀ ਆਵਾਜ਼ ਨਾਲ
ਖੇਡ ਲਾ ਰੱਖਿਆ ਹੈ

ਨੱਕ ਕਿਸ ਫੁੱਲ ਦੀ ਖੁਸ਼ਬੂ 'ਚ
ਗੁਆਚਿਆ ਹੋਇਆ ਹੈ

ਮੈਂ ਵਰਦਾ ਰਹਾਂਗਾ
ਆਖਰ ਤੋਂ ਵੀ ਬਾਦ
ਹਮੇਸ਼ਾਂ ਲਈ

ਰੁੱਖ਼ ਮੇਰੇ ਦੋਸਤ ਨੇ
ਪੰਛੀ ਮੇਰੇ ਖਿਆਲ

## ਦੋ ਪਾਤਰ/ਰਾਮ ਸਿੰਘ ਚਾਹਲ

### (1) ਲੀਲਾ

ਮੈਂ, ਮਿੱਟੀ ਤੇ ਗਾਰੇ ਨਾਲ
ਲੱਥਪੱਥ
ਤੁਹਾਡਾ ਇੱਕ ਕਾਮਾ-ਪੁੱਤ ਹਾਂ
ਤੁਹਾਡੇ ਮਕਾਨ ਨੂੰ
ਸੁੰਦਰ ਤੋਂ ਸੁੰਦਰ ਬਨਾਣ ਵਿੱਚ
ਆਪਣੇ ਵਿੱਤ ਤੋਂ, ਹਰ ਵਾਰ
ਵੱਧ ਭਾਰ ਚੁੱਕਿਆ ਹੈ
ਹੈਰਾਨ ਹਾਂ-
ਮਕਾਨ ਦੀ ਮਹੂਰਤ ਵੇਲੇ
ਤੁਹਾਡੇ ਸੱਦਿਆਂ ਦੀ ਸੂਚੀ 'ਚ
ਮੇਰੇ ਨਾਂਅ, ਲੱਗਦਾ ਹੈ ਕਿ-
ਕਿਧਰੇ ਫਿਸਲ ਗਿਆ ਸੀ।

(2) **ਸੱਤ ਪਾਲ**

ਮੈਂ ਕਿੰਨੇ ਹੀ ਵਰ੍ਹਿਆਂ ਤੋਂ
ਏਸ ਕੰਧ ਨਾਲ
ਢਾਸਣਾ ਲਾਈ ਬੈਠਾ
ਤੁਹਾਡੀ ਸੁੰਦਰਤਾ 'ਚ ਵਾਧਾ ਕਰ ਰਿਹਾ ਹਾਂ
ਕਦੇ ਤੁਹਾਡੇ ਬੂਟ ਪਾਲਿਸ
ਕਦੇ ਟੁੱਟਿਆ ਗੰਢਦਾ ਹਾਂ
ਹਮੇਸ਼ਾਂ ਹੀ, ਹਰਿਕ ਔਂਦੇ ਜਾਂਦੇ ਦੇ
ਸਫਾਈ-ਮੰਗਦੇ
ਪੈਰ ਤੱਕਦਾ ਹਾਂ
ਤੇ ਤੁਸੀਂ ਹੋ-ਕਿ
ਮੇਰੇ ਕੋਲ
ਪਲ ਭਰ
ਬੈਠਣਾ ਵੀ ਗਵਾਰਾ ਨ੍ਹੀਂ ਕਰਦੇ--

## ਦੋ ਕਵਿਤਾਵਾਂ/ਦੇਵਨੀਤ

### ਕੋਲੰਬਸ ਕੁਆਰਾ ਸੀ

ਧਰਤੀ ਗੋਲ ਹੈ
ਮੈਂ ਕਿਵੇਂ ਜਾਣਾਂ!
ਪੁੱਠੇ ਆਕਾਸ਼ 'ਤੇ ਸਿੱਧਾ ਤੁਰ ਪੈਂਦਾ ਹਾਂ
ਸਰਕਸ ਦੇ ਜਾਲ 'ਤੇ ਤੁਰਦੀ ਕੁੜੀ ਵਾਂਗ
ਮੇਰੇ ਉਪਰ ਹੈ-ਧਰਤੀ ਗੋਲ
ਸਭ ਵਸਤਾਂ ਪੁੱਠੀਆਂ ਲਟਕ ਰਹੀਆਂ
ਰੁੱਖ਼, ਨਦੀਆਂ, ਪਹਾੜ-ਸ਼ਹਿਰ
ਤੇ ਰਸੋਈਆਂ ਵੀ
ਮੈਂ ਇਹ ਕੀ ਵੇਖ ਰਿਹਾਂ!!!
ਪੁੱਠੀਆਂ ਲਟਕ ਰਹੀਆਂ ਵਸਤਾਂ ਵਿੱਚ
ਵਿਆਹ ਸਿੱਧਾ ਤੁਰ ਰਿਹੈ
ਚੀਖ਼ ਮਾਰਦਾ ਹਾਂ
ਸਭ ਪਤੀਆਂ ਨੂੰ ਸੁਣਾਉਂਦਾ ਹਾਂ।

### ਮੰਗਲ ਸੂਤਰ ਵਾਲੀਆਂ ਮੱਛੀਆਂ

ਜਦੋਂ ਤੂੰ
ਔਰਤ ਤੂੰ-ਪਣ ਵਿੱਚ ਹੁੰਦੀ ਹੈਂ
ਮੈਂ ਤੇਰੇ ਦੁਆਰ 'ਚ
ਖੇਡ ਰਿਹਾ ਮਾਛੀ ਬੱਚਾ ਹੁੰਦਾ ਹਾਂ
ਜਦ ਤੂੰ
ਪਤਨੀ ਤੂੰ-ਪਣ ਵਿੱਚ ਹੁੰਦੀ ਹੈਂ
ਮੈਂ ਤੇਰੀ ਤਪਸ਼ ਭੁੱਜਿਆ
ਤੇਰਾ ਸੀ-ਵੂਡ ਹੋ ਜਾਂਦਾ ਹਾਂ।



## ਪ੍ਰੇਮ ਮਾਨ ਦੀਆਂ ਦੋ ਗ਼ਜ਼ਲਾਂ

ਅਸਾਂ ਤਾਂ ਦਰ ਸੀ ਖੁੱਲੇ ਛੱਡੇ, ਕਿਸਨੇ ਲਾਏ ਤਾਲੇ?
ਅਸੀਂ ਤਾਂ ਲਾਕੇ ਬੈਠੇ ਆਸਾਂ ਆਵਣਗੇ ਘਰ ਵਾਲੇ!
ਜਿਨ੍ਹਾਂ ਨਾ ਆਪਣਾ ਮਨ ਬਣਾਇਆ ਕਿਸ ਕੰਢੇ ਤੇ ਜਾਣਾ,
ਆਰ ਨਾ ਲੱਗੇ, ਪਾਰ ਨਾ ਲੱਗੇ, ਰਹਿ ਗਏ ਵਿੱਚ ਵਿਚਾਲੇ।
ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ, ਕੰਨ ਪੜਵਾਈ ਬੈਠੇ,
ਰਸਤੇ ਦੇ ਵਿੱਚ ਡਿਗ ਕੇ ਮਰ ਗਏ ਨਿੱਕੀਆਂ ਹਿੰਮਤਾਂ ਵਾਲੇ।
ਚੁਣੇ ਜਾਣ ਤੋਂ ਪਹਿਲਾਂ ਲੱਗਣ ਜੀਕੂੰ ਹੁੰਦੇ ਸਾਧੂ,
ਚੁਣੇ ਜਾਣ ਤੇ ਚੋਰਾਂ ਵਾਂਗੂ ਕਰਦੇ ਘਾਲ-ਮ-ਘਾਲੇ।
ਅਸੀਂ ਤਾਂ ਦੋਵੇਂ ਘਰ ਬੈਠੇ ਸੀ ਸਾਂਝਾ ਵਿਹੜਾ ਕਰਕੇ,
ਕਿਸਨੇ ਆ ਕੇ ਕੰਧਾਂ ਪਾਈਆਂ ਸਾਡੇ ਵਿੱਚ ਵਿਚਾਲੇ?
ਅਸੀਂ ਤਾਂ ਖ਼ੂਨ ਪਸੀਨਾ ਹੋ ਕੇ ਫੁਲਵਾੜੀ ਨੂੰ ਲਾਇਆ,
ਜ਼ੋਰਾ ਜ਼ਰਬੀ ਮਾਲਕ ਬਣ ਗਏ ਰੱਖੇ ਜੋ ਰਖਵਾਲੇ।
ਲਾਲਚ ਦੇ ਵਿੱਚ ਖੁੱਭੇ ਰਹਿੰਦੇ ਛੋਟੇ ਜਿਹੇ ਦਿਲ ਵਾਲੇ,
ਸਭ ਕੁਝ ਕਰਨ ਨਿਛਾਵਰ ਅਪਣਾ ਵੱਢੀਆਂ ਰੂਹਾਂ ਵਾਲੇ।

*****

ਮਿਲਦਾ ਏਂ ਤਾਂ ਮਿਲਿਆ ਕਰ ਮੋਹ ਭਰੇ ਇਨਸਾਨ ਵਾਂਗ।
ਮੈਨੂੰ ਨਾ ਮਿਲਿਆ ਤੂੰ ਕਰ ਓਪਰੇ ਅਹਿਸਾਨ ਵਾਂਗ।
ਫ਼ਾਸਲੇ ਹੁਣ ਖ਼ਤਮ ਕਰ, ਦੂਰੀਆਂ ਨੂੰ ਛੱਡ ਦੇ,
ਹੁਣ ਨਾ ਮੈਨੂੰ ਮਿਲਿਆ ਕਰ ਓਪਰੇ ਮਹਿਮਾਨ ਵਾਂਗ।
ਫੁੱਲ ਦੀ ਖੁਸ਼ਬੋ ਦੇ ਵਾਂਗ ਮਿਲਣ ਦੀ ਗੱਲ ਕਰਿਆ ਕਰ,
ਐਵੇਂ ਨਾ ਮਿਲਿਆ ਤੂੰ ਕਰ ਫਿੱਕੀ ਜਿਹੀ ਮੁਸਕਾਨ ਵਾਂਗ।
ਤੂੰ ਤਾਂ ਕੋਈ ਰਹਿਮ ਕਰ, ਤੂੰ ਕੋਈ ਜਲਵਾ ਦਿਖਾ,
ਕਾਸਤੋਂ ਬਣਿਆਂ ਏਂ ਪੱਥਰ ਤੂੰ ਕਿਸੇ ਭਗਵਾਨ ਵਾਂਗ?
ਚਾਹਤ ਹੋਵੇ ਜੇ ਮਿਲਣ ਦੀ, ਦਰ ਤੇ ਦਸਤਕ ਦੇ ਦਿਆ ਕਰ,
ਭੇਜਿਆ ਨਾ ਕਰ ਸੁਨੇਹਾ ਐਵੇਂ ਹੁਕਮਕਾਨ ਵਾਂਗ।
ਮਿਲਦਾ ਏਂ ਤਾਂ ਮਿਲਿਆ ਕਰ ਭਖ਼ਦੇ ਜਿਹੇ ਅੰਗਿਆਰ ਵਾਂਗ,
ਮਿਲਿਆ ਨਾ ਕਰ ਜੰਮੀ ਹੋਈ ਬਰਫ਼ ਦੀ ਚਟਾਨ ਵਾਂਗ।
ਮਿਲਦਾ ਏਂ ਤਾਂ ਮਿਲਿਆ ਕਰ ਤੂੰ ਕਿਸੇ ਤਿਓਹਾਰ ਵਾਂਗ,
ਇਹ ਕੀ ਹੋਇਆ ਮਿਲਣ ਐਵੇਂ ਕਿਸੇ ਕਬਰਸਤਾਨ ਵਾਂਗ?
ਮਿਲਿਆ ਕਰ ਬਰਸਾਤ ਦੀ ਕਿਣਮਿਣ ਦੇ ਵਾਂਗੂ ਦੇਰ ਤੱਕ,
ਮਿਲਿਆ ਨਾ ਕਰ ਪਲ ਦੋ ਪਲ ਲਈ ਤੂੰ ਕਿਸੇ ਤੂਫ਼ਾਨ ਵਾਂਗ।

## ਹਉਂਕਾ/ਸਤਪਾਲ ਭੀਖੀ

ਇਕ ਹਉਂਕਾ ਉੱਠਿਆ
ਧੁਰ ਅੰਦਰੋਂ
ਘੋਰ ਸੰਵੇਦਨਾਵਾਂ
ਤੇ ਵੇਗਾਂ ਨੂੰ
ਲੈ ਆਇਆ ਹੈ ਨਾਲ

ਅੰਦਰ ਕਿਧਰੇ
ਸਿਮਟੇ ਜ਼ਖ਼ਮ
ਆ ਗਏ ਬਾਹਰ
ਖੂਹ 'ਚੋਂ ਬਾਹਰ ਆਈ
ਭਰੀ ਪਾਣੀ ਦੀ ਡੋਲ ਵਾਂਗਰਾਂ

ਇਕੋ ਹਉਂਕੇ ਨਾਲ
ਬਾਹਰ ਆ ਗਿਆ
ਸਾਲਮ ਸਬੂਤਾ ਵਜੂਦ
ਵਜੂਦ ਤੇ ਚੁਭੀਆਂ
ਛਿਲਤਰਾਂ ਹੀ ਛਿਲਤਰਾਂ
ਪਲ-ਪਲ ਲਹੂ-ਲੁਹਾਨ
ਦਗੇ ਫਰੇਬ
ਧੋਖਾਧੜੀਆਂ
ਹੇਰਾ ਫੇਰੀਆਂ
ਆ ਬੈਠੀਆਂ ਸਾਹਮਣੇ
ਇਕੋ ਹਉਂਕੇ ਨਾਲ
ਵੇਖ ਰਿਹਾਂ ਨੰਗਾ ਵਜੂਦ
ਸੀਖ ਤੇ ਟੰਗੇ ਕਬਾਬ ਵਾਂਗੂੰ

ਹਉਂਕਾ
ਇਕ ਹੀ ਬੜਾ
ਮੌਤ ਲਈ!
ਜੀਵਨ ਲਈ!!
ਸੰਘਰਸ਼ ਲਈ!!!

---

## ਅੱਖ/ਅੰਮ੍ਰਿਤ ਸਮਿਤੋਜ

ਦੋ ਅੱਖਾਂ ਨਾਲ
ਉਹ ਦੇਖੇ ਸੰਸਾਰ ਨੂੰ
ਤੇ ਸੰਸਾਰ ਉਸਨੂੰ.....।
ਤੀਸਰੀ ਅੱਖ
ਉਸਦੇ ਮਸਤਕ 'ਚ
ਜਦ ਕਦੇ ਖੁੱਲ੍ਹੇ
ਆਪਣੇ ਆਪ ਨੂੰ ਦੇਖੇ
ਤੇ ਪ੍ਰਮਾਰਥ ਦਾ ਰਾਹ ਲੱਭੇ
ਚੌਥੀ ਅੱਖ ਉਸਦੀ
ਨਾਭੀ ਤੋਂ ਗਿਠ ਕੁ ਹੇਠਾਂ
ਮਹੀਨੇ 'ਚ ਕਈ ਦਿਨ
ਖੂਨ ਦੇ ਅੱਥਰੂ ਕੇਰੇ
ਉਹ ਅੱਖ ਸਿਰਜਦੀ ਹੈ
ਸੰਸਾਰ ਨੂੰ
ਤੇ
ਸੰਸਾਰ ਸਿਰਜਦੀ ਹੈ
ਹੋਰ ਅਨੇਕਾਂ ਅੱਖਾਂ.......।

## ਰਿਸ਼ੀਵਰ! ਸਮੁੰਦਰ!!/ ਨਰਿੰਦਰਪਾਲ ਕੌਰ

ਨਦੀ ਦੇ ਹੱਥਾਂ 'ਚ
ਨੀਰ ਦਾ ਕੰਪਨ
ਮਸਤਕ 'ਚ ਸੂਰਜ ਦੀ ਲਾਲੀ
ਤੈਨੂੰ ਅਰਪਣ ਨੇ ਸਾਰੇ......।
ਨਦੀ ਦੀ ਬੁਕਲ 'ਚ
ਰੋੜ ਨੇ...
ਪੱਥਰ ਨੇ
ਘੋਗੇ ਨੇ
ਤੇ ਸਿਪੀਆਂ ਵੀ
ਸਿਪੀ 'ਚ ਬੰਦ ਮੋਤੀ ਵੀ
ਕਾਈ ਹੈ, ਤੇ ਕਮਲ ਵੀ
ਪੈਰਾਂ 'ਚ ਵਿਛੀ ਗਾਰ ਵੀ
ਕਲਕਲ ਦਾ ਸਫਰ ਵੀ
ਸਭ ਕੁਝ ਕਬੂਲ ਕਰ।
ਤਾਂ ਮਨ ਨੂੰ,
ਮਨ ਦੀ ਛੋਹ ਮਿਲੇ...
ਰੂਹ ਨੂੰ ਰੂਹ ਮਿਲੇ....

---



## ਲੋਰੀ ਦਾ ਤਲਿੱਸਮ/ਮਨੀ ਸਿੱਧੂ

ਰਹਿਣ ਦੇ ਸਾਬਤ
ਮੇਰੇ ਮਿੱਟੀ ਦੇ ਮੋਰ
ਜਿਉਣ ਦੇ ਭਰਮ
ਕਿ ਚਰਖੇ ਦੀ ਘੂਕ ਸੁਣ
ਯੋਗੀ ਪਹਾੜੋਂ ਉਤਰਣ
ਜਾਗਣ ਦੇ ਮੈਨੂੰ
ਬੰਦ ਅੱਖਾਂ ਨਾਲ
ਨਾ ਤੋੜ ਮੋਈ ਮਾਂ
ਦੀ ਲੋਰੀ ਦਾ ਤਲਿੱਸਮ
ਗੂਜਣ ਦੇ ਚੁੱਪ 'ਚ
ਹਨੇਰਾ ਹੋਣ ਦੇ ਗੂਹੜਾ
ਸ਼ਬਦਾਂ ਨੂੰ ਟਹਿਲਣ ਦੇ
ਛੱਤ ਤੇ
ਮਰਨ ਦੇ ਕਵੀ ਨੂੰ
ਨਿਸ਼ਬਦ
ਰਹਿਣ ਦੇ ਸਾਬਤ
ਮੇਰੇ ਮਿੱਟੀ ਦੇ ਮੋਰ

---

## ਸਾਡਾ ਗੋਰਕੀ/ਰਾਜਵਿੰਦਰ ਮੀਰ

ਅਸੀਂ ਸੋਚਿਆ
ਇੱਕ ਗੋਰਕੀ ਬਣਾ ਲਈਏ

ਥੋੜ੍ਹੇ 'ਚੋਂ ਥੋੜ੍ਹਾ
ਬਹੁਤੇ 'ਚੋਂ ਬਹੁਤਾ ਦੇ ਕੇ
ਵਿਚਾਰੇ ਗਰੀਬ ਨੂੰ
ਕੋਲ ਬਿਠਾ ਲਈਏ

ਸਾਡਾ ਗੋਰਕੀ
ਛੋਟਾ ਗੋਰਕੀ
ਛੇਤੀ ਹੀ
ਸਾਡੇ ਵਾਂਗ ਬੋਲਣਾ ਸਿੱਖ ਗਿਆ
ਜੀਵਨ ਦਿਆਂ ਰਾਹਾਂ 'ਤੇ
ਇੱਧਰ ਮੁੜਿਆ-ਉੱਧਰ ਮੁੜਿਆ
ਫਿਰ ਰੁਕ ਗਿਆ।

ਸਾਡਾ ਗੋਰਕੀ
ਛੋਟਾ ਗੋਰਕੀ
ਇੱਕ ਦੋ ਕਵਿਤਾਵਾਂ ਦੇ ਕੇ
ਮੁੱਕ ਗਿਆ।

---

## ਰੰਗਾ ਸੰਗ/ਅਵਤਾਰ ਖਹਿਰਾ

ਚੁੱਪ 'ਚੋਂ ਸੁਣਦੀਆਂ 'ਵਾਜ਼ਾਂ
ਹਵਾ 'ਚ ਬਿਖਰੇ ਰੰਗ
ਕਿੰਨੇ ਨੇ ਅੰਗ-ਸੰਗ
ਬੋਲਦੀਆਂ ਤੇ ਸੁਣਦੀਆਂ 'ਵਾਜ਼ਾਂ
ਹਰਫ਼ਾਂ ਤੇ ਤਸਵੀਰਾਂ ਵਿੱਚ ਚਿਹਰੇ ਰੰਗ
ਕਿੰਨੇ ਨੇ ਅੰਗ ਭੰਗ
ਕੁਝ ਯਾਦਾਂ
ਦਿਲ ਦਾ ਜ਼ਖ਼ਮ ਬਣੀਆਂ
ਰਿਸਦੀਆਂ ਹਰਦਮ
ਕੁਝ ਯਾਦਾਂ
ਦੁੱਖਾਂ ਦੀਆਂ
ਸਦੀਵੀਂ ਬਣੀਆਂ ਭੁੱਖਾਂ ਦੀਆਂ
ਆਉਂਦੀਆਂ ਤਾਂ ਸੁੱਖ ਜਿਹਾ ਦਿੰਦੀਆਂ
ਖਣਕਾਉਂਦੀਆਂ ਵੰਗ
ਫਿੱਕਿਆਂ ਤੋਂ ਗੂਹੜੇ ਹੁੰਦੇ
ਗੂਹੜਿਆਂ ਤੋਂ ਫਿੱਕੇ ਹੁੰਦੇ
ਰਹਿੰਦੇ ਰੰਗ
ਜ਼ਿੰਦਗੀ ਰੰਗਾਂ ਸੰਗ।

---

# ਨਵੀਂ ਪੰਜਾਬੀ ਕਹਾਣੀ ਵਿੱਚ ਸ਼ੈਲੀ ਅਤੇ ਜੁਗਤ ਪੱਖੋਂ ਆਏ ਬਦਲਾਵ

**-ਡਾ. ਧਨਵੰਤ ਕੌਰ**

ਪੰਜਾਬੀ ਵਿੱਚ ਇਸ ਸਮੇਂ ਅੰਦਾਜ਼ਨ ਢਾਈ ਸੌ ਤੋਂ ਵੱਧ ਕਹਾਣੀਕਾਰ ਕਹਾਣੀ ਲਿਖ ਰਹੇ ਹਨ । ਅਖ਼ਬਾਰਾਂ, ਰਸਾਲਿਆਂ ਅਤੇ ਕਿਤਾਬਾਂ ਵਿਚਲੀ ਛਪਣ ਸਪੇਸ ਦਾ ਹਿਸਾਬ ਲਾਈਏ ਤਾਂ ਕਹਾਣੀ ਦੀ ਵਿਧਾ ਸਭ ਤੋਂ ਵਧੇਰੇ ਸਪੇਸ ਮੱਲਦੀ ਵਿਖਾਈ ਦਿੰਦੀ ਹੈ। ਇਹ ਸਥਿਤੀ ਨਿਰੋਲ ਪੰਜਾਬੀ ਸਾਹਿਤ ਦੀ ਨਹੀਂ। ਵਿਸ਼ਵ ਸਾਹਿਤ ਵਿੱਚ ਵੀ ਕਹਾਣੀ ਨੂੰ ਇਸ ਵੇਲੇ ਸਾਹਿਤਕ ਜਗਤ ਦਾ ਨੈਪੋਲੀਅਨ ਕਿਹਾ ਜਾਂਦਾ ਹੈ। ਬਹੁਲਤਾ ਦੇ ਇਸ ਸਭਿਆਚਾਰ ਵਿੱਚ ਜਿਥੇ ਚੀਜ਼ਾਂ ਵਸਤਾਂ ਦੇ ਨਾਲ ਨਾਲ ਸਧਾਰਨ ਲੋਕਾਈ ਦੀਆਂ ਲੋੜਾਂ, ਖਾਹਿਸ਼ਾਂ, ਮੁਸੀਬਤਾਂ ਤੇ ਮਹੱਤਵ ਅਕਾਂਖਿਆਵਾਂ ਦੀ ਵੀ ਬਹੁਤਾਤ ਹੈ, ਕਹਾਣੀ ਸਭ ਤੋਂ ਵੱਧ ਨਿੱਜਤਾ ਅਤੇ ਜੁੰਬਸ਼ ਵਾਲੀ ਵਿਧਾ ਬਣ ਕੇ ਉਭਰੀ ਹੈ। ਕਹਾਣੀ ਚਿੰਤਕਾਂ ਨੂੰ ਇਸ ਵਿਧਾ ਦੀ ਲੋਕਪ੍ਰਿਯਤਾ ਤੇ ਸਰਵਭੌਮਿਕਤਾ ਦਾ ਰਾਜ਼ ਇਸਦੀ ਰਚਨਾਤਮਕ ਸੌਖ ਵਿੱਚ ਲੱਭਿਆ ਹੈ। The State of the Short Story 'ਚ Aleksander Hemon ਲਿਖਦਾ ਹੈ: It is easier to risk with a short story, it is easier to try and it is easier to fail.

ਬਾਕੀ ਸਾਹਿਤਕ ਵਿਧਾਵਾਂ ਦੇ ਮੁਕਾਬਲੇ ਕਹਾਣੀ ਦੀ ਬਿਰਤੀ ਤੇ ਪ੍ਰਕਿਰਤੀ ਏਨੀ ਸਰਲ, ਤਰਲ, ਲਚਕੀਲੀ ਤੇ ਸੁਵਿਧਾਜਨਕ ਹੈ ਕਿ ਏਨੀ ਤਾਦਾਦ ਵਿੱਚ ਕਹਾਣੀ ਲਿਖੀ ਜਾਣ ਦੇ ਬਾਵਜੂਦ, ਰਚਨਾਤਮਕ ਰੀਤੀਆਂ ਪੈਟਰਨਾਂ ਤੇ ਆਸ਼ਰਿਤ ਹੋਣ ਵਾਲੇ ਸਾਹਿਤ ਸ਼ਾਸਤਰ ਵਿੱਚ ਇਹ ਵਾਕ ਵਾਰ ਵਾਰ ਦੁਹਰਾਇਆ ਜਾਂਦਾ ਹੈ ਕਿ ਕਹਾਣੀ ਦਾ ਕੋਈ ਸਿਧਾਂਤ ਨਹੀਂ। ਤਕਨੀਕੀ ਤੌਰ ਤੇ ਇਹ ਪ੍ਰਵਾਨ ਕਰਕੇ ਵੀ ਕਿ ਕਹਾਣੀ ਇਕ ਸਾਹਿਤਕ ਰੂਪਾਕਾਰ ਹੈ, ਪ੍ਰਗਟਾ ਰੂਪ ਨਹੀਂ, ਇਸਨੂੰ ਪਰਭਾਸ਼ਤ ਕਰਨ ਲਗਿਆਂ ਰੂਪ ਤੇ ਰੂਪਾਕਾਰ ਦੇ ਲੱਛਣ ਰਲਗੱਡ ਹੁੰਦੇ ਰਹੇ ਹਨ। ਇਸਨੂੰ ਪਰਿਭਾਸ਼ਤ ਤੇ ਸਿਧਾਂਤਬੱਧ ਕਰਦਿਆਂ ਕਦੇ ਨਾਵਲ, ਨਾਟਕ, ਗੀਤ, ਸੰਸਮਰਣ, ਰੇਖਾ ਚਿਤਰ, ਜੀਵਨੀ, ਸਵੈ-ਜੀਵਨੀ ਆਦਿ ਰੂਪਾਕਾਰਾਂ ਦੇ ਸਮਵਿਥ ਰੱਖ ਕੇ ਪਛਾਣਿਆ ਜਾਂਦਾ ਹੈ ਤੇ ਕਦੇ ਇਸਨੂੰ ਕਹਾਣੀ ਦੀ ਕਰਿੰਗੜੀ ਵਿੱਚੋਂ ਕੱਢਣ ਦਾ ਯਤਨ ਕੀਤਾ ਜਾਂਦਾ ਹੈ। ਮਨੁੱਖੀ ਜਜ਼ਬਿਆਂ ਅਤੇ ਹਾਲਤਾਂ ਵਿਚਲੀ ਦਿਲਗੀਰੀ ਨੂੰ ਕਸ਼ੀਦਦੀ ਇਹ ਗੀਤ ਵਰਗੀ ਜਾਪਦੀ ਹੈ। ਨਾਵਲ ਵਿੱਚ ਪੇਸ਼ ਹੋਣ ਵਾਲੇ ਸਮੱਸਿਆਵਾਂ ਦੇ ਵੱਡੇ ਇੰਦਰਜਾਲ ਵਿੱਚੋਂ ਇੱਕ ਅੱਧ ਸਮੱਸਿਆ ਨੂੰ ਚਿਤਰਦੀ ਇਹ ਨਾਵਲ ਰੂਪੀ ਫਿਲਮ ਦਾ ਇਕ ਐਪੀਸੋਡ ਲਗਣ ਲਗਦੀ ਹੈ। ਮਨੁੱਖ ਦੀ ਨਿੱਜੀ ਜ਼ਿੰਦਗੀ ਦੀਆਂ ਇਤਲਾਹਾਂ ਦਿੰਦੀ ਇਹ ਵਾਰਤਕ ਦੇ ਹੋਰ ਰੂਪਾਂ ਦੇ ਨੇੜੇ ਜਾ ਖਲੋਂਦੀ ਹੈ ਤੇ ਕਾਹਲੀ ਕਾਹਲੀ ਅੰਤ ਵੱਲ ਵਧਦਿਆਂ ਤੇ ਅੰਤ ਤੇ ਪਰਤਵੀਂ ਲਿਸ਼ਕੋਰ ਮਾਰਦਿਆਂ ਇਹ ਨਾਟਕ ਵਰਗੀ ਜਾਪਣ ਲਗਦੀ ਹੈ। ਸ਼ੈਲੀ ਤੇ ਜੁਗਤ ਪੱਖੋਂ ਬਦਲਾਵ ਦੀ ਜਿੰਨੀ ਖੁੱਲ੍ਹ ਤੇ ਜਿੰਨੀ ਗੁੰਜਾਇਸ਼ ਕਹਾਣੀ ਦੀ ਵਿਧਾ ਨੂੰ ਮਿਲਦੀ ਹੈ, ਓਨੀ ਕਿਸੇ ਵੀ ਹੋਰ ਵਿਧਾ ਦੇ ਹਿੱਸੇ ਨਹੀਂ ਆਉਂਦੀ।

ਕਹਾਣੀ ਦੀ ਸਿਧਾਂਤਕਾਰੀ ਵਿੱਚ ਇਹ ਉਕਤੀ ਆਮ ਪ੍ਰਚਲਿਤ ਹੈ ਕਿ ਇੱਕੋ ਕਹਾਣੀ ਹਜ਼ਾਰ ਢੰਗ ਨਾਲ ਕਹੀ ਜਾ ਸਕਦੀ ਹੈ। ਸੰਸਾਰ ਇਸ ਗੱਲ ਦਾ ਵੀ ਗਵਾਹ ਹੈ ਕਿ ਸੰਸਾਰ ਦੀ ਹਰ ਉਤਮ ਕਹਾਣੀ ਨੇ ਬਿਰਤਾਂਤਕ ਪ੍ਰਗਟਾ ਪੱਖੋਂ ਕਿਸੇ ਅਦੁੱਤੀ ਸੰਭਾਵਨਾ ਨੂੰ ਉਜਾਗਰ ਕੀਤਾ ਹੈ ਅਤੇ ਕਿਸੇ ਵੀ ਅਜਿਹੀ ਸੰਭਾਵਨਾ ਦੀ ਉਸਾਰੀ ਵਿੱਚ ਪਹਿਲੀ ਵਰਤੀ ਰਚਨਾ ਵਿਧੀ ਦਾ ਹੂਬਹੂ ਦੁਹਰਾਓ ਵਿਖਾਈ ਨਹੀਂ ਦਿੱਤਾ। ਹਾਲਾਂਕਿ ਇਸ ਦਾ ਭਾਵ ਇਹ ਕਦਾਚਿਤ ਨਹੀਂ ਕਿ ਉਤਮ ਕਹਾਣੀ ਵਿੱਚੋਂ ਇਸ ਵਿਧਾ ਦੀਆਂ ਪਰੰਪਰਾਗਤ ਰੀਤੀਆਂ ਦੀ ਭਾਲ ਦਰਕਾਰ ਹੈ (ਹਰ ਉਤਮ ਕਹਾਣੀ ਇਨ੍ਹਾਂ



ਰੀਤੀਆਂ ਦੀ ਸਾਂਝ ਕਰਕੇ ਹੀ ਇਸ ਵਿਧਾ ਵਿੱਚ ਡੀਕੋਡ ਹੋ ਸਕੀ ਹੈ) ਜਾਂ ਕਹਾਣੀ ਇਤਿਹਾਸ ਵਿੱਚ ਕੋਈ ਰਚਨਾ ਵਿਧੀ ਕਦੇ ਦੁਹਰਾਈ ਹੀ ਨਹੀਂ ਗਈ (ਔਸਤ ਤੇ ਮੱਧਮ ਦਰਜੇ ਦੀ ਰਚਨਾਤਮਕਤਾ ਹਮੇਸ਼ਾਂ ਹੀ ਸਥਾਪਤ ਕਥਾ ਮਾਡਲਾਂ ਦੇ ਦੁਹਰਾਓ ਦੇ ਪ੍ਰਲੋਭਨ ਵਿਚ ਗ੍ਰਸੀ ਰਹੀ ਹੈ)। ਇਹ ਤੈਅ ਹੈ ਕਿ ਕਹਾਣੀ ਵਿਧਾ ਦੀਆਂ ਆਪਣੀਆਂ ਸੁਨਿਸ਼ਚਿਤ ਰਚਨਾਤਮਕ ਰੀਤੀਆਂ ਹਨ ਪਰ ਨਾਲ ਹੀ ਇਹ ਵੀ ਸੱਚ ਹੈ ਕਿ ਕਹਾਣੀ ਦੀ ਵਿਧਾ ਨੇ ਆਪਣੇ ਥੀਮਗਤ ਸਰੋਕਾਰਾਂ, ਦ੍ਰਿਸ਼ਟੀਗਤ ਪਸਾਰਾਂ ਅਤੇ ਸੰਚਾਰਗਤ ਬਦਲਾਵਾਂ ਵਿੱਚ ਅਥਾਹ ਵੰਨ-ਸੁਵੰਨਤਾ ਦਾ ਇਜ਼ਹਾਰ ਕੀਤਾ ਹੈ।

ਇਸ ਪਰਚੇ ਦਾ ਮਨੋਰਥ ਨਵੀਂ ਪੰਜਾਬੀ ਕਹਾਣੀ ਵਿੱਚ ਸ਼ੈਲੀ ਤੇ ਜੁਗਤ ਪੱਖੋਂ ਆਏ ਬਦਲਾਵਾਂ ਦੀ ਨਿਸ਼ਾਨਦੇਹੀ ਹੀ ਕਰਨਾ ਹੈ। ਵਿਸ਼ੇ ਦੀਆਂ ਕੁਝ ਸੀਮਾਵਾਂ ਹਨ। ਪਹਿਲੀ ਸੀਮਾ ਪੰਜਾਬੀ ਕਹਾਣੀ ਨਾਲ ਲੱਗੇ ਵਿਸ਼ੇਸ਼ਣ 'ਨਵੀਂ' ਕਰਕੇ ਹੈ। 'ਨਵੀਂ', 'ਨਵੀਨ', 'ਸਮਕਾਲੀਨ' ਸੰਕਲਪਾਂ ਦੀ ਕਾਲਪਰਕਤਾ ਨੂੰ ਧਿਆਨ ਵਿੱਚ ਰਖਦਿਆਂ ਅਤੇ ਨਿਕਟਭੂਤ ਵਿੱਚ ਕਿਸੇ ਇਤਿਹਾਸਕ ਵਿਚਾਰਧਾਰਕ ਵੱਢ ਦੀ ਅਣਹੋਂਦ ਵੇਖਦਿਆਂ ਮੈਂ ਨਵੀਂ ਕਹਾਣੀ ਤੋਂ ਭਾਵ ਪਿਛਲੇ ਪੰਜ ਕੁ ਸਾਲ ਦੀ ਕਹਾਣੀ ਨੂੰ ਹੀ ਮਿਥ ਲਿਆ ਹੈ। ਦੂਜੀ ਸੀਮਾ ਪਰਚੇ ਦੇ ਕਹਾਣੀ ਦੀ ਸ਼ੈਲੀ ਤੇ ਜੁਗਤ ਪੱਖ ਆਏ ਬਦਲਾਵਾਂ ਤੇ ਕੇਂਦ੍ਰਿਤ ਹੋਣ ਦੀ ਹੈ। ਇਸ ਧਾਰਨਾ ਦੀ ਕਾਇਲ ਹੋਣ ਦੇ ਬਾਵਜੂਦ ਕਿ ਹਰ ਬਿਰਤਾਂਤਕ ਵੱਥ ਆਪਣਾ ਬਿਰਤਾਂਤਕ ਅੰਦਾਜ਼ ਖ਼ੁਦ ਲੈ ਕੇ ਆਉਂਦੀ ਹੈ, ਮੈਂ ਨਵੀਂ ਪੰਜਾਬੀ ਕਹਾਣੀ ਦੇ ਵਿਸ਼ਾ ਵਸਤੂ ਨੂੰ ਵਿਚਾਰਨੋਂ ਗੁਰੇਜ਼ ਕਰਾਂਗੀ। ਨਵੀਂ ਪੰਜਾਬੀ ਕਹਾਣੀ ਦੇ ਸਰੋਕਾਰਾਂ, ਸੰਦਰਭਾਂ, ਪਰਿਪੇਖਾਂ, ਪਸਾਰਾਂ ਜਾਂ ਇਨ੍ਹਾਂ ਵਿੱਚੋਂ ਉਭਰਦੀਆਂ ਅੰਤਰਦ੍ਰਿਸ਼ਟੀਆਂ ਨੂੰ ਵਿਚਾਰਨ ਦੀ ਥਾਂ ਮੈਂ ਨਵੀਂ ਕਹਾਣੀ ਦੇ ਰਚਨਾਤਮਕ ਉਦੇਸ਼, ਤਾਸੀਰ ਅਤੇ ਮੁਹਾਵਰੇ ਦੇ ਉਪਰ ਹੀ ਧਿਆਨ ਕੇਂਦਰਿਤ ਕਰਾਂਗੀ। ਤੀਜੀ ਸੀਮਾ ਪਰਚੇ ਦਾ ਅਕਾਰ ਤੇ ਕਹਾਣੀ ਵਿਧਾ ਦਾ ਵਿਸਥਾਰ ਹੈ। ਨਵੀਂ ਕਹਾਣੀ ਵਿੱਚ ਬਦਲਾਵ ਦੇ ਨਕਸ਼ ਲੱਭਣ ਲਈ ਇਸ ਸਮੇਂ ਦੀ ਕਹਾਣੀ ਦਾ ਵੱਡਾ ਹਿੱਸਾ ਭਾਵੇਂ ਪਰਚੇ ਦੀ ਅਧਾਰ ਸਮੱਗਰੀ ਬਣਿਆ ਹੈ ਪਰ ਧਾਰਨਾਵਾਂ ਦੀ ਪੁਸ਼ਟੀ ਲਈ ਮੈਂ ਅਸਲੋਂ ਸੀਮਤ ਪਾਠ ਹੀ ਉਧਰਿਤ ਕਰ ਸਕੀ ਹਾਂ।

ਪੰਜਾਬੀ ਕਹਾਣੀ ਸੰਚਾਰ ਵਿੱਚ ਬਦਲਾਵ ਦੇ ਟੋਹ ਚਿੰਨ੍ਹ ਲੱਭਣ ਤੇ ਧਾਰਨਾਵਾਂ ਫਰੇਮ ਕਰਨ ਲਈ ਕਹਾਣੀ ਪੜ੍ਹਦਿਆਂ ਮੇਰੀ ਪਹਿਲੀ ਧਾਰਨਾ ਇਹ ਬਣੀ ਹੈ ਕਿ ਸਾਹਿਤ ਦੀਆਂ ਬਾਕੀ ਸਾਰੀਆਂ ਵਿਧਾਵਾਂ ਦੇ ਮੁਕਾਬਲੇ ਨਵੀਂ ਪੰਜਾਬੀ ਕਹਾਣੀ ਆਪਣੇ ਬਹੁਪੱਖੀ, ਬਹੁਪਰਤੀ, ਬਹੁਸੁਰੀ ਬਿਰਤਾਂਤਕ ਮੂਡ ਕਰਕੇ ਪੰਜਾਬੀ ਸਮਾਜ ਦੇ, ਪੰਜਾਬੀ ਬੰਦੇ ਦੇ, ਪੰਜਾਬੀ ਮਨ ਦੇ ਵਧੇਰੇ ਨੇੜੇ ਹੈ। ਪੰਜਾਬ ਦੇ ਇਤਿਹਾਸਕ ਉਜਾੜੇ, ਆਰਥਿਕ ਮੰਦਵਾੜੇ ਤੋਂ ਲੈ ਕੇ ਜ਼ਿੰਦਗੀ ਦਾ ਹਰ ਪੱਖ ਇਸਦੇ ਕਲੇਵਰ ਵਿੱਚ ਹੈ। ਪੰਜਾਬ ਦੀ ਟੁੱਟੀ ਥੁੜੀ ਕਿਸਾਨੀ, ਬੇਰੁਜ਼ਗਾਰੀ ਤੇ ਨਸ਼ਿਆਂ ਮੂੰਹ ਆਈ ਜਵਾਨੀ, ਪਰਵਾਸੀ ਹੋਏ ਪੰਜਾਬੀ, ਹਾਸ਼ੀਅਤ ਹੋਏ ਦਲਿਤ ਅਤੇ ਔਰਤ, ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਕਿਸੇ ਵੀ ਉਮਰ ਜਾਤ ਜਮਾਤ ਕਿੱਤੇ ਦਾ ਪੰਜਾਬੀ ਬੰਦਾ ਆਪਣੇ ਡੂੰਘੇ ਜਜ਼ਬਾਤਾਂ, ਨਿਜਭਾਵੀ ਰਿਸ਼ਤਿਆਂ ਅਤੇ ਵਿਕੋਲਿਤਰੇ ਅਨੁਭਵਾਂ ਸਮੇਤ ਇਸਦੇ ਫੋਕਸ ਵਿੱਚ ਹੈ। ਸ਼ਾਇਦ ਇਸੇ ਕਰਕੇ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਦੇ ਮੁਕਾਬਲੇ ਪਾਠਕ ਨੂੰ ਵਧੇਰੇ ਟੁੰਬਦੀ ਹੈ। ਪਰ ਮੇਰੀ ਜਾਚੇ ਨਵੀਂ ਪੰਜਾਬੀ ਕਹਾਣੀ ਦੇ ਆਕਰਸ਼ਣ ਦਾ ਸ਼੍ਰੇਯ ਕਹਾਣੀ ਦੀ ਵੱਥ ਨਾਲੋਂ ਵੀ ਵੱਧ ਕਹਾਣੀਕਾਰ ਵੱਲੋਂ ਕਹਾਣੀ ਸੰਚਾਰ ਦੌਰਾਨ/ਵਕਤਾ ਸ੍ਰੋਤਾ ਵਿੱਚ ਸਿਰਜੀ ਨਿਰਉਚੇਚ ਅਪਣੱਤ ਨੂੰ ਜਾਂਦਾ ਹੈ।

ਨਵੀਂ ਕਹਾਣੀ ਦੀ ਇਕ ਓਪਰੀ ਪੜ੍ਹਤ ਹੀ ਦੱਸਦੀ ਹੈ ਕਿ ਨਵੇਂ ਕਹਾਣੀਕਾਰ ਦਾ ਮਨਸ਼ਾ ਕਹਾਣੀ ਦੇ ਜ਼ਰੀਏ ਪਾਠਕ ਨੂੰ ਜ਼ਿੰਦਗੀ ਬਾਰੇ ਕੋਈ ਉਪਦੇਸ਼, ਆਦੇਸ਼, ਸੁਝਾਓ ਜਾਂ ਸੁਲਝਾਓ ਦੇਣ ਦਾ ਨਹੀਂ, ਉਸ ਕੋਲ ਤਾਂ ਬੱਸ ਜ਼ਿੰਦਗੀ ਦਾ ਕੋਈ ਰਾਜ਼, ਰਮਜ਼ ਜਾਂ ਨਿਵੇਕਲਾ ਅਨੁਭਵ ਹੈ

ਜਿਸ ਨੂੰ ਉਹ ਪਾਠਕ ਨਾਲ ਸਾਂਝਾ ਕਰਨਾ ਚਾਹੁੰਦਾ ਹੈ। ਉਸਦੀ ਰਚਨਾਤਮਕ ਵਫ਼ਾ ਸਿਰਫ਼ ਤੇ ਸਿਰਫ਼ ਇਸ ਰਾਜ਼/ਰਮਜ਼/ ਅਨੁਭਵ ਨੂੰ ਪਾਠਕ ਤੱਕ ਪੁਚਾਉਣ ਨਾਲ ਹੈ। ਨਵੇਂ ਕਹਾਣੀ ਪਾਠ ਵਿੱਚ ਇਸ ਭੇਦ ਨੂੰ ਦੱਸਣ ਵਾਲੀ ਸਰਲ ਤੇ ਸਪਾਟ ਕਹਾਣੀ ਵੀ ਉਪਲਬਧ ਹੈ, ਅਤਿ ਛਿਲੇ ਤ੍ਰਾਸ਼ੇ ਸੰਗਠਨ ਵਾਲੀ ਕਹਾਣੀ ਵੀ ਪ੍ਰਾਪਤ ਹੈ ਤੇ ਇਹ ਭੇਦ ਜਾਂ ਅਨੁਭਵ ਖਿਲਰੀ, ਬਿਖਰੀ, ਬੇਤਰਤੀਬੀ ਵਾਲੀ ਕਹਾਣੀ ਦੀ ਵੀ ਹੋਂਦ ਵਿਧੀ ਬਣਿਆ ਹੈ। 'ਮੱਕੜੀਆਂ', 'ਟਿਮਕਣੇ' (ਸੁਖਵੰਤ ਕੌਰ ਮਾਨ), 'ਜੁਗਤ' (ਗੁਰਦੇਵ ਰੁਪਾਣਾ), 'ਮਹਾਂਭਾਰਤ' (ਕੇਸਰਾ ਰਾਮ), 'ਬਿਨ ਸਿੰਗੇ ਸਾਨ੍ਹ' (ਪ੍ਰੋ.ਹਰਭਜਨ ਸਿੰਘ), 'ਸੁੱਕੀ ਖੂਹੀ' (ਵੀਨਾ ਵਰਮਾ), 'ਮਾਇਆ ਜਾਲ' (ਤਲਵਿੰਦਰ ਸਿੰਘ), 'ਸਿਰਫ ਇੱਕ ਵਾਰ' (ਪ੍ਰਵੇਸ਼ ਸੰਧੂ), 'ਚਿੱਟੀ ਕਬੂਤਰੀ ਦੀ ਤਸਵੀਰ' (ਜਗਜੀਤ ਬਰਾੜ), 'ਸ਼ੇਰਾਂ ਦਾ ਵਾਨ ਪ੍ਰਸਤ' (ਨ੍ਰਿਪਇੰਦਰ ਰਤਨ), 'ਗੈਪ' (ਪ੍ਰੇਮ ਗੋਰਖੀ), 'ਆਪਣੇ ਆਪਣੇ ਜਜ਼ੀਰੇ' (ਬਲਵੀਰ ਪਰਵਾਨਾ) ਵਰਗੀਆਂ ਬੇਸ਼ੁਮਾਰ ਕਹਾਣੀਆਂ ਦੇ ਨਾਮ ਲਏ ਜਾ ਸਕਦੇ ਹਨ, ਜਿਨ੍ਹਾਂ ਵਿੱਚ ਵਿਸ਼ਾ ਵਸਤੂ ਨੂੰ ਹੱਡੀਂ ਹੰਢਾਏਂ, ਅੱਖੀਂ ਵੇਖੇ, ਜੱਗ ਤੋਂ ਲੁਕਾਏ ਭੇਦ ਬਣਾ ਕੇ ਸੰਚਾਰਿਤ ਕੀਤਾ ਗਿਆ ਹੈ। ਸਿਰਫ ਇਕ ਮਿਸਾਲ ਵਜੋਂ ਜਤਿੰਦਰ ਸਿੰਘ ਹਾਂਸ ਦੀ ਕਹਾਣੀ 'ਪਾਵੇ ਨਾਲ ਬੰਨਿਆ ਹੋਇਆ ਕਾਲ' ਵਿਚਾਰੀ ਜਾ ਸਕਦੀ ਹੈ। ਇਸ ਕਹਾਣੀ ਦੀ ਕਥਾ ਨਾਇਕਾ ਦਾ ਆਪਣਾ ਇਕ ਭੇਦ ਹੈ ਜਿਸਨੂੰ ਉਸਨੇ ਦੁਨੀਆਂ ਤੋਂ ਬਚਾ ਕੇ ਰਖਿਆ ਹੋਇਆ ਹੈ, ਇਸੇ ਭੇਦ ਨੂੰ ਉਸਨੇ ਦੁਨੀਆਂ ਤੋਂ ਬਵਾਹਰੇ ਹੋ ਕੇ ਪਾਲਿਆ ਹੈ। ਇਹ ਭੇਦ ਉਸਦੇ ਜੀਊਣ ਦਾ ਸਬੱਬ ਹੈ। ਜੇ ਇਹ ਭੇਦ ਭੇਦ ਰਹਿੰਦਾ ਹੈ ਤਾਂ ਸਮਝੋ ਉਸਨੇ ਦੁਨੀਆਂ ਜਿੱਤੀ ਹੋਈ ਹੈ, ਪਰ ਜੇ ਇਹ ਭੇਦ ਨਸ਼ਰ ਹੋ ਜਾਂਦਾ ਹੈ ਤਾਂ ਇਹ ਉਸਦੀ ਮੌਤ, ਉਸਦੀ ਹਾਰ, ਉਸਦੀ ਨਮੋਸ਼ੀ ਹੈ। ਇਹ ਭੇਦ, ਜਿਸਨੂੰ ਬਚਾਉਣ ਲਈ ਉਹ ਆਪਦੇ ਢਿਡੋਂ ਜੰਮੇ ਪੁੱਤਰ ਨੂੰ ਜ਼ਹਿਰ ਵੀ ਦੇ ਸਕਦੀ ਹੈ, ਉਹ ਪਾਠਕ ਨਾਲ ਸਾਂਝਾ ਕਰ ਰਹੀ ਹੈ।

ਤਕਨੀਕ ਦੀ ਪੱਧਰ ਤੇ ਕਹਾਣੀਕਾਰ ਦੇ ਇਸ ਰਚਨਾ ਮੰਤਵ ਨੇ ਕਹਾਣੀ ਦੀ ਸ਼ੈਲੀ ਵਿੱਚ ਅਹਿਮ ਤਬਦੀਲੀ ਲਿਆਂਦੀ ਹੈ। ਅਜੋਕੀ ਕਹਾਣੀ ਬਿਰਤਾਂਤ ਸ੍ਰੋਤੇ/ ਪਾਠਕ ਨੂੰ ਕਹਾਣੀ ਸਮਝਾਉਣ, ਸੁਣਾਉਣ ਜਾਂ ਦਿਖਾਉਣ ਦੀ ਥਾਂ ਉਸਨੂੰ ਹਮਰਾਜ਼ ਬਣਾਉਣਾ ਲੋਚਦੀ ਹੈ। ਨਵੀਂ ਕਹਾਣੀ ਆਪਣੇ ਪਾਠਕ ਨੂੰ ਕਹਾਣੀ ਦਾ ਸ੍ਰੋਤਾ ਬਣਨ ਲਈ ਕਈ ਤਰ੍ਹਾਂ ਦਾ ਸੱਦਾ ਦਿੰਦੀ ਹੈ, ਕਈ ਤਰ੍ਹਾਂ ਨਾਲ ਰਿਝਾਉਂਦੀ ਹੈ ਅਤੇ ਕਈ ਤਰ੍ਹਾਂ ਦੇ ਚਕਮੇ ਵੀ ਦਿੰਦੀ ਹੈ। ਉਂਜ ਤਾਂ ਕਹਾਣੀ ਵਿਧਾ ਦੀ ਇਹ ਇਕੋਨਮੀ ਹੈ ਕਿ ਉਸਨੇ ਇਕੋ ਬੈਠਕ ਵਿੱਚ ਤੁਰਤ ਫੁਰਤ ਘਟਨਾਵਾਂ, ਝਲਕਾਂ, ਝਟਕਿਆਂ ਰਾਹੀਂ ਪਾਠਕਾਂ ਦਾ ਹੁੰਗਾਰਾ ਆਪਣੇ ਲਈ ਰਾਖਵਾਂ ਕਰਨਾ ਹੈ, ਉਸਦੇ ਮਨਾਂ ਵਿੱਚ ਪਹਿਲੇ ਲਿਖੇ ਨੂੰ ਮੇਸ ਕੇ ਕੁਝ ਨਵਾਂ ਉਕਰਨਾ ਹੈ। ਕਹਾਣੀ ਵਕਤਾ ਨੂੰ ਪਤਾ ਹੈ/ਪਤਾ ਹੋਣਾ ਚਾਹੀਦਾ ਹੈ ਕਿ ਕਹਾਣੀ ਦਾ ਵਕਤਾ, ਸ੍ਰੋਤਾ ਤੇ ਪਾਤਰ ਤਿੰਨੋਂ ਮੁਖਤਸਰ ਸਮੇਂ ਹੀ ਇਕੱਠੇ ਹੋਏ ਹਨ। ਜੇ ਸਮੇਂ, ਸਥਾਨ ਤੇ ਸਥਿਤੀ ਦੀ ਇਕਸੁਰ ਬੁਣਤ ਉਨ੍ਹਾਂ ਵਿੱਚ ਰਾਬਤਾ ਨਹੀਂ ਬਣਾਉਂਦੀ ਤਾਂ ਉਸਦਾ ਫੋਕਸ ਨਿਹਫਲ ਜਾਵੇਗਾ, ਕਹਾਣੀ ਦਾ ਵਿਸ਼ਾ ਬਿਖਰ ਜਾਵੇਗਾ। ਕਹਾਣੀ ਵਿੱਚ ਕਲਾ ਕਿੱਤੋਂ ਬਾਹਰੋਂ ਨਹੀਂ ਠੋਸੀ ਜਾ ਸਕੇਗੀ, ਉਸਨੂੰ ਵਿਸ਼ੇ ਵਿੱਚੋਂ, ਸਥਿਤੀ ਵਿੱਚੋਂ, ਪਾਤਰ ਵਿੱਚੋਂ ਹੋਂਦਵਾਨ ਹੁੰਦੇ ਹੀ ਵਿਖਾਉਣਾ ਪਵੇਗਾ। ਹਰੇਕ ਦੌਰ ਦੀ ਸਮਰਥ ਕਹਾਣੀ ਦਾ ਪ੍ਰਤਖਣ ਅਜਿਹੇ ਤਰਕਾਂ ਵਿਤਰਕਾਂ ਤੋਂ ਮੂਹਰੇ ਲੰਘ ਕੇ ਹੀ ਸਫਲ ਕਲਾਤਮਕ ਬਿੰਬ ਸਿਰਜ ਸਕਿਆ ਹੈ।

ਨਵੀਂ ਕਹਾਣੀ ਦੀ ਸ਼ੈਲੀ ਵਿੱਚ ਜਿਹੜਾ ਨਵਾਂ ਬਦਲਾਵ ਮੁਖ ਰੂਪ ਵਿੱਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ ਉਹ ਇਹ ਹੈ ਕਿ ਇਸ ਕਹਾਣੀ ਦੇ ਪ੍ਰਤੱਖਣ ਤੇ ਪ੍ਰਗਟਾ ਵਿੱਚ 'ਗੱਲਾਂ' ਇੱਕ ਅਹਿਮ ਜੁਗਤ ਵਜੋਂ ਉਭਰੀਆਂ ਹਨ। ਇਸ ਕਹਾਣੀ ਵਿੱਚ ਪਾਤਰ ਘਟਨਾਵੀ ਕਾਰਜ ਕਰਦੇ ਘੱਟ ਅਤੇ



ਗੱਲਾਂ ਕਰਦੇ ਵੱਧ ਫੋਕਸ ਵਿੱਚ ਹਨ। ਇਹ ਗੱਲਾਂ ਉਹ ਆਪਣੇ ਆਪ ਨਾਲ ਵੀ ਕਰਦੇ ਹਨ, ਦੂਜਿਆਂ ਪਾਤਰਾਂ ਨਾਲ ਵੀ ਕਰਦੇ ਹਨ ਅਤੇ ਬਿਰਤਾਂਤ ਸ੍ਰੋਤਾਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਸ ਨਾਲ ਵੀ ਕਰਦੇ ਹਨ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਨਵੀਂ ਕਹਾਣੀ ਵਿੱਚੋਂ ਗੱਲਾਂ ਇੱਕ ਸ਼ਕਤੀਸ਼ਾਲੀ ਸੰਚਾਰ ਜੁਗਤ ਬਣ ਗਈਆਂ ਹਨ (ਇਸ ਪੇਪਰ ਵਿੱਚ ਕਹਾਣੀ ਪਾਠ ਦੀਆਂ ਜਿੰਨੀਆਂ ਵੀ ਟੂਕਾਂ ਉਧਰਿਤ ਹਨ, ਉਹ ਸਭ ਇਸਦਾ ਪ੍ਰਮਾਣ ਹਨ)। ਕਹਾਣੀ ਇਨ੍ਹਾਂ ਗੱਲਾਂ ਦੇ ਮਾਧਿਅਮ ਰਾਹੀਂ ਜ਼ਿੰਦਗੀ ਨੂੰ ਪੰਨਿਆਂ ਤੇ ਉਕਰ ਰਹੀ ਹੈ, ਇਨ੍ਹਾਂ ਰਾਹੀਂ ਹੀ ਆਪਣੇ ਪਾਠਕ/ਸ੍ਰੋਤਾਂ ਨੂੰ ਹਮਰਾਜ਼ ਬਣਾ ਰਹੀ ਹੈ ਤੇ ਇਨ੍ਹਾਂ ਰਾਹੀਂ ਹੀ ਉਸ ਦੀ ਜ਼ਿੰਦਗੀ ਪ੍ਰਤਿ ਸਮਝ ਨੂੰ ਹੋਰ ਮੁਕੰਮਲ, ਹੋਰ ਸਮਰਥ ਤੇ ਹੋਰ ਤਰੋਤਾਜ਼ਾ ਕਰ ਰਹੀ ਹੈ। Forms of Talk ਵਿੱਚ Erving Goffman ਕਹਿੰਦਾ ਹੈ ਕਿ ਜਦੋਂ ਲੋਕ ਗੱਲਾਂ ਕਰਦੇ ਹਨ ਤਾਂ ਉਨ੍ਹਾਂ ਦੇ ਮਨਾਂ ਵਿੱਚ ਬਹੁਤ ਕੁਝ ਹੁੰਦਾ ਹੈ। ਬੋਲਣ ਵਾਲਾ ਏਵੇਂ ਹੀ ਨਹੀਂ ਬੋਲੀ ਜਾ ਰਿਹਾ ਹੁੰਦਾ, ਉਸ ਕੋਲ ਤਿੰਨ ਪ੍ਰਕਾਰਜੀ ਰੋਲ ਹੁੰਦੇ ਹਨ: 1. ਉਹ animator ਹੁੰਦਾ ਹੈ ਅਤੇ ਬੋਲਣ ਵਾਲੀ ਮਸ਼ੀਨ ਵਜੋਂ ਕੰਮ ਕਰ ਰਿਹਾ ਹੁੰਦਾ ਹੈ। 2. ਉਹ author ਹੁੰਦਾ ਹੈ, ਸ਼ਬਦਾਂ ਦੀ ਚੋਣ ਉਸਨੇ ਖੁਦ ਕੀਤੀ ਹੁੰਦੀ ਹੈ ਤੇ ਉਨ੍ਹਾਂ ਰਾਹੀਂ ਉਸਨੇ ਕੁਝ ਜਜ਼ਬਾਤ ਵਿਅਕਤ ਕੀਤੇ ਹੁੰਦੇ ਹਨ, 3. ਉਹ Principal ਹੁੰਦਾ ਹੈ, ਬੋਲੇ ਸ਼ਬਦਾਂ ਰਾਹੀਂ ਉਸਦੇ ਇਰਾਦੇ, ਉਸਦੀ ਪੋਜੀਸ਼ਨ ਸਪਸ਼ਟ ਹੁੰਦੀ ਹੈ। ਮਿਖਾਈਲ ਬਾਖਤਿਨ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਜੇ ਬੋਲਣ ਵਾਲੇ ਨੇ ਕਿਸੇ ਹੋਰ ਦੀ ਉਕਤੀ ਜਾਂ ਕਿਸੇ ਹੋਰ ਦੇ ਪਹਿਲੇ ਕਹੇ ਬੋਲਾਂ ਨੂੰ ਹੂਬਹੂ ਉਚਾਰਿਆ ਹੈ ਤੇ ਜੇ ਇਹ ਨਹੀਂ ਵੀ ਜਾਣਦਾ ਕਿ ਉਹ ਕਿਸ ਦੇ ਸ਼ਬਦ ਦੁਹਰਾ ਰਿਹਾ ਹੈ, ਤਾਂ ਵੀ ਇਹ ਮਹੱਤਵਪੂਰਨ ਹੈ ਕਿਉਂਕਿ ਇਨ੍ਹਾਂ ਬੋਲਾਂ ਰਾਹੀਂ ਅਚੇਤ ਹੀ ਉਹ ਕਿਸੇ ਹੋਰ ਵਿਚਾਰਧਾਰਕ ਚੇਤਨਾ/ਪ੍ਰਵਚਨ ਨਾਲ ਸਾਂਝ ਪਾ ਰਿਹਾ ਹੈ। ਇਸ ਪ੍ਰਕਿਰਿਆ ਨੂੰ ਉਸਨੇ double voiced discourse ਕਿਹਾ ਹੈ। ਦੱਸਣ ਦਾ ਭਾਵ ਇਹ ਹੈ ਕਿ ਗੱਲਾਂ ਮਨੁੱਖੀ ਸੰਸਾਰ ਨੂੰ ਸਮਝਣ ਦਾ ਕਾਰਗਰ ਵਸੀਲਾ ਬਣ ਸਕਦੀਆਂ ਹਨ।

ਨਵੀਂ ਕਹਾਣੀ ਵੀ ਮਨੁੱਖੀ ਜ਼ਿੰਦਗੀ ਨੂੰ ਕਲਾਤਮਕ ਬਿੰਬ ਵਿੱਚ ਢਾਲਣ ਲਈ ਲੋਕ ਉਚਾਰ ਨੂੰ ਪਕੜ ਰਹੀ ਹੈ। ਕਹਾਣੀਕਾਰ ਇਸ ਬੋਲ ਉਚਾਰ ਦੇ ਮੈਕਾਨਿਜ਼ਮ ਰਾਹੀਂ ਬਿਰਤਾਂਤਕ ਘਾੜਤ ਘੜ ਰਿਹਾ ਹੈ। ਇਸ ਘਾੜਤ ਦੇ ਵੀ ਅੱਗੋਂ ਦੋ ਰੂਪ ਨਵੀਂ ਪੰਜਾਬੀ ਕਹਾਣੀ ਵਿੱਚ ਦ੍ਰਿਸ਼ਟੀਗੋਚਰ ਹੋਏ ਹਨ। ਇਸ ਪਰਥਾਇ ਇੱਕ ਬਿਰਤਾਂਤਕ ਘਾੜਤ ਉਹ ਹੈ ਜਿਹੜੀ ਇਸ ਉਚਾਰ ਨੂੰ ਉਸਦੇ ਪਰਿਵੇਸ਼ ਵਿੱਚੋਂ ਪਕੜਦੀ ਹੈ ਅਤੇ ਦੂਜੀ ਉਹ ਹੈ ਜਿਹੜੀ ਇਸਨੂੰ ਮਨੋ ਧਰਾਤਲ ਤੋਂ ਚੁੱਕਦੀ ਹੈ। ਨਵੀਂ ਪੰਜਾਬੀ ਕਹਾਣੀ ਵਿੱਚ ਪਹਿਲੀ ਕਿਸਮ ਦੀ ਕਹਾਣੀ ਹੀ ਵੱਡੀ ਤਦਾਦ ਵਿੱਚ ਲਿਖੀ ਜਾ ਰਹੀ ਹੈ। ਇਹ ਕਹਾਣੀ ਉਹ ਹੈ ਜਿਸਦੇ ਕਾਲਪਨਿਕ ਸ੍ਰੋਤ ਇਤਫਾਕਨ ਨਹੀਂ। ਇਸ ਕਹਾਣੀ ਦੇ ਵੇਰਵੇ ਸੂਝਵਾਨ ਪ੍ਰਤੱਖਣ, ਸੰਵੇਦਨਸ਼ੀਲ ਮਨ ਅਤੇ ਜਟਿਲ ਸਮਾਜਕ ਯਥਾਰਥ ਦੀ ਡੂੰਘੀ ਗਵਾਹੀ ਭਰ ਰਹੇ ਹਨ। ਇਸ ਕਹਾਣੀ ਦੇ ਭੌਂ ਦ੍ਰਿਸ਼ ਗੂੜ੍ਹੇ ਹਨ ਅਤੇ ਸਥਿਤੀਆਂ ਸਜੀਵ ਹਨ। ਇਹ ਕਹਾਣੀ ਸਮਾਜ ਦੀ ਸਥੂਲ ਗ੍ਰਿਫਤ ਵਿੱਚ ਘਿਰੇ ਅਤੇ ਆਪਣੇ ਸਮੂਰਤ ਪੋਟੈਂਸੀਅਲ ਨਾਲ ਜੂਝ ਰਹੇ ਬੰਦੇ ਦੀ ਕਥਾ ਕਹਿ ਰਹੀ ਹੈ। ਸਥਿਤੀਆਂ ਦੀ ਜਟਿਲਤਾ ਦੇ ਸਮਵਿਥ ਹੁੰਗਾਰੇ ਦੀ ਬਹੁਪਰਤਤਾ ਤੇ ਬਹੁਸੁਰਤਾ ਇਸ ਦਾ ਲੱਛਣ ਹੈ। ਨਵੀਂ ਕਹਾਣੀ ਵਿੱਚੋਂ ਸੁਖਵੰਤ ਕੌਰ ਮਾਨ, ਗੁਰਦੇਵ ਰੁਪਾਣਾ, ਜਰਨੈਲ ਸਿੰਘ, ਪ੍ਰੇਮ ਗੋਰਖੀ, ਅਤਰਜੀਤ, ਜਗਜੀਤ, ਬਰਾੜ, ਵੀਨਾ ਵਰਮਾ, ਜਸਵੀਰ ਰਾਣਾ, ਅਮਨਪਾਲ ਸਾਰਾ, ਹਰਪ੍ਰੀਤ ਸੇਖਾ, ਲਾਲ ਸਿੰਘ, ਨ੍ਰਿਪਇੰਦਰ ਰਤਨ, ਅਜਮੇਰ ਸਿੱਧੂ, ਪ੍ਰੋ. ਹਰਭਜਨ ਸਿੰਘ, ਜਤਿੰਦਰ ਹਾਂਸ, ਗੁਲਜ਼ਾਰ ਮੁਹੰਮਦ ਗੌਰੀਆ, ਕੇਸਰਾ ਰਾਮ, ਸੁਕੀਰਤ, ਸੁਖਜੀਤ, ਬਲਦੇਵ ਸਿੰਘ ਢੀਂਡਸਾ, ਸਰੂਪ ਸਿਆਲਵੀ, ਹਰਜੀਤ ਅਟਵਾਲ ਇਸ ਕੋਟੀ ਦੇ ਸਮਰਥ ਕਹਾਣੀਕਾਰ ਹਨ।

ਇਕਹਿਰੇ, ਸਪਾਟ ਤਰਕਾਂ ਦੀ ਥਾਂ ਬਹੁਕੋਣੀ ਉਲਝਣਾਂ ਵਿੱਚੋਂ ਉਭਰਦੇ ਅਹਿਸਾਸਾਂ, ਦੁਬਿਧਾਵਾਂ, ਸ਼ੰਕਿਆਂ ਵਾਲੇ ਬਹੁਸੁਰੀ ਉਚਾਰ ਨੂੰ ਪਕੜ ਕੇ ਇਨ੍ਹਾਂ ਕਹਾਣੀਕਾਰਾਂ ਨੇ ਕਲਾਤਮਕ ਕਹਾਣੀਆਂ ਸਿਰਜੀਆਂ ਹਨ। ਅਜਿਹੀ ਕਹਾਣੀ ਦੇ ਪ੍ਰਤੱਖਣ ਵਿੱਚ ਬੋਲ ਉਚਾਰ ਕਿਵੇਂ ਇੱਕ ਸ਼ਕਤੀਸ਼ਾਲੀ ਜੁਗਤ ਵਜੋਂ ਉਭਰ ਰਿਹਾ ਹੈ। ਇਸਦੇ ਪ੍ਰਮਾਣ ਵਜੋਂ ਜਸਵਿੰਦਰ ਸਿੰਘ ਦੀ ਕਹਾਣੀ 'ਘਰ ਦਾ ਜੀਅ' ਵਿਚਾਰੀ ਜਾ ਸਕਦੀ ਹੈ। ਇਸ ਕਹਾਣੀ ਵਿੱਚ 19 ਪਾਤਰ ਹਨ ਤੇ ਸਾਰੇ ਹੀ ਆਪਣੇ ਬੋਲਾਂ ਸਮੇਤ ਕਹਾਣੀ ਵਿੱਚ ਹਾਜ਼ਰ ਹਨ। ਇਨ੍ਹਾਂ ਵਿੱਚੋਂ ਇੱਕ ਵੀ ਪਾਤਰ ਅਜਿਹਾ ਨਹੀਂ ਜਿਹੜਾ ਸਿਰਫ਼ ਵਕਤਾ ਦੇ ਬੋਲਾਂ ਰਾਹੀਂ ਕਹਾਣੀ ਵਿੱਚ ਪਰਿਚਿਤ ਹੋ ਰਿਹਾ ਹੋਵੇ। ਇਹ ਸਾਰੇ ਪਾਤਰ ਇਕ ਦੂਜੇ ਨਾਲ ਗੱਲਾਂ ਕਰਦੇ ਜਾਂ ਆਪਣੇ ਆਪ ਨਾਲ ਗੱਲਾਂ ਕਰਦੇ ਫੋਕਸ ਵਿੱਚ ਹਨ। ਸਥਿਤੀਆਂ ਦਾ ਘਿਰਾਓ ਇਨ੍ਹਾਂ ਨੂੰ ਬੋਲਣ ਲਈ ਉਕਸਾ ਰਿਹਾ ਹੈ ਅਤੇ ਇਨ੍ਹਾਂ ਦੇ ਬੋਲ ਪਰਿਵੇਸ਼ ਨੂੰ ਹੋਂਦਵਾਨ ਬਣਾ ਰਹੇ ਹਨ। ਐਨ ਕਹਾਣੀ ਦੇ ਅਰੰਭ ਵਿੱਚ ਹੀ ਪਿੰਡ ਦੀ ਠੱਠੀ ਵਿੱਚ 'ਗਾਮੇ ਕਿਆਂ' ਅਤੇ ਸਰਾਜਦੀਨ ਨੂੰ ਮਿਰਚਾਂ ਤੋੜਨ ਦਾ ਸੁਨੇਹਾ ਲਾਉਣ ਜਾ ਰਹੀ ਸਰਦਾਰਨੀ ਤੇਜ ਕੌਰ ਆਪਣੀ ਅੰਦਰਲੀ ਹਵਾੜ ਕੱਢ ਰਹੀ ਹੈ:

*ਏਹਨਾਂ ਮਛਰੀਆਂ ਕਮਜਾਤਣਾਂ ਦੀ ਹਵਾ ਈ ਖਰਾਬ ਹੋਈ ਪਈ ਆ ਹਰਾਮੀ ਸਰਾਜ ਮਿਰਚਾਂ ਤੋੜਨ ਨਾ ਅਪੜੇ ਤਾਂ ਆਨੇ ਬਹਾਨੇ ਖਿਸਕ ਜਾਣਗੀਆਂ ਕੰਮ ਨੂੰ ਤਾਂ ਏਸ ਕੁਜਾਤ ਦਾ ਵਢਿਆ ਰੂਹ ਨੀ ਕਰਦਾ ਤੇ ਓਧਰ ਜੋਧੇ ਦਾ ਬਾਪੂ....ਏਹਨੂੰ ਤੇ ਗੁਰਦੁਆਰੇ ਕਥਾ ਝਾੜਨ ਲਾਈ ਰਖੋ.....ਤੇ ਜਾਂ ਬਸ ਜ਼ਮੀਨ ਖਰੀਦਣ। ਸਭ ਮੇਰੇ ਹੱਡਾਂ ਦਾ ਖੌਅ.....ਬਹੁਤਾ ਕਲਪੋ ਤਾਂ ਪੁੱਤ ਨੂੰ ਕਹਿ 'ਰਣਜੋਧ ਸਿੰਆਂ..ਕਰੀਂ ਕਲ ਨੂੰ....' ਆਪ ਵਿਹਲਾ ਹੋ ਜੂ, ਅੱਗੋਂ ਜੋਧਾ....ਨੌਕਰ ਨੂੰ ਹੁਕਮ ਚਾੜ ਦੂ....ਭਲਾ ਏਹ ਜਾਤ....ਨੌਕਰਾਂ ਦੇ ਕਹੇ....ਏਹ ਨਖਾਫਣੀਆਂ ਮਿਰਚਾਂ ਬੀਜਣ ਨੀ ਦੇਣੀਆਂ ਅਗਲੇ ਵਰ੍ਹੇ....ਪਰ ਬੰਦਾ ਕਰੇ ਕੀ, ਹਾੜ੍ਹੀ ਦੀ ਫਸਲ ਜੈ ਖਾਣੀ ਕੇਹੜੀ ਆ, ਜੋ ਚਾਰ ਪੈਸੇ ਛੱਡੇ....ਏਹ ਤਾਂ ਫੇਰ ਵੀ ਮਰ ਖੱਪ....।*

ਸਰਦਾਰਨੀ ਤੇਜ ਕੌਰ ਦੇ ਇਨ੍ਹਾਂ ਸੀਮਤ ਬੋਲਾਂ ਵਿੱਚੋਂ ਪੰਜਾਬ ਦੀ ਮੱਧ ਵਰਗੀ ਕਿਸਾਨੀ ਦਾ ਸਮੁੱਚਾ ਪਰਿਵੇਸ਼ ਉਭਰ ਆਉਂਦਾ ਹੈ। ਜੋਧੇ ਦੇ ਬਾਪੂ ਦੇ ਦੋ ਸ਼ੌਕ ਹਨ: ਗੁਰਦੁਆਰੇ ਕਥਾ ਝਾੜਨਾ ਅਤੇ ਜ਼ਮੀਨ ਖਰੀਦਣਾ। ਜੋਧਾ ਨੌਕਰ ਨੂੰ ਹੁਕਮ ਚਾੜ੍ਹ ਕੇ ਵਿਹਲਾ ਹੋ ਜਾਂਦਾ ਹੈ। ਨੌਕਰਾਂ ਬਿਨਾਂ ਸਰਦਾ ਨਹੀਂ ਪਰ ਨੌਕਰਾਂ (ਕੁਜਾਤ) ਦਾ ਕੰਮ ਕਰਨ ਨੂੰ ਵਢਿਆ ਰੂਹ ਨਹੀਂ ਕਰਦਾ। ਕਿਸਾਨੀ ਹੱਡਾਂ ਦਾ ਖੌਅ ਹੈ–ਚਾਰ ਪੈਸੇ ਮਰ ਖੱਪ ਕੇ ਹੀ ਕਮਾਏ ਜਾ ਸਕਦੇ ਹਨ। ਸਰਦਾਰਨੀ ਦੇ ਮਨ ਵਿੱਚ ਕੰਮੀਆਂ ਪ੍ਰਤਿ ਘੋਰ ਘਿਰਣਾ ਹੈ, ਕੁਜਾਤ, ਕਮਜਾਤਣਾ, ਹਰਾਮੀ, ਹਰਾਂਬੜਾ ਸ਼ਬਦ ਇਨ੍ਹਾਂ ਲਈ ਹੀ ਵਰਤੇ ਹਨ। ਕਹਾਣੀ ਵਿੱਚ ਇੱਕ ਪਾਤਰ ਦੇ ਸੀਮਤ ਉਚਾਰਖੰਡ ਵਿੱਚੋਂ ਅੱਧੇ–ਅਧੂਰੇ ਵਾਕਾਂ ਨਾਲ ਸਥਿਤੀ ਹੀ ਹੋਂਦਵਾਨ ਨਹੀਂ ਹੋ ਰਹੀ, ਸ਼ਬਦਾਂ ਦੀ ਟੇਢ ਵਿੱਚੋਂ ਵਿਸ਼ੇ ਦੀ ਗਹਿਰਾਈ, ਮਾਹੌਲ ਦੀ ਤਲਖਾਈ ਵੀ ਉਭਰ ਰਹੀ ਹੈ। ਪਾਤਰ ਦੇ ਬੋਲਾਂ ਕਰਕੇ ਉਚਾਰ ਪ੍ਰਮਾਣਿਕ ਵੀ ਬਣਿਆ ਹੈ ਅਤੇ ਵਕਤਾ ਨੂੰ ਬਾਹਰ ਬਿਆਨੀ ਵੀ ਨਹੀਂ ਕਰਨੀ ਪਈ।

ਨਵੀਂ ਪੰਜਾਬੀ ਕਹਾਣੀ ਦੀ ਦੂਜੀ ਕੋਟੀ ਵਿੱਚ ਉਹ ਕਹਾਣੀ ਆਉਂਦੀ ਹੈ ਜਿਸਦਾ ਪ੍ਰਤੱਖਣ ਇਹ ਦਰਸਾਉਂਦਾ ਹੈ ਕਿ ਜ਼ਿੰਦਗੀ ਓਡੀ ਵਸੀਹ ਨਹੀਂ, ਮਨੁੱਖੀ ਮਨ ਹੀ ਅਗੰਮ ਅਗੋਚਰ ਹੈ। ਇਸ ਕਹਾਣੀ ਦੇ ਇਤਫ਼ਾਕ ਮਨੁੱਖੀ ਮਨ ਦੀਆਂ ਅਮੂਰਤ ਪਰ ਅਮੋੜ ਤਰੰਗਾਂ ਨੇ ਬਣਾਏ ਹਨ। ਸਥਿਤੀ ਸਤਹ ਤੇ ਸ਼ਾਂਤ ਅਤੇ ਮਾਮੂਲੀ ਜਾਪਦੀ ਹੈ। ਜਿੰਦਰ, ਦੇਸ ਰਾਜ ਕਾਲੀ, ਨਿਰਮਲ ਜਸਵਾਲ, ਭਗਵੰਤ ਰਸੂਲਪੁਰੀ ਦੀ ਬਹੁਤੀ ਕਹਾਣੀ ਇਸ ਕੈਟੇਗਰੀ ਵਿੱਚ ਰੱਖੀ ਜਾ ਸਕਦੀ ਹੈ। ਇਹ ਕਹਾਣੀ



ਮਨ ਦੀ ਚੰਚਲਤਾ, ਅਬੋਧਤਾ, ਅਸੱਪਸ਼ਟਤਾ ਅਤੇ ਕਪਟਤਾ ਦੀ ਬਾਤ ਪਾਉਂਦੀ ਹੈ। ਇਹ ਮਨੁੱਖੀ ਉਚਾਰ ਨੂੰ ਮਨੋ ਧਰਾਤਲ ਤੋਂ ਚੁੱਕਦੀ ਹੈ। ਸੁਪਨੇ, ਡਰ, ਅਚੇਤਾਣ, ਮਨੋਚਕਿਤਸਾ ਇਸ ਕਹਾਣੀ ਸੰਚਾਰ ਦੀ ਰਾਹਤ ਤੇ ਆਈਆਂ ਜੁਗਤਾਂ ਹਨ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਕਹਾਣੀ ਦੀ ਸ਼ੈਲੀ ਵੀ ਮਨੋਸੰਵਾਦ, ਸਵੈਗਤ ਕਥਨ ਜਾਂ ਸਰਬੱਗ ਵਰਣਨ ਦੇ ਰੂਪ ਵਿੱਚ ਬੋਲ ਉਚਾਰ ਹੀ ਸਿਰਜ ਰਹੀ ਹੈ। ਕੁਝ ਉਦਾਹਰਣਾਂ ਹਨ:

*ਉਮਰ ਦੇ ਹਿਸਾਬ ਨਾਲ ਮੇਰੇ ਸਰੀਰ ਦਾ ਵਜ਼ਨ ਵੀ ਘਟਦਾ ਜਾ ਰਿਹਾ ਹੈ ਤੇ ਤਾਕਤ ?...ਮੈਂ ਆਪਣੇ ਕੁੱਤੇ ਨੂੰ ਵੇਖਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਉਹ ਮੈਥੋਂ ਜ਼ਿਆਦਾ ਤਾਕਤ ਵਾਲਾ ਹੈ ਕਿਉਂਕਿ ਉਹ ਮੇਰੇ ਤੋਂ ਤੇਜ਼ ਦੌੜ ਸਕਦਾ ਹੈ, ਮੈਥੋਂ ਲੰਮੀ ਛਾਲ ਮਾਰ ਸਕਦਾ ਹੈ। ਮੈਥੋਂ ਵੱਧ ਚਮਕ ਹੈ ਉਸਦੀਆਂ ਅੱਖਾਂ 'ਚ। ਕਰਨ ਵੀ ਮੇਰੇ ਅਨੁਪਾਤ ਤੋਂ ਵੱਧ ਤਾਕਤਵਾਰ ਹੈ ਸ਼ਾਇਦ। ਉਸ ਵਿੱਚ ਸੈਕਸ ਦੀ ਅਰਜ਼ ਹੈ। 'ਵਧਦੀ ਉਮਰ 'ਚ ਸਭ ਦੀ ਸੈਕਸ–ਇੱਛਾ ਖਤਮ ਨਹੀਂ ਹੋ ਜਾਂਦੀ–ਜਿਵੇਂ ਤੇਰੇ ਚੋਂ ਮਰਦੀ ਜਾ ਰਹੀ ਹੈ'–ਕਰਨ ਕਦੀ ਕਦੀ ਵਿਅੰਗ ਕਰਦਾ ਹੈ ਮੇਰੇ ਉੱਤੇ।*

*ਕਾਕਟੇਲ/ਨਿਰਮਲ ਜਸਵਾਲ*

*ਸੋਫ਼ੇ ਤੇ ਬੈਠਿਆਂ–ਬੈਠਿਆਂ ਹੀ ਮੈਨੂੰ ਝਪਕੀ ਆ ਗਈ ਸੀ। ਬੱਚਿਆਂ ਦੀ ਟੋਲੀ ? ? ਮੇਰੀ ਚੀਕ ਨਿਕਲ ਗਈ ਸੀ। ਡਰ ਕੇ ਉਠ ਖੜ੍ਹੀ ਸੀ। ਵਾਲ ਕਲਾਕ ਵੱਲ ਦੇਖਿਆ ਸੀ। ਦਿਨ ਦੇ ਗਿਆਰਾਂ ਵਜੇ ਸਨ। ਹੱਥ ਅੱਖਾਂ ਤੇ ਚਲਿਆ ਗਿਆ ਸੀ। ਚੁੰਨੀ ਦੇ ਲੜ ਨਾਲ ਅੱਖਾਂ ਪੂੰਝੀਆਂ ਸਨ। ਪਾਣੀ ਗਲੇ ਤੱਕ ਆ ਪਹੁੰਚਿਆ ਸੀ। ਧਿਆਨ ਕਿਸੇ ਹੋਰ ਪਾਸੇ ਲੈ ਜਾਣ ਦੀ ਕੋਸ਼ਿਸ਼ ਕੀਤੀ ਸੀ। ਇਕ ਵਾਰ ਨਹੀਂ, ਕਈ ਵਾਰ। ਇਹ ਵੱਸ 'ਚ ਨਹੀਂ ਰਿਹਾ ਸੀ। ਮੋੜ–ਘੋੜ ਕੇ ਬੱਚੇ ਆ ਜਾਂਦੇ ਸਨ। ਕੰਬਣੀ ਛਿੜੀ ਸੀ। ਦਿਲ ਦੀ ਧੜਕਣ ਤੇਜ਼ ਹੋ ਗਈ ਸੀ। ਕਈ ਬੱਚਿਆਂ ਨੇ ਮੈਨੂੰ ਘੇਰ ਲਿਆ ਸੀ। ਉਨ੍ਹਾਂ ਦੀ ਉਮਰ ਇੱਕ ਤੋਂ ਲੈ ਕੇ ਚਾਰ ਕੁ ਮਹੀਨਿਆਂ ਦੀ ਸੀ। ਮੈਥੋਂ ਉਨ੍ਹਾਂ ਦੇ ਚਿਹਰੇ ਪਹਿਚਾਣੇ ਨਹੀਂ ਗਏ ਸਨ। ਉਹ ਇਸ ਯੋਗ ਹੀ ਨਹੀਂ ਸਨ ਕਿ ਉਨ੍ਹਾਂ ਦੀ ਪਹਿਚਾਣ ਕਰ ਲੈਂਦੀ। ਇਹੋ ਜਿਹੇ ਭਗਾਨੇ 'ਚ ਉਲਟੇ ਲਟਕਾਏ। ਪਹਿਲਾਂ ਮੱਧਮ ਆਵਾਜ਼ਾਂ ਆਈਆਂ ਸਨ। ਫੇਰ ਉੱਚੀਆਂ ਆਵਾਜ਼ਾਂ। ਜਿਵੇਂ ਇਕੋ ਵਾਰ ਕਈ ਸਪੀਕਰ ਲੱਗ ਗਏ ਹੋਣ, 'ਮਾਤੇਸ਼੍ਰੀ ਸਾਡਾ ਕੀ ਕਸੂਰ ਸੀ ?'*

*ਗਲੋਬ/ਜਿੰਦਰ*

*ਮੇਰੇ ਨਾਲ ਇਹ ਪਿਛਲੇ ਦੋ ਸਾਲ ਤੋਂ ਵਾਪਰ ਰਿਹੈ। ਮਹੁਕੇ ਨੂੰ ਦੇਖਣ ਪਰਖਣ ਤੋਂ ਬਾਅਦ ਮੈਂ ਇਸਨੂੰ ਆਪਣੇ ਕਮਰੇ ਦੀ ਕਾਨਸ ਤੇ ਰੱਖੇ ਪੁਰਾਣੇ ਮਹੁਕਿਆਂ ਨਾਲ ਜੋੜ ਕੇ ਰਖ ਦਿੰਦਾ ਹਾਂ। ਇਸ ਤਰ੍ਹਾਂ ਕਾਨਸ ਤੇ ਮਣਕਿਆਂ ਦੀ ਗੇਂਦ ਬਣ ਗਈ ਹੈ। ਕਦੀ ਕਦੀ ਇਹ ਗੇਂਦ ਇਧਰੋਂ ਉਧਰ ਜਾਂਦੀ ਆਉਂਦੀ ਹੈ। ਦੋ ਅਦਿਸ਼ ਸ਼ਕਤੀਆਂ ਇਸ ਨਾਲ ਖੇਡ ਖੇਡਦੀਆਂ ਹਨ। ਜਿਵੇਂ ਫਿਲਮਾਂ 'ਚ ਹੁੰਦੈ ਮੇਰਾ ਬੁਰਾ ਹਾਲ ਹੋਇਆ ਰਹਿੰਦੈ।*

*ਕਰਾਂਤੀ ਕਿਉਂ ਨਹੀਂ ਆਉਂਦੀ/ਬਲਜਿੰਦਰ ਨਸਰਾਲੀ*

*ਜਦੋਂ ਇਹੋ ਜਿਹੀ ਥਾਂ ਖੜਦਾ ਤਾਂ ਮੈਨੂੰ ਲਗਦਾ ਅਸੀਂ ਇਕੋ ਕੁਖ 'ਚੋਂ ਜੰਮੇ ਆਂ...ਜਦੋਂ ਕਦੇ ਮੌਕਾ ਦੇਖ ਕੇ ਆਪਣੀ ਮਨ ਮਰਜ਼ੀ ਕਰ ਲੈਂਦਾ ਜਾਂ ਕਹਿ ਲਓ ਮੈਂ ਹੀ ਉਹਦੀਆਂ ਬਾਹਾਂ 'ਚ ਡਿਗ ਪੈਂਦੀ ਤਾਂ ਮੈਨੂੰ ਆਪਣਾ ਘਰ ਵਾਲਾ ਲਗਣ ਲੱਗਦਾ। ਜਦੋਂ ਕਿਸੇ ਥਾਂ ਤੋਂ ਮੈਨੂੰ ਜਾਣੋਂ ਵਰਜਦਾ ਤਾਂ ਮੈਨੂੰ ਲਗਦਾ ਮੇਰੇ ਪਿਓ ਹੈ ਇਹ–ਜਦੋਂ ਕਿਤੇ ਮੇਰੀ ਰੋਜ਼ੀ 'ਚ ਲੱਤ ਮਾਰਦਾ ਤਾਂ ਮੇਰਾ ਦੁਸ਼ਮਣ ਵੀ ਲਗਣ ਲਗ ਪੈਂਦਾ ਹੈ।*

*ਮਾਸਾਹਾਰੀ/ਭਗਵੰਤ ਰਸੂਲਪੁਰੀ*

ਨਵੀਂ ਕਹਾਣੀ ਦੀ ਸ਼ੈਲੀ ਵਿੱਚ ਦੂਜਾ ਮੁਖ ਬਦਲਾਵ ਕਹਾਣੀ ਦੇ ਫੋਕਸੀਕਰਨ ਤੇ ਵਾਚ ਨਾਲ ਸੰਬੰਧਿਤ ਹੈ। ਪੰਜਾਬੀ ਕਹਾਣੀ ਬਿਰਤਾਂਤ ਵਿੱਚ ਭਾਰੂ ਬਿਰਤੀ ਬਾਹਰੀ ਫੋਕਸੀਕਰਨ ਦੀ ਰਹੀ ਹੈ। ਕਹਾਣੀ ਦਾ ਵਾਚ ਭਾਵੇਂ ਨਿਮਨ ਪੁਰਖੀ ਹੋਵੇ ਤੇ ਭਾਵੇਂ ਉਤਮ ਪੁਰਖੀ ਵਕਤਾ ਕਹਾਣੀ ਨੂੰ ਆਪਣੇ ਬੋਲਾਂ ਰਾਹੀਂ ਨਿਯੰਤਰਿਤ ਕਰਦਾ ਰਿਹਾ ਹੈ। ਵਕਤਾ ਨੂੰ ਆਪਣੀ ਸਮਝ ਪਾਤਰਾਂ ਦੀ ਸਮਝ ਤੋਂ ਹੀ ਨਹੀਂ ਪਾਠਕਾਂ ਦੀ ਸਮਝ ਤੋਂ ਵੀ ਹਰ ਪੱਧਰ ਤੇ ਉਚੇਰੀ ਜਾਪਦੀ ਰਹੀ ਹੈ। ਪੰਜਾਬੀ ਕਹਾਣੀ ਦੇ ਪਹਿਲੇ ਦੂਜੇ ਪੜਾਅ ਤੱਕ ਤਾਂ ਉਹ ਪਾਠਕ ਨੂੰ ਉਪਦੇਸ਼, ਆਦੇਸ਼ ਵੀ ਦਿੰਦਾ ਰਿਹਾ ਹੈ। ਤੀਜੇ ਪੜਾਅ ਦੀ ਪੰਜਾਬੀ ਕਹਾਣੀ ਨੇ ਬਾਹਰੀ ਤੇ ਆਂਤਰਿਕ ਫੋਕਸੀਕਰਨ ਦੀਆਂ ਜੁਗਤਾਂ ਅਪਨਾਉਂਦਿਆਂ ਕਹਾਣੀ ਨੂੰ ਵਧੇਰੇ ਕਲਾਤਮਕ ਸੰਜਮ ਦੀ ਧਾਰਨੀ ਬਣਾਇਆ। ਪਰ ਇਸ ਪੜਾਅ ਤੇ ਵੀ ਕਹਾਣੀ ਦੇ ਮੁਖ ਅਤੇ ਗੌਣ ਬੋਲਾਂ ਨੂੰ ਸੰਚਾਲਿਤ ਕਰਦਿਆਂ, ਵਕਤਾ ਦਾ ਨਜ਼ਰੀਆ ਕਹਾਣੀ ਵਿੱਚ ਵਖਰੇ ਤੌਰ ਤੇ ਮੌਜੂਦ ਜ਼ਰੂਰ ਰਿਹਾ। ਨਵੀਂ ਕਹਾਣੀ ਵਿੱਚ ਵਕਤਾ ਦੀ ਸਥਿਤੀ ਥੋੜ੍ਹੇ ਬਦਲਾਵ ਵਿੱਚ ਹੈ।

ਨਵੀਂ ਕਹਾਣੀ ਦਾ ਵਧੇਰੇ ਪਾਠ ਉਤਮ ਪੁਰਖੀ ਬਿਰਤਾਂਤ ਹੈ। ਬਹੁਤੀ ਕਹਾਣੀ (ਲਗਭਗ 70%) ਵਿੱਚ ਉਤਮ ਪੁਰਖੀ ਪੜਨਾਂਵ ਦੀ ਹੈਸੀਅਤ ਵਿੱਚ 'ਮੈਂ' ਹੀ ਕਹਾਣੀ ਦਾ ਮੁਖ ਪਾਤਰ ਹੈ ਅਤੇ ਬਹੁਤੀ ਵਾਰ ਆਪਣੀ ਕਹਾਣੀ ਹੀ ਕਹਿ ਰਿਹਾ ਹੈ। ਇਸ ਦੇ ਕਈ ਮੰਤਵ ਹੋ ਸਕਦੇ ਹਨ ਜਿਵੇਂ ਕਹਾਣੀ ਨੂੰ ਆਪ ਬੀਤੀ ਜਾਂ ਅੱਖੀਂ ਸਾਹਵੇਂ ਬੀਤੀ ਦਰਸਾ ਕੇ ਉਹ ਕਹਾਣੀ ਨੂੰ ਪ੍ਰਮਾਣਿਕ ਬਣਾਉਣਾ ਚਾਹੁੰਦਾ ਹੈ, ਅਜਿਹਾ ਕਰਕੇ ਉਹ ਕਥਾ ਵੇਰਵਿਆਂ ਤੇ ਆਪਣੀ ਅਧਿਕਾਰ ਸੰਪੰਨਤਾ ਦਰਸਾਉਣੀ ਚਾਹੁੰਦਾ ਹੈ। ਕਹਾਣੀ ਨੂੰ ਆਪਣੀ ਬਣਾ ਕੇ ਬਿਰਤਾਂਤਣਾ ਉਸਨੂੰ ਸੌਖਾ ਲਗਦਾ ਹੈ ਜਾਂ ਜੋ ਕੁਝ ਉਹ ਦਰਸਾ ਰਿਹਾ ਹੈ ਉਹ ਇਸ ਜ਼ਮਾਨੇ ਵਿੱਚ ਲਗਭਗ ਹਰ ਬੰਦੇ ਨਾਲ ਹੀ ਵਾਪਰ ਰਿਹਾ ਹੈ (ਇਸ ਜੁਗਤ ਨੂੰ ਸੌਖਾ ਜਾਣ ਕੇ ਅਪਨਾਉਂਦੀ ਤੇ ਸਪਾਟਤਾ ਵਿੱਚ ਅਖਬਾਰੀ ਇਤਲਾਹ ਨਾਲੋਂ ਵੀ ਭੈੜੀ ਜਾਪਣ ਲਗਦੀ ਕਹਾਣੀ ਦਾ ਜ਼ਿਕਰ ਮੈਂ ਏਥੇ ਨਹੀਂ ਕਰਾਂਗੀ) ਪਰ ਬਿਰਤਾਂਤਣ ਦੀ ਪੱਧਰ ਤੇ ਇਹ ਕਹਾਣੀ ਦੇ ਵਾਚ ਦਾ ਮਸਲਾ ਹੈ। ਨਵੀਂ ਕਹਾਣੀ ਵਿੱਚ ਵਕਤਾ ਦੀ ਮੌਜੂਦਗੀ ਜਾਂ ਗੈਰ-ਮੌਜੂਦਗੀ ਨਾਲੋਂ ਵੱਧ ਉਸਦੀ ਅੰਤਰਬਿਆਨੀ ਇਹ ਦਰਸਾਉਂਦੀ ਹੈ ਕਿ ਉਸ ਕੋਲ ਆਪਣੇ ਪਾਤਰਾਂ ਤੋਂ ਵੱਖਰਾ ਕਹਿਣ ਲਈ ਕੁਝ ਹੈ ਹੀ ਨਹੀਂ। ਇਸ ਸਥਿਤੀ ਨੂੰ ਇੰਜ ਵੀ ਲਿਆ ਜਾ ਸਕਦਾ ਹੈ ਕਿ ਉਸਨੂੰ ਆਪਣੇ ਪਾਤਰਾਂ ਤੇ ਪੂਰਾ ਯਕੀਨ ਹੈ ਅਤੇ ਇੰਜ ਵੀ ਕਿ ਉਸਨੇ ਸਰਬਗਿਆਤਾ ਹੋਣ ਦਾ ਮਾਣ ਮਾਤਰ ਨੂੰ ਬਖਸ਼ ਦਿੱਤਾ ਹੈ। ਨਵੀਂ ਕਹਾਣੀ ਵਿੱਚ ਕਹਾਣੀਕਾਰ/ਵਕਤਾ ਨੇ ਅਧਿਕਾਰ ਸੰਪੰਨਤਾ ਦਾ ਪੈਂਤੜਾ ਛੱਡ ਕੇ ਪਾਤਰ ਨੂੰ ਸਿੱਧਾ ਪਾਠਕ ਦੇ ਰੂਬਰੂ ਕਰ ਦਿੱਤਾ ਹੈ। ਇਸ ਕਹਾਣੀ ਦਾ ਪਾਤਰ ਵੱਖਰੇ ਹੌਸਲੇ ਤੇ ਅਥਾਰਟੀ ਨਾਲ ਕਹਾਣੀ ਵਿੱਚ ਪ੍ਰਵੇਸ਼ ਪਾ ਰਿਹਾ ਹੈ। ਉਹ ਆਪਣੇ ਬੋਲਾਂ ਨਾਲ ਹੀ ਆਪਣਾ, ਆਪਣੇ ਸੰਕਟ ਦਾ, ਆਪਣੀ ਮਨੋਸਥਿਤੀ ਦਾ ਪਰਿਚੈ ਦੇ ਰਿਹਾ ਹੈ ਜਿਵੇਂ:

*ਕੀ ਕਰ ਸਕਦੀ ਹਾਂ ਮੈਂ, ਕੀ ਏ ਮੇਰੀ ਹੈਸੀਅਤ ? ਕੌਣ ਮੰਨਦਾ ਏ ਮੇਰੀ ? ਦਿਲ ਤਾਂ ਕਰਦਾ ਏ ਕੰਧ ਨਾਲ ਟੱਕਰ ਮਾਰਾਂ, ਵਿਲਕਦਾ ਪਿਆ ਏ ਦਿਲ ਮੇਰਾ, ਅਥਰੂ ਲੁਕਾਉਂਦੀ ਫਿਰਦੀ ਆਂ ਕੁੜੀ ਤੋਂ.....*

*ਟਿਮਕਣੇ/ਸੁਖਵੰਤ ਕੌਰ ਮਾਨ*

*ਇਹ ਕੀ ਹੋ ਗਿਆ ਮੈਨੂੰ ? ਮੈਥੋਂ ਗੁਰੂ ਮਹਾਰਾਜ ਦਾ ਬਖਸ਼ਿਸ਼ ਕੀਤਾ ਅੰਮ੍ਰਿਤ ਭੰਗ ਹੋ ਗਿਆ। ਜਿਸ ਧਰਮ ਨੂੰ ਮੈਂ ਏਨੇ ਸਬਰ ਤੇ ਮਨ ਨੂੰ ਮਾਰ ਕੇ ਨਿਭਾਉਂਦੀ ਆ ਰਹੀ ਸਾਂ, ਅਚਾਨਕ ਟੁੱਟ*



*ਗਿਆ....*

*ਵਿਚਲੀ ਔਰਤ/ਤਲਵਿੰਦਰ ਸਿੰਘ*

*ਇਹ ਮੂੰਹ ਵੱਟ ਕੇ ਸੌਂ ਗਈ ਐ। ਯਾਰ ਇਹਨੂੰ ਅਕਲ ਈ ਨਹੀਂ ? ਆਖਰ ਮੈਂ ਇਹਦੇ ਨਾਲ ਸਾਰੀ ਜ਼ਿੰਦਗੀ ਕੱਟਣੀ ਆਂ, ਇਹਨੂੰ ਪਰਵਾਹ ਈ ਕੋਈ ਨਹੀਂ। ਇਹਨੂੰ ਪੁੱਛਣ ਵਾਲਾ ਹੋਵੇ, ਜੇ ਮੈਂ ਰੋ ਰਿਹਾ ਤਾਂ ਕੁਝ ਤਾਂ ਹੋਇਆ ਈ ਹੋਊ ?*

*ਸੁੰਨ ਖੇਡ/ਦੇਸ ਰਾਜ ਕਾਲੀ*

*ਟੋਕੇ ਵਾਲੀ ਮਸ਼ੀਨ ਵਾਂਗ ਦਿਮਾਗ ਵਿੱਚ ਇੱਕ ਗੰਡਾਸਾ ਜਿਹਾ ਘੁੰਮੀ ਜਾਂਦਾ। ਅੰਦਰ ਹੀ ਵੱਢ ਟੁੱਕ ਜਿਹੀ ਹੋਈ ਜਾ ਰਹੀ ਹੈ। ਪਤਾ ਨਹੀਂ ਕੀ ਸੋਚੀ ਜਾ ਰਿਹਾ ਤੇ ਕੀ ਕਰੀ ਜਾ ਰਿਹਾਂ।*

*ਦੌੜ ਸ਼ੁਰੂ ਹੈ/ਜਸਵੀਰ ਰਾਣਾ*

ਇਹ ਅਤੇ ਇਨ੍ਹਾਂ ਵਰਗੀਆਂ ਅਣਗਿਣਤ ਕਹਾਣੀਆਂ ਵਿੱਚ ਪਾਠਕ ਜੋ ਗ੍ਰਹਿਣ ਕਰ ਰਿਹਾ ਹੈ, ਜੋ ਪ੍ਰਤੱਖ ਰਿਹਾ ਹੈ, ਉਹ ਬਾਹਰੋਂ ਨਹੀਂ ਵਿਖਾਇਆ ਜਾ ਰਿਹਾ, ਬਲਕਿ ਪਾਤਰਾਂ ਦੇ ਲੈਨਜ਼ ਰਾਹੀਂ ਹੀ ਵੇਖਣਾ ਪੈ ਰਿਹਾ ਹੈ। ਇਹ ਜੁਗਤ ਸਿਰਫ ਉਤਮ ਪੁਰਖੀ ਬਿਰਤਾਂਤ ਦੀ ਹੀ ਨਹੀਂ, ਨਿਮਨਪੁਰਖੀ ਬਿਰਤਾਂਤ ਵਿੱਚ ਵੀ ਕਹਾਣੀ ਦਾ ਵਕਤਾ ਪੂਰੀ ਕਹਾਣੀ ਨਿਰਪੱਖ ਰਹਿ ਕੇ ਇਕ ਪਾਤਰ ਦੇ ਪੱਖ ਤੋਂ ਜਾਂ ਇੱਕ ਤੋਂ ਵਧੇਰੇ ਪਾਠਕਾਂ ਦੀ ਚੇਤਨਾ ਰਾਹੀਂ ਫੋਕਸੀਕ੍ਰਿਤ ਕਰ ਜਾਂਦਾ ਹੈ। ਪ੍ਰਮਾਣ ਵਜੋਂ ਬਲਵਿੰਦਰ ਗਰੇਵਾਲ ਦੀ ਕਹਾਣੀ 'ਖੰਡੇ ਦੀ ਧਾਰ' ਵੇਖੀ ਜਾ ਸਕਦੀ ਹੈ। 50 ਸਫਿਆਂ ਵਿੱਚ ਫੈਲੀ ਇਸ ਕਹਾਣੀ ਦੀ ਮੁੱਖ ਪਾਤਰ ਸੂਰਤ ਹੈ। ਸੂਰਤ ਦਾ ਦ੍ਰਿਸ਼ਟੀਕੋਣ (ਜਿਹੜਾ ਕਿ ਔਰਤ ਦੀ ਵੁੱਕਤ, ਵੱਕਾਰ ਅਤੇ ਬਰਾਬਰਤਾ ਦਾ ਹੈ) ਕਹਾਣੀ ਦੀ ਸਮਸਿਆਕਾਰੀ ਦੀ ਮੂਲ ਚੂਲ ਹੈ। ਕਹਾਣੀ ਦਾ ਵਕਤਾ ਸੂਰਤ ਨੂੰ ਆਪਣੇ ਦ੍ਰਿਸ਼ਟੀਕੋਣ ਦੀ ਵਜਾਹਦ ਕਰਨ ਦਾ ਮੌਕਾ ਹੀ ਨਹੀਂ ਦਿੰਦਾ, ਕਹਾਣੀ ਦਾ ਸਮੁੱਚਾ ਸੰਚਾਲਨ ਉਸਦੇ ਹੱਥਾਂ ਵਿੱਚ ਫੜਾ ਦਿੰਦਾ ਹੈ। ਕਹਾਣੀ ਨੂੰ ਸਮੇਂ ਸਥਾਨ ਦੇ ਪਸਾਰਾਂ ਵਿੱਚ ਹੀ ਨਹੀਂ ਗਿਆਨ ਤੇ ਜਜ਼ਬੇ ਦੇ ਪਸਾਰਾਂ ਵਿੱਚ ਫੈਲਾਉਣ ਦੀ ਜ਼ਿੰਮੇਵਾਰੀ ਵੀ ਉਹ ਸੂਰਤ ਤੇ ਪਾ ਵਿਹਲਾ ਹੋ ਜਾਂਦਾ ਹੈ। ਕਹਾਣੀ ਪੜ੍ਹਦਿਆਂ ਅਸੀਂ ਜੋ ਕੁਝ ਵੀ ਪ੍ਰਤੱਖਦੇ ਹਾਂ, ਲਗਭਗ ਉਹ ਉਵੇਂ ਹੀ ਹੈ ਜਿਵੇਂ ਅਸੀਂ ਸੂਰਤ ਦੀਆਂ ਅੱਖਾਂ ਰਾਹੀਂ ਦੇਖ ਰਹੇ ਹੋਈਏ। ਬਿਨਾ ਸ਼ੱਕ, ਉਸਦੇ ਕਰਮਾਂ-ਪ੍ਰਤਿਕਰਮਾਂ, ਭਾਵਾਂ-ਜਜ਼ਬਿਆਂ, ਤਰਕਾਂ-ਵਿਤਰਕਾਂ ਤੱਕ ਸਾਡੀ ਸਿੱਧੀ ਰਸਾਈ ਹੈ, ਪਰ ਵਾਸਤਵ ਵਿੱਚ ਇਹ ਸੂਰਤ ਦੀ ਹੀ ਇਕਹਰੀ ਦ੍ਰਿਸ਼ਟੀ ਹੈ ਜਿਸ ਰਾਹੀਂ ਅਸੀਂ ਕਹਾਣੀ ਵੇਖ ਰਹੇ ਹਾਂ। ਕਹਾਣੀ ਦੇ ਵਾਕ ਹਨ:

*--ਤਿੰਨ ਲੰਮੇ ਵਰ੍ਹੇ ਬੀਤ ਗਏ ਸਨ ਪਰ ਸੂਰਤ ਨੂੰ ਅਜੇ ਵੀ ਲੱਗ ਰਿਹਾ ਸੀ ਕਿ ਉਹ ਇਕੱਲੀ ਖੜ੍ਹੀ ਸੀ ਇਕ ਪਾਸੇ। ਆਨੀ ਬਹਾਨੀ ਤੁੱਖਣੇ ਦਿੰਦੀ ਮਾਂ ਸੀ ਤੇ ਮਾਂ ਦੇ ਮੂੰਹੋਂ ਸਾੜ ਦੇਣ ਵਾਲੇ ਤਾਹਨੇ ਮਿਹਣਿਆਂ ਪਿੱਛੇ ਧਰਮ, ਰੀਤੀ ਰਿਵਾਜ ਅਤੇ ਪਤਾ ਨਹੀਂ ਕਿੰਨੀਆਂ ਹੀ ਮਰਿਆਦਾਵਾਂ ਕਤਾਰ ਬੱਧ ਹੋਈਆਂ, ਪੌੜੀ ਦੇ ਉਹ ਡੰਡੇ ਬਣੀਆਂ ਖੜੀਆਂ ਸਨ ਜਿਨ੍ਹਾਂ ਤੋਂ ਸੂਰਤ ਨੇ ਪੈਰ ਚੁੱਕ ਲਿਆ ਸੀ। ਤੇ ਸੂਰਤ ਆਪਣੇ ਹੱਥ ਆਏ ਪੌੜੀ ਦੇ ਡੰਡੇ ਨਾਲ ਲਟਕ ਰਹੀ ਸੀ ਨਿਪਟ ਇਕੱਲੀ। ਇਸਤੋਂ ਹੇਠਲਾ ਕੋਈ ਡੰਡਾ ਉਹਦੇ ਪੈਰਾਂ ਨੂੰ ਉਪਰ ਚੜਨ ਲਈ ਲੋੜੀਂਦਾ ਸਹਾਰਾ ਨਹੀਂ ਸੀ ਦੇ ਸਕਦਾ। ਉਹਨਾਂ ਡੰਡਿਆਂ ਤੇ ਪੈਰ ਰੱਖਕੇ ਤਾਂ ਉਹ ਬੱਸ ਹੇਠਾਂ ਹੀ ਉਤਰ ਸਕਦੀ ਸੀ ਤੇ ਹੇਠ ਤਾਂ ਉਹ ਉਦੋਂ ਵੀ ਨਹੀਂ ਸੀ ਉਤਰੀ।*

ਕਹਾਣੀ ਵਿੱਚ ਇਹ ਵਾਕ ਪਾਤਰ ਦੇ ਬੋਲ ਨਹੀਂ, ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਵਕਤਾ ਦੀ ਅੰਤਰਬਿਆਨੀ ਹੈ ਪਰ ਜੇ ਇਨ੍ਹਾਂ ਬੋਲਾਂ ਦੇ ਭਾਵ ਵੇਖੀਏ ਤਾਂ ਇਹ ਦ੍ਰਿਸ਼ਟੀਕੋਣ

ਤਾਂ ਸੂਰਤ ਦਾ ਹੀ ਦ੍ਰਿਸ਼ਟੀਕੋਣ ਹੈ। ਸੂਰਤ ਦੇ ਦ੍ਰਿਸ਼ਟੀਕੋਣ ਨਾਲ ਤਦਰੂਪਤਾ ਵਕਤਾ ਸਾਰੀ ਕਹਾਣੀ ਵਿੱਚ ਹੀ ਬਣਾਈ ਰੱਖਦਾ ਹੈ। ਪਰ ਇਸਦਾ ਭਾਵ ਇਹ ਨਹੀਂ ਕਿ ਹੁਣ ਕਹਾਣੀ ਵਿੱਚੋਂ ਵਕਤਾ ਗਾਇਬ ਹੋ ਗਿਆ ਹੈ। ਸਗੋਂ ਇਹ ਵਿਧਾ ਤਾਂ ਦੱਸਦੀ ਹੈ ਕਿ ਸਰਬੰਗ ਵਰਣਨ ਦੀ ਜਿਹੜੀ ਖੁੱਲ੍ਹ ਪਹਿਲਾਂ ਵਕਤਾ ਹਾਜ਼ਰ ਰਹਿ ਕੇ ਮਾਣਦਾ ਸੀ, ਵਾਸਤਵ ਵਿੱਚ ਉਸਨੂੰ ਹੁਣ ਉਹ ਪਾਤਰ ਰਾਹੀਂ ਮੈਨੇਜ ਕਰ ਰਿਹਾ ਹੈ।

ਇਸ ਪਰਥਾਇ ਨਵੀਂ ਪੰਜਾਬੀ ਕਹਾਣੀ ਵਿੱਚ ਉਭਰ ਰਹੇ ਇੱਕ ਹੋਰ ਰੁਝਾਨ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ। ਇਹ ਰੁਝਾਨ ਹੈ ਔਰਤ ਕਹਾਣੀਕਾਰਾਂ ਵੱਲੋਂ ਮਰਦ ਵਕਤਾ ਬਣ ਕੇ ਉਤਮਪੁਰਖੀ ਕਹਾਣੀ ਕਹਿਣ ਦਾ ਅਤੇ ਮਰਦ ਕਹਾਣੀਕਾਰਾਂ ਵੱਲੋਂ ਔਰਤ ਵਕਤਾ/ਮੈਂ ਬਣ ਕੇ ਕਹਾਣੀ ਕਹਿਣ ਦਾ। ਇਸਨੂੰ ਜੈਂਡਰ ਪਾਰ ਹਮਦਰਦੀ ਕਿਹਾ ਜਾਵੇ ਜਾਂ ਦੂਜੇ ਦੇ ਢਿੱਡ ਦੀ ਬੋਲੀ ਬੋਲਣ ਦਾ ਹੁਨਰ, ਪਰ ਨਵੀਂ ਕਹਾਣੀ ਵਿੱਚ ਇਹ ਗੌਲਣਯੋਗ ਹੈ। ਲਾਲ ਸਿੰਘ ਦੀ ਕਹਾਣੀ 'ਚੀਕ ਬੁਲਬੁਲੀ' ਦਾ ਸਮੁੱਚਾ ਕਥਾਨਕੀ ਵੇਰਵਾ ਸਿਰਫ ਦੋ ਔਰਤਾਂ ਦੀਆਂ ਆਪਸੀ ਗੱਲਾਂ ਹਨ। ਵਕਤਾ ਮੂਲੋਂ ਹੀ ਗ਼ੈਰ-ਹਾਜ਼ਰ ਹੈ। ਤਲਵਿੰਦਰ ਸਿੰਘ ਦੀ ਕਹਾਣੀ 'ਵਿਚਲੀ ਔਰਤ', ਜਿੰਦਰ ਦੀ ਕਹਾਣੀ 'ਹੁਣ ਤੱਕ', 'ਆਤਮ ਪੁਰਾਣ', ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ', ਨਿਰਮਲ ਜਸਵਾਲ ਦੀ ਕਹਾਣੀ 'ਕਾਕਟੇਲ', 'ਪਾਪਬੋਧ' ਇਸ ਪ੍ਰਵਿਰਤੀ ਦੀਆਂ ਕੁਝ ਇਕ ਉਦਾਹਰਣਾਂ ਹਨ।

ਨਵੀਂ ਪੰਜਾਬੀ ਕਹਾਣੀ ਵਿੱਚ ਵਕਤਾ ਦੀ ਨਿਰਪੱਖਤਾ ਪਾਠਕ ਨੂੰ ਦਿੱਤੇ ਇਕ ਚਕਮੇ ਦੇ ਰੂਪ ਵਿੱਚ ਵੀ ਪ੍ਰਗਟ ਹੋਈ ਹੈ। ਦੇਹੀ ਵੇਗਾਂ, ਅਮੋੜ ਤਰੰਗਾਂ, ਨਜ਼ਾਇਜ਼ ਖਾਹਿਸ਼ਾਂ ਤੇ ਮਨੋਵਿਕਾਰਾਂ ਨੂੰ ਅਡਿਠ ਸੰਭਾਵਨਾਵਾਂ ਅਤੇ ਅਥਾਹ ਸਮਰਥਾਵਾਂ ਵਾਂਗ ਫੈਲਾ ਦੇਣ ਵਾਲੀਆਂ ਕਹਾਣੀਆਂ ਵਿੱਚ ਵੀ ਵਕਤਾ ਕਹਾਣੀ ਨੂੰ ਪਾਤਰ ਦਾ ਨਿੱਜੀ ਅਤੇ ਅਟੱਲ ਸੱਚ ਬਣਾ ਕੇ ਪੇਸ਼ ਕਰਦਾ ਹੈ। ਇਹ ਚਿੰਤਨ ਇਕ ਖੁਸ਼ ਫਹਿਮ ਧਾਰਨਾ ਨੂੰ ਵੀ ਪ੍ਰਸਾਰਿਤ ਕਰ ਰਿਹਾ ਹੈ ਕਿ ਕਹਾਣੀਆਂ ਤਾਂ ਜਸ਼ਨ ਲਈ ਹੁੰਦੀਆਂ ਹਨ। ਪਰ ਨਵੀਂ ਪੰਜਾਬੀ ਕਹਾਣੀ ਵਿੱਚ ਇਹ ਪ੍ਰਵਿਰਤੀ ਜਿਸ ਜਸ਼ਨ ਦੀ ਕੰਨਸੋ ਦੇ ਰਹੀ ਹੈ ਉਹ ਦੇਹੀ ਜਸ਼ਨ ਤਾਂ ਬਣਦਾ ਹੈ ਰੂਹ ਦਾ ਜਸ਼ਨ ਨਹੀਂ ਬਣ ਸਕਦਾ। ਕਿਸੇ ਮਸਖਰੇ ਨੇ ਕਿਹਾ ਸੀ ਕਿ ਸਾਹਿਤ ਇਸ ਕਰਕੇ ਹੁੰਦਾ ਹੈ ਕਿ ਜਿਨ੍ਹਾਂ ਲੋਕਾਂ ਨਾਲ ਅਸੀਂ ਜ਼ਿੰਦਗੀ ਵਿੱਚ ਨਹੀਂ ਰਹਿਣਾ ਚਾਹੁੰਦੇ, ਉਨ੍ਹਾਂ ਨਾਲ ਕੁੱਝ ਸਮਾਂ ਗੁਜ਼ਾਰ ਸਕੀਏ। ਕੁਝ ਇਹੋ ਜਿਹੀ ਹੀ ਹੋਣੀ ਇਨ੍ਹਾਂ ਕਹਾਣੀਆਂ ਦੀ ਮਿੱਥੀ ਜਾ ਸਕਦੀ ਹੈ। Lorrie Moore ਨੇ ਇੱਕ ਥਾਂ ਲਿਖਿਆ ਹੈ: ....A story lies less. It sings and informs and blurts. It has nothing to lose.

ਸੱਚ ਵੀ ਇਹੀ ਹੈ, ਨਵੀਂ ਪੰਜਾਬੀ ਕਹਾਣੀ ਦਾ ਇਹ ਪਾਠ ਜਿਨ੍ਹਾਂ ਰਿਸ਼ਤਿਆਂ ਦੁਆਲੇ ਭਿਣਭਿਣਾ ਰਿਹਾ ਹੈ, ਉਨ੍ਹਾਂ ਦੀ ਨਜਾਇਜ਼ਤਾ, ਅਵਿਸ਼ਵਾਸਯੋਗਤਾ, ਛਿਣਭੰਗਰਤਾ ਤੇ ਨਿਘਾਰ ਬਾਰੇ ਵੀ ਖੁਦ ਹੀ ਬੋਲ ਰਿਹਾ ਹੈ।

ਨਵੀਂ ਕਹਾਣੀ ਜਿਸ ਯਥਾਰਥ ਨੂੰ ਪ੍ਰਤੱਖ ਤੇ ਪ੍ਰਗਟਾ ਰਹੀ ਹੈ ਉਹ ਨਿਰਸੰਦੇਹ, ਜਟਿਲ ਹੈ। ਇਸਦੀ ਬਿਰਤਾਂਤਕ ਘਾੜਤ ਕਿੰਨੇ ਕੁ ਅਦ੍ਰਿਸ਼ ਜੰਜਾਲਾਂ ਦੀ ਪੇਚੀਦਗੀ ਨੂੰ ਖੋਲ੍ਹ ਕੇ ਅਤੇ ਕਿੰਨੇ ਕੁ ਵਿਰੋਧਭਾਸਾਂ ਨੂੰ ਨਜ਼ਰਅੰਦਾਜ਼ ਕਰਕੇ ਘੜੀ ਜਾ ਸਕੀ ਹੈ, ਇਸਦਾ ਕਿਆਸ ਲਾਉਣਾ ਵੀ ਮੁਸ਼ਕਿਲ ਹੈ। ਮੀਡੀਆ ਦੀ ਕਾਰਜਸ਼ੀਲਤਾ ਇਸ ਲਈ ਨਵੀਂ ਚੁਣੌਤੀ ਬਣ ਰਹੀ ਹੈ। ਸਮਾਜੀ ਮਨੁੱਖੀ ਜ਼ਿੰਦਗੀ ਅਤੇ ਸਮਾਜਕ ਯਥਾਰਥ ਦਾ ਕੋਈ ਐਸਾ ਪਹਿਲੂ ਜਾਂ ਪੱਖ ਨਹੀਂ ਜਿਸਨੂੰ ਅਖਬਾਰ/ਟੀ.ਵੀ. ਨੇ ਅਣਪਛਾਤਾ ਰਹਿਣ ਦਿੱਤਾ ਹੋਵੇ। ਜਿਸ ਨਾਟਕੀਅਤਾ, ਰੌਚਕਤਾ ਤੇ ਸਨਸਨੀ



ਨਾਲ ਆਮ ਮਨੁੱਖ ਮੀਡੀਆ ਵਿੱਚ ਪੇਸ਼ ਕੀਤਾ ਜਾ ਰਿਹਾ ਹੈ, ਉਸਨੂੰ ਵੇਖਣ ਪਿੱਛੋਂ ਪਾਠਕ/ਸ੍ਰੋਤਾ ਕਹਾਣੀ ਕਿਉਂ ਤੇ ਕਾਹਦੇ ਲਈ ਪੜ੍ਹੇ ? ਨਵੀਂ ਪੰਜਾਬੀ ਕਹਾਣੀ ਸਾਹਮਣੇ ਇਹ ਵੱਡੀ ਚੁਣੌਤੀ ਹੈ। ਨਵੀਂ ਪੰਜਾਬੀ ਕਹਾਣੀ ਦੀ ਘਾੜਤ ਵਿੱਚ ਭਾਰੂ ਰੁਚੀ ਇਸ ਤੱਥ ਨੂੰ ਉਪੇਖਿਅਤ ਕਰਕੇ ਲੰਮੇ ਸੰਘਣੇ ਬਿਰਤਾਂਤ ਸਿਰਜਣ ਦੀ ਹੈ। ਸਮਕਾਲੀ ਪੰਜਾਬੀ ਸਮਾਜ ਦਾ ਕੋਈ ਪ੍ਰਸੰਗ ਸੰਦਰਭ ਇਸ ਵੇਲੇ ਕਹਾਣੀ ਤੋਂ ਬਾਹਰ ਨਹੀਂ। ਕਹਾਣੀ ਬੁਣਨ ਲਈ ਬੱਸ ਇਹ ਮਾਪਦੰਡ ਮੰਨ ਲਿਆ ਗਿਆ ਹੈ ਕਿ ਕਹਾਣੀ ਇਕ ਅਨੁਭਵ ਖੰਡ ਦੇ ਵਰਤਮਾਨ ਵਿੱਚ ਪੈਰ ਟਿਕਾਏ ਤੇ ਫਿਰ ਜਿੱਧਰ ਮਰਜ਼ੀ ਝਾਤ ਮਾਰ ਆਵੇ। (ਸਿਰਫ਼ ਮਨਮੋਹਨ ਬਾਵਾ ਦੀਆਂ ਕਹਾਣੀਆਂ ਵਿੱਚ ਹੀ ਮਿਥਕ ਕਥਾਵਾਂ ਨੂੰ ਉਸੇ ਲੋਕੇਲ, ਸਥਿਤੀ, ਪਾਤਰਾਂ ਅਤੇ ਲਗਭਗ ਉਸੇ ਮੁਹਾਵਰੇ ਨਾਲ ਭੂਤ ਕਾਲ ਵਿੱਚ ਹੀ ਬਿਰਤਾਂਤਿਆ ਗਿਆ ਹੈ) ਵਰਨਾ ਲੰਮੀ ਤੋਂ ਲੰਮੀ, ਜਟਿਲ ਤੋਂ ਜਟਿਲ ਕਹਾਣੀ ਵਿੱਚ ਵੀ ਬਣਤਰ ਪੱਖੋਂ ਇਹ ਪੱਕੀ ਸਾਂਝ ਹੈ ਕਿ ਕਹਾਣੀ ਨੇ ਆਪਣੇ ਪੈਰ ਬੜੇ ਸਿਰੜ ਨਾਲ ਵਰਤਮਾਨ ਵਿੱਚ ਟਿਕਾਏ ਹਨ। ਨਵੀਂ ਕਹਾਣੀ ਵਿੱਚ ਕਥਾਨਕ ਪੱਖੋਂ ਵੀ ਕੁਝ ਨਵੇਂ ਪ੍ਰਯੋਗ ਸਨਮੁਖ ਆਏ ਹਨ। ਇਕ ਪ੍ਰਯੋਗ ਜਿਹੜਾ ਨਵੀਂ ਕਹਾਣੀ ਵਿੱਚ ਸਫਲਤਾ ਪਾ ਰਿਹਾ ਹੈ ਉਹ ਕਹਾਣੀ ਨੂੰ ਐਕਟਾਂ/ਐਪੀਸੋਡਾਂ/ਟੁਕੜਿਆਂ ਵਿੱਚ ਵਿਉਂਤ ਕੇ ਨੇੜੇ ਨੇੜੇ ਰੱਖ ਦੇਣ ਦਾ ਹੈ। ਜੁਗਤ ਦੀ ਪੱਧਰ ਤੇ ਇਹ ਟੁਕੜੇ ਅਣਵਿਉਂਤੇ, ਅਧੂਰੇ, ਇਤਫ਼ਾਕਨ ਜੁੜ ਗਏ ਜਾਂ ਜੋੜ ਦਿੱਤੇ ਗਏ ਦਰਸਾਏ ਜਾਂਦੇ ਹਨ। ਪਰ ਮੰਤਵ ਦੀ ਪੱਧਰ ਤੇ ਇਨ੍ਹਾਂ ਦਾ ਮਕਸਦ ਅਸਲੋਂ ਵੱਖਰੀਆਂ (ਘੱਟੋ-ਘੱਟ ਦੋ) ਜਾਪਦੀਆਂ ਸਥਿਤੀਆਂ ਨੂੰ ਇਉਂ ਫੋਕਸੀਕ੍ਰਿਤ ਕਰਨਾ ਹੁੰਦਾ ਹੈ ਕਿ ਉਨ੍ਹਾਂ ਦੇ ਅੰਤਰ ਵਿਰੋਧਾਂ ਤੇ ਅੰਤਰ ਸਾਂਝਾ ਨੂੰ ਉਨ੍ਹਾਂ ਦੇ ਸੂਖਮ ਸਥੂਲ ਤੇ ਕਰੂਡ ਰੂਪ ਵਿੱਚ ਵੀ ਵਿਖਾਇਆ ਜਾ ਸਕੇ। 4 ਐਕਟਾਂ ਵਿੱਚ ਵਿਉਂਤੀ ਅਜਮੇਰ ਸਿੱਧੂ ਦੀ ਕਹਾਣੀ 'ਦਿੱਲੀ ਦੇ ਕਿੰਗਰੇ', ਕੁਝ ਅਣਵਿਉਂਤੇ ਐਪੀਸੋਡਾਂ ਵਿੱਚ ਦਰਸਾਈ ਜਿੰਦਰ ਦੀ ਕਹਾਣੀ 'ਬਿਨ੍ਹਾ ਵਜ੍ਹਾ ਤਾਂ ਨਹੀਂ', ਟੁਕੜਿਆਂ ਵਿੱਚ ਵਿਉਂਤੀ ਦੇਸ ਰਾਜ ਕਾਲੀ ਦੀ ਕਹਾਣੀ 'ਟੁਕੜੇ ਟੁਕੜੇ ਕਹਾਣੀ' ਇਸ ਪ੍ਰਯੋਗ ਦੀਆਂ ਕੁਝ ਸਫਲ ਉਦਾਹਰਣਾਂ ਹਨ। ਇਹ ਪ੍ਰਯੋਗ ਮੀਡੀਆ ਦੀਆਂ ਜੁਗਤਾਂ ਤੋਂ ਪ੍ਰਭਾਵਿਤ ਹੀ ਨਹੀਂ, ਮੀਡੀਆ ਨੂੰ ਆਪਣੇ ਕਥਾਨਕੀ ਖੱਪਿਆਂ ਦਾ ਪੂਰਕ ਵੀ ਮਿੱਥਦਾ ਹੈ। ਇਸ ਪ੍ਰਯੋਗ ਦਾ ਆਧਾਰ ਇਹ ਹੈ ਕਿ ਸੂਚਨਾ ਤੇ ਸੰਚਾਰ ਨਾਲ ਲੱਦੇ ਇਸ ਸਭਿਆਚਾਰਕ ਈਥੋਸ ਵਿੱਚ ਪਾਠਕ/ਸ੍ਰੋਤਾਂ ਪਹਿਲਾਂ ਹੀ ਬਹੁਤ ਸਾਰੀ ਸੂਚਨਾ ਨਾਲ ਲੈਸ ਹੈ। ਇਹ ਸੂਚਨਾ ਕਹਾਣੀ ਨੂੰ ਡੀਕੋਡ ਕਰਨ ਵੇਲੇ ਖੁਦਬਖੁਦ ਕਾਰਜਸ਼ੀਲ ਹੋ ਜਾਂਦੀ ਹੈ। ਇਹ ਜੁਗਤ ਦਰਸਾਉਂਦੀ ਹੈ ਕਿ ਪਾਠਕ ਦੀ ਇਸ ਸਕ੍ਰਿਯ ਭਾਗੀਦਾਰੀ ਤੇ ਜੇ ਯਕੀਨ ਕਰ ਲਿਆ ਜਾਵੇ ਤਾਂ ਪਾਠਕ ਦਾ ਸਮਾਂ ਖਰਾਬ ਕੀਤੇ ਬਿਨਾਂ ਕਹਾਣੀ ਦੀ ਇਕੋਨਮੀ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਇਸਦੇ ਪ੍ਰਮਾਣ ਵਜੋਂ ਦੇਸਰਾਜ ਕਾਲੀ ਦੀ ਕਹਾਣੀ 'ਟੁਕੜੇ ਟੁਕੜੇ ਕਹਾਣੀ' ਡੀਕੋਡ ਕੀਤੀ ਜਾ ਸਕਦੀ ਹੈ। ਛੇ ਸਫਿਆਂ ਦੀ ਇਸ ਕਹਾਣੀ ਵਿੱਚ ਪੂਰਵ ਕਥਨ ਸਮੇਤ ਪੰਜ ਟੁਕੜੇ ਹਨ। ਜਿਨ੍ਹਾਂ ਦੇ ਸਿਰਲੇਖ ਹਨ: 1. ਕਹਾਣੀ ਲਿਖਣ ਤੋਂ ਪਹਿਲਾਂ, 2. ਇਸ ਘਟਨਾ ਤੋਂ ਬਾਅਦ, 3. ਕਹਾਣੀ ਦਾ ਜੋੜ, ਤੋੜ, 4 ਕਹਾਣੀ ਦਾ ਇੱਕ ਵਾਰ ਫਿਰ ਤਿੜਕਣਾ, 5. ਕਹਾਣੀ ਦਾ ਅੰਤ।

ਮੈਂ, ਮਾਂ, ਬੀਵੀ, ਗਹਿਣਿਆਂ ਦਾ ਕਾਰੀਗਰ, ਸ਼ਾਰਧਾ, ਸ਼ੈਲੇਸ਼, ਮਿੱਤਰ ਤੇ ਉਹ ਇਸ ਕਹਾਣੀ ਦੇ ਹਾਜ਼ਰ/ਗੈਰ ਹਾਜ਼ਰ ਕਰਿੰਦੇ ਹਨ। ਟੁੱਟ ਰਿਹਾ ਸਮਾਜ, ਟੁੱਟ ਰਹੇ ਪਰਿਵਾਰ, ਟੁੱਟ ਰਹੇ ਪਰਿਵਾਰ, ਟੁਟ ਰਿਹਾ ਵਿਅਕਤੀ ਇਸ ਕਹਾਣੀ ਦੇ ਫੋਕਸ ਵਿੱਚ ਹੈ। ਪੰਜ ਟੁਕੜਿਆਂ ਵਾਲੀ ਇਸ ਸਰਲ ਤੇ ਬਿਖਰੀ ਜਿਹੀ ਜਾਪਦੀ ਕਹਾਣੀ ਵਿੱਚ ਵਿਅਕਤੀ, ਘਰ ਪਰਿਵਾਰ, ਸਮਾਜ ਦੇ ਤਿੜਕਣ

ਦੀ ਸਮੁੱਚੀ ਮਕੈਨਿਕਸ ਨੂੰ ਸਮਝਿਆ ਜਾ ਸਕਦਾ ਹੈ। ਪੰਜਾਬ ਦਾ ਅਰਥਕ ਮੰਦਵਾੜਾ ਇਸ ਕਹਾਣੀ ਵਿੱਚ ਪਰਿਪੇਖ ਸੋਝੀ ਬਣ ਰਿਹਾ ਹੈ। ਚਿੰਤਾ, ਚੀਕ, ਹੌਕਾ, ਦਿਲ ਫੇਲ, ਆਤਮ ਹੱਤਿਆ ਇਸ ਦੀਆਂ ਅਲਾਮਤਾਂ ਬਣ ਰਹੀਆਂ ਹਨ। ਵਕਤਾ ਕਹਾਣੀ ਵਿੱਚ ਇਹ ਵਿਵੇਕ ਸਿਰਜਣ ਵਿੱਚ ਸਫਲ ਰਹਿੰਦਾ ਹੈ ਕਿ ਤਲਖੀ, ਤਣਾਉ, ਖਿੰਡਰਾਉ, ਨਸਾਂ ਦੀ ਟਸ ਟਸ, ਸੋਚਾਂ ਦੀ ਘੜਮੱਸ ਵਿੱਚ ਇਹ ਅਜੋਕੇ ਮਨੁੱਖ ਦਾ ਪਛਾਣ ਚਿੰਨ੍ਹ ਬਣ ਗਏ ਹਨ ਅਤੇ ਐਲਪ੍ਰੈਕਸ, ਮੈਡੀਟੇਸ਼ਨ, ਡੀਪ ਚੁੰਮਣ, ਆਪਣੇ ਆਪ ਨਾਲ ਮਤਲਬ, 'ਉਹਨਾਂ ਵਰਗਾ ਹੋਣ' ਵਰਗੇ ਆਰੋਪਿਤ ਸੁਝਾਅ/ਪ੍ਰਤਿਮਾਨ ਰਾਹਤ ਦੇ ਬਦਲ ਵਜੋਂ ਉਭਰ ਰਹੇ ਹਨ।

ਕਹਾਣੀ ਦਾ ਪ੍ਰਤੱਖਣ ਇਸ ਗੱਲ ਦੀ ਸੋਝੀ ਵੀ ਪ੍ਰਦਾਨ ਕਰ ਰਿਹਾ ਹੈ ਕਿ ਮਨੁੱਖ ਦੇ, ਪਰਿਵਾਰ ਦੇ, ਸਮਾਜ ਦੇ ਟੁੱਟਣ ਦੇ ਕਾਰਨ ਬਾਹਰ ਹੀ ਨਹੀਂ, ਅਜੋਕੇ ਮਨੁੱਖ ਦੀ ਆਰੋਪਿਤ ਫਿਤਰਤ ਵਿੱਚ ਵੀ ਪਏ ਹਨ। ਆਲੇ ਦੁਆਲੇ ਦੇ ਸ਼ੋਰ ਤੇ ਉੱਪਰ ਜਾਣ ਲਈ ਵਰਤੇ ਜਾਣ ਵਾਲੇ ਹਥ ਕੰਡੇ ਉਸਨੂੰ ਚਾਲੋਂ ਕੁਚਾਲ ਕਰ ਰਹੇ ਹਨ। ਮਨੁੱਖ ਆਪਣੀ ਸਹਿਜਤਾ, ਸਹਿਣਸ਼ੀਲਤਾ, ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਮਿਲ ਬੈਠਣ ਤੇ ਦੂਜੇ ਦੇ ਦੁੱਖ ਨੂੰ ਸਮਝ ਕੇ ਸ਼ਾਮਿਲ ਹੋਣ ਦੀ ਬਿਰਤੀ ਨੂੰ ਤਜ ਰਿਹਾ ਹੈ, ਜਿਹੜੇ ਮਨੁੱਖੀ ਸਮਾਜ ਦੀ ਬੁਨਿਆਦੀ ਹਨ।

ਇਹ ਕਹਾਣੀ ਕਹਾਣੀ ਦੀ ਕਥਾਨਕੀ ਬਣਤਰ ਵਿੱਚ ਹੋ ਰਹੇ ਨਵੇਂ ਪ੍ਰਯੋਗ ਕਰਕੇ ਹੀ ਨਹੀਂ, ਕਹਾਣੀ ਦੀ ਇਕੋਨਮੀ ਵਿੱਚ ਸ਼ਬਦਾਂ ਦੀ ਚਿੰਨ੍ਹਤ ਸਮਰੱਥਾ, ਵਕਤਾ/ਸ੍ਰੋਤਾ ਸੰਬੰਧਾਂ, ਹੋਰ ਸੂਚਨਾ ਸ੍ਰੋਤਾਂ ਦੇ ਸਮਵਿਥ ਕਹਾਣੀ ਵਿਧਾ ਦੀ ਵੱਖਰਤਾ, ਪ੍ਰਸੰਗਿਕਤਾ ਅਤੇ ਸਾਰਥਕਤਾ ਦੇ ਕਈ ਨਵੇਂ ਪਾਸਾਰ ਨੂੰ ਉਦਘਾਟਤ ਕਰਨ ਕਰਕੇ ਵੀ ਮਹੱਤਵਪੂਰਨ ਹੈ। ਦਰਪੇਸ਼ ਚੁਣੌਤੀਆਂ ਵਿੱਚ ਨਵੀਂ ਕਹਾਣੀ ਦੇ ਬਿਰਤਾਂਤਕੀ ਸੰਗਠਨ ਨੂੰ ਅਜਿਹੇ ਬਦਲਾਂ/ਪ੍ਰਤਿਬਦਲਾਂ ਦੀ ਲੋੜ ਹੈ।

ਨਵੀਂ ਕਹਾਣੀ ਦੀ ਸ਼ੈਲੀ ਵਿੱਚ ਇਕ ਹੋਰ ਰੁਝਾਨ ਜਿਹੜਾ ਸੂਖਮ ਰੂਪ ਵਿੱਚ ਉਭਰ ਰਿਹਾ ਹੈ, ਉਹ ਇਹ ਹੈ ਕਿ ਇਹ ਕਹਾਣੀ ਅੰਤ ਉਤੇ ਸਥਿਤੀਆਂ ਨੂੰ ਕੋਈ ਅਣਕਿਆਸਿਆ ਮੋੜਾ ਦੇਣ ਤੋਂ ਗੁਰੇਜ਼ ਕਰ ਰਹੀ ਹੈ। ਆਦਿ, ਮੱਧ, ਸਿਖਰ ਤੇ ਅੰਤ ਦੀ ਪ੍ਰਚਲਿਤ ਪ੍ਰਵਾਨਿਤ ਰੀਤ ਵਾਂਗ ਇਹ ਉਵੇਂ ਆਰੋਪਿਤ ਅੰਤ ਓਰੀਐਂਟਿਡ ਨਹੀਂ। ਇਥੇ ਅੰਤ ਓਰੀਐਂਟਿਡ ਨਾ ਹੋਣ ਤੋਂ ਭਾਵ ਇਹ ਨਹੀਂ ਕਿ ਇਹ ਖੁੱਲ੍ਹੇ ਅੰਤ ਵਾਲੀ ਹੈ ਜਾਂ ਬੰਦ ਅੰਤ ਵਾਲੀ ਨਹੀਂ। ਇੱਥੇ ਇਸ ਤੋਂ ਭਾਵ ਹੈ ਕਿ ਇਹ ਕਹਾਣੀ ਆਪਣੇ ਪਾਤਰ ਦੀਆਂ ਹਾਲਤਾਂ, ਜਜ਼ਬਿਆਂ ਨੂੰ ਮਿੱਥੀ ਹੱਦ ਤੱਕ ਹੀ ਕਸ਼ੀਦਦੀ ਹੈ। ਕਹਾਣੀ ਦਾ ਪਾਤਰ ਬਿਰਤਾਂਤ ਸ੍ਰੋਤੇ ਕੋਲ ਆਪਣਾ ਦਿਲ ਖੋਲ੍ਹਦਾ ਹੈ, ਆਪਣੇ ਹੌਸਲੇ, ਤ੍ਰਾਣ, ਬੇ-ਬਸੀ, ਅਟਲ ਹੋਣੀ, ਰਜਿਸਟੈਂਸ ਜਾਂ ਐਡਵੈਂਚਰ ਦੀ ਬਾਤ ਪਾਉਂਦਾ ਹੈ ਤੇ ਪਾਤਰ ਦੇ ਕਿਸੇ ਹੋਰ ਫੰਧੇ ਵਿੱਚ ਫਸਣ ਤੋਂ ਪਹਿਲਾਂ-ਪਹਿਲਾਂ ਵਕਤਾ ਕਹਾਣੀ ਨੂੰ ਸਮੇਟ ਲੈਂਦਾ ਹੈ।

ਪ੍ਰਮਾਣ ਵਜੋਂ ਸੁਖਵੰਤ ਕੌਰ ਮਾਨ ਦੀ ਕਹਾਣੀ ਟਿਮਕਣੇ ਵੇਖੀ ਜਾ ਸਕਦੀ ਹੈ। ਕਹਾਣੀਕਾਰਾ ਦੀ ਦਿਲਚਸਪੀ ਆਪਣੀ ਕਥਾ ਨਾਇਕਾ ਦੇ ਆਪਣੀ ਧੀ ਅਤੇ ਦੋਹਤੀ ਪ੍ਰਤਿ ਮੁਸ਼ਕਿਲ ਵਿੱਚ ਪਏ ਮੋਹ, ਮਮਤਾ ਅਤੇ ਫਰਜ਼ਾਂ ਵਿੱਚ ਹੈ। ਕਹਾਣੀਕਾਰਾ ਆਪਣੀ ਨਾਇਕਾ ਦੀ ਉਦਾਸੀ, ਫਿਕਰ, ਵਿਸ਼ਾਦ ਅਤੇ ਝੋਰੇ ਦਾ ਬਿਆਨ ਕਰਦੀ ਹੈ। ਉਸਦੇ ਬੋਲਾਂ ਵਿੱਚੋਂ ਉਸਦੀ ਨਿਰਪੱਖਤਾ ਵੀ ਤੇ ਹਮਦਰਦੀ ਵੀ ਮਾਅਰਕੇ ਦੀ ਸੰਜੀਦਗੀ ਨਾਲ ਬੋਲਦੀ ਹੈ। ਪਰ ਕਹਾਣੀ ਦਾ ਅੰਤ ਹੈ:

*ਕੁੱਲੇ ਵਕੀਲ ਨੂੰ ਫੋਨ ਕਰਕੇ ਹਟੀ ਆਂ ਕਿ ਅੱਜ ਫਿਰ ਉਨ੍ਹਾਂ ਭੜਵਿਆਂ ਨੇ ਆਉਣਾ ਏ--ਕੋਈ ਲੇਪਨ ਹੀ ਨਾ ਲਾ ਜਾਣ--ਕਹਿੰਦਾ ਕੋਈ ਨਾ ਅਸੀਂ ਕਾਹਦੇ ਲਈ ਹਾਂ--ਹੁਣੇ ਫੋਨ ਕਰਕੇ ਪਰਤੀ ਹੀ ਹਾਂ ਐਸ.ਟੀ.ਡੀ. ਤੋਂ--ਵੇਖਦੀ ਹਾਂ ਉਹ ਤਾਂ ਆਏ ਵੀ ਬੈਠੇ ਨੇ, ਸਭਾ ਫਿਰ ਸਜ ਗਈ ਏ--ਕੁਲਜੀਤ ਵੀ ਆ ਗਿਆ ਏ--ਕਾਗਜ਼ਾਂ ਦਾ ਆਦਾਨ ਪ੍ਰਦਾਨ ਹੋ ਚੁੱਕਾ ਏ, ਕੁਲਜੀਤ ਨੇ ਕਾਗਜ਼ ਪੱਤਰ ਹਾੜ ਲਏ ਨੇ--ਇਸ਼ਾਰੇ ਨਾਲ ਸਾਈਨ ਕਰਨ ਲਈ ਕਹਿ ਰਿਹਾ ਏ, ਛਿੰਦੋ ਆਪਣੇ ਦਸਤਖਤ ਕਰ ਕਮਰੇ ਅੰਦਰ ਚਲੀ ਗਈ ਏ--ਮੇਰੇ ਹੱਥ ਵਿੱਚ ਫੜਿਆ ਪੈਨ ਕੰਬਦਾ ਜਾ ਰਿਹਾ ਏ-ਹੱਥ ਸੁੰਨ ਜਿਹੇ ਹੋ ਗਏ--ਸਰੂ ਨੂੰ ਆਪਣੇ ਆਪ ਨਾਲੋਂ ਖਿੱਚ ਕੇ ਲਾਹੁੰਦੀ ਨੇ ਮੈਂ ਉਹਦੇ ਦਾਦੇ ਹੱਥ ਉਹਦੀ ਬਾਂਹ ਜਾ ਫੜਾਈ ਏ--ਬਾਰਬੀ ਡੌਲ ਸਰੂ ਦੀ ਕੱਛ 'ਚ ਡਿੱਗ ਕੇ ਫਰਸ਼ ਤੇ ਮੂਧੀ ਜਾ ਪਈ ਏ--ਅੰਦਰੋਂ ਗੁਬਾਰ ਜਿਹਾ ਉਠ ਕੇ ਮੇਰੇ ਸਿਰ ਨੂੰ ਚੜ੍ਹ ਗਿਆ ਏ--ਕੁਝ ਕਹਿਣ ਕਹਿਣ ਕਰਦੀ ਦਾ ਸੰਘ ਜਿਹਾ ਗਿੱਲਾ ਹੋ ਗਿਆ ਏ--ਅੱਖਾਂ ਅੱਗੇ ਹਨੇਰਾ ਜਿਹਾ ਆ ਗਿਆ ਏ--ਅੱਗੋਂ ਦੀ ਦੱਸਣਾ--ਬੱਸ।*



ਅਜੋਕੇ ਸਭਿਆਚਾਰਕ ਈਥੋਸ ਵਿਚ ਜਦੋਂ ਹਰ ਕਿਸਮ ਦੇ ਸੰਕਟਾਂ ਵਿੱਚ ਘਿਰਿਆ ਮਨੁੱਖ ਅਤਿ ਨਿਕਟੀ ਨਿਜਭਾਵੀ ਰਿਸ਼ਤਿਆਂ ਲਈ ਵੀ ਓਪਰਾ ਹੋ ਰਿਹਾ ਹੈ, ਸਿੱਕੇ ਵਾਂਗ ਜੰਮ ਗਏ ਭਾਵਾਂ ਤੇ ਜਜ਼ਬਾਤਾਂ ਨੇ ਉਸਨੂੰ ਸਿਲ ਪੱਥਰ ਬਣਾ ਧਰਿਆ ਹੈ, ਇਨ੍ਹਾਂ ਅੰਦਰਲੇ ਜਮੂਦਾਂ ਨੂੰ ਤੋੜਨਾ ਹੀ ਕਹਾਣੀ ਦਾ ਮਨੋਰਥ ਹੈ/ਹੋਣਾ ਚਾਹੀਦਾ ਹੈ। Loorie Moore ਦਾ ਹੀ ਕਥਨ ਹੈ: If a story is not always, theraputically an axe for the frozen sea within us, then it is at least a pair of brutally sharpened ice skates.

ਕਹਾਣੀਕਾਰ ਨੇ ਪਾਠਕ/ਸ੍ਰੋਤਾ ਨੂੰ ਹਮਰਾਜ਼ ਬਣਾ ਕੇ ਸਿਰਫ਼ ਇਹ ਹੀ ਨਹੀਂ ਦਸਣਾ, ਦਿਖਾਉਣਾ ਜਾਂ ਮੰਨਾਉਣਾ ਕਿ ਕਹਾਣੀ ਦੇ ਇਨ੍ਹਾਂ ਬਾਸ਼ਿੰਦਿਆਂ ਦਾ ਦੁੱਖ ਸੁੱਖ ਸਾਡੇ ਵਰਗਾ ਹੀ ਹੈ ਜਾਂ ਸਾਡੇ ਤੋਂ ਵੀ ਵੱਡਾ ਹੈ। ਕਹਾਣੀ ਨੇ ਤਾਂ ਨਿਰਉਚੇਚ, ਨਿਰਸੰਕੋਚ ਤੇ ਨਿਹਕਪਟ ਰੂਪ ਵਿੱਚ ਇਹ ਦੱਸਣਾ ਹੈ ਕਿ ਇਹ ਜਿਹੜੇ ਸਾਡੇ ਵਰਗਾ ਹੋਣ ਦਾ ਵਿਖਾਵਾ ਕਰਦੇ ਨੇ ਜਾਂ ਜਿਹੜੇ ਸਾਡੇ ਵਰਗੇ ਨਾ ਹੋਣ ਦਾ ਦਾਅਵਾ ਕਰਦੇ ਨੇ, ਇਹ ਅਸਲ ਵਿੱਚ ਅਜਿਹਾ ਕਿੰਜ ਤੇ ਕਿਉਂ ਕਰਦੇ ਨੇ। ਕਹਾਣੀ ਦੀ ਵਿਧਾ ਵਿੱਚ ਸ਼ੈਲੀ ਤੇ ਜੁਗਤ ਪੱਖੋਂ ਆ ਰਹੇ ਸਾਰੇ ਬਦਲਾਵ ਇਸ ਦਿਸ਼ਾ ਵਲ ਅਗਰਸਾਰ ਹੋਣੇ ਚਾਹੀਦੇ ਹਨ ਕਿਉਂਕਿ ਸਮਾਜੀ ਮਨੁੱਖਾਂ ਦਬਾਵਾਂ ਦੇ ਅਥਾਹ ਸਮੁੰਦਰ ਵਿੱਚ ਘਿਰੇ ਅੱਜ ਦੇ ਮਨੁੱਖ ਲਈ ਮਨੁੱਖੀ ਫਿਤਰਤ ਦੀ ਇਹ ਸੋਝੀ ਵੱਡੀ ਰਾਹਤ ਪ੍ਰਦਾਨ ਕਰ ਸਕਦੀ ਹੈ।

ਨਵੀਂ ਪੰਜਾਬੀ ਕਹਾਣੀ ਵਿੱਚ ਸ਼ੈਲੀ ਅਤੇ ਦ੍ਰਿਸ਼ਟੀ ਪੱਖੋਂ ਆਏ ਸਾਰੇ ਬਦਲਾਵ ਇਹ ਦੱਸਦੇ ਹਨ ਕਿ ਅਕਹਿ ਸੰਕਟਾਂ, ਅਦ੍ਰਿਸ਼ ਜਟਿਲਤਾਵਾਂ, ਅਸਹਿ ਦੁਬਿਧਾਵਾਂ ਵਿੱਚ ਘਿਰੇ ਪੰਜਾਬੀ ਬੰਦੇ ਦੀ ਪੈਰਵਾਈ ਕਰਦੀ ਇਸ ਕਹਾਣੀ ਦੇ ਕਥਾ ਨਾਇਕ ਨੇ ਪੰਜਾਬੀ ਪਾਠਕ ਨਾਲ ਗੱਲੀਂ ਪੈ ਕੇ ਜਾਂ ਉਸ ਨੂੰ ਗੱਲਾਂ ਵਿੱਚ ਪਾ ਕੇ ਆਪਣਾ ਹਮਰਾਜ਼ ਬਣਾਉਣ ਵਿੱਚ ਕਲਾਤਮਕ ਨਿਪੁੰਨਤਾ ਹਾਸਲ ਕੀਤੀ ਹੈ।

# ਪ੍ਰੇਮ ਪ੍ਰਕਾਸ਼ ਦੇ ਕਹਾਣੀ ਜਗਤ ਦਾ ਬਿਰਤਾਂਤ ਸ਼ਾਸਤਰ

**-ਪ੍ਰੋ: ਅਮਰਪਾਲ ਸਿੰਘ**

ਬਿਰਤਾਂਤ ਤੇ ਬਿਰਤਾਂਤਕਾਰ ਕ੍ਰਮਵਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ Narrative ਅਤੇ Narrator ਦੇ ਸਮਾਨਾਰਥੀ ਹੀ ਹਨ। ਇਨ੍ਹਾਂ ਤੋਂ ਹੀ ਦਾਰਸ਼ਨਿਕ ਅਨੁਸ਼ਾਸਨ ਦੀ ਪੱਧਰ ਉੱਤੇ ਬਿਰਤਾਂਤ ਸ਼ਾਸਤਰ ਅਰਥਾਤ Narratology ਦੀ ਉਤਪਤੀ ਵੀ ਹੋਈ ਹੈ। ਅੰਗਰੇਜ਼ੀ ਭਾਸ਼ਾ ਅੰਦਰ ਪ੍ਰਚਲਿੱਤ ਲਾਤੀਨੀ ਮੂਲ ਦੇ ਇਨ੍ਹਾਂ ਸ਼ਬਦਾਂ ਦੇ ਅਰਥ ਵੀ ਵਾਰਤਾ, ਵਿੱਥਿਆ, ਕਿੱਸਾ ਜਾਂ ਕਹਾਣੀ ਨਾਲ ਹੀ ਤਾਅਲੁੱਕ ਰੱਖਦੇ ਹਨ।[1] ਇਤਿਹਾਸ ਵਿੱਚ ਮਿਲਦੇ ਪ੍ਰਮਾਣਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਬਿਰਤਾਂਤਕ ਪ੍ਰਵਚਨ ਦੀ ਸਿਰਜਣਾ ਕਰਨਾ ਮਨੁੱਖ ਦਾ ਮੁੱਢ ਕਦੀਮੀ ਕਾਰਜ ਰਿਹਾ ਹੈ। ਦੁਨੀਆਂ ਵਿੱਚ ਬਿਰਤਾਂਤ ਅਣਗਿਣਤ ਹਨ। ਇਹ ਉਚਾਰ, ਭਾਸ਼ਾ, ਬੋਲ ਜਾਂ ਲਿਖਤ ਸਥਿਰ ਜਾਂ ਲਿਖਤ ਬਿੰਬ, ਹਾਵ-ਭਾਵ ਅਤੇ ਇਨ੍ਹਾਂ ਸਾਰਿਆਂ ਮਾਧਿਅਮਾਂ ਦੇ ਮਿਸ਼ਰਣ ਰਾਹੀਂ ਪੇਸ਼ ਹੋ ਸਕਦੇ ਹਨ। ਇਹ ਮਿੱਥ, ਦੰਤ ਕਥਾ, ਨੀਤੀ ਕਥਾ, ਨਾਵਲ, ਮਹਾਂਕਾਵਿ, ਇਤਿਹਾਸ, ਤ੍ਰਾਸਦੀ ਨਾਟਕ, ਕਮਾਦੀ, ਨਕਲ, ਚਿੱਤਰਕਾਰੀ, ਸਿਨੇਮਾ, ਚਿੱਤਰਕਥਾ, ਅਖ਼ਬਾਰੀ ਖ਼ਬਰਾਂ ਤੇ ਵਿਚਾਰ-ਵਟਾਂਦਰੇ ਵਿੱਚ ਵਿਦਮਾਨ ਮਿਲਦਾ ਹੈ। ਰੂਪਾਂ ਦੀ ਅਨੰਤ ਅਸਮਾਨਤਾ ਦੇ ਬਾਵਜੂਦ ਬਿਰਤਾਂਤ ਹਰ ਯੁੱਗ, ਹਰੇਕ ਸਥਾਨ ਤੇ ਹਰ ਸਮਾਜ ਵਿੱਚ ਹੁੰਦਾ ਹੈ। ਕੋਈ ਵੀ ਮਨੁੱਖੀ ਸਮੂਹ ਬਿਰਤਾਂਤ ਤੋਂ ਬਿਨਾਂ ਨਹੀਂ ਮਿਲਦਾ। ਹਰ ਮਨੁੱਖੀ ਸਮੂਹ ਕੋਲ ਉਨ੍ਹਾਂ ਦੇ ਆਪਣੇ ਬਿਰਤਾਂਤ ਹੁੰਦੇ ਹਨ। ਜਿਹਨਾਂ ਨੂੰ ਉਹ ਵੱਖ-ਵੱਖ ਸਭਿਆਚਾਰਕ ਪਿਛੋਕੜਾਂ ਵਾਲੇ ਲੋਕਾਂ ਨਾਲ ਸਾਂਝਾ ਕਰਦੇ ਤੇ ਮਾਣਦੇ ਹਨ ਚੰਗੇ ਜਾਂ ਮੰਦੇ ਸਾਹਿਤ ਦੀ ਵੰਡ ਕੀਤੇ ਬਿਨ੍ਹਾਂ ਕਿਹਾ ਜਾ ਸਕਦਾ ਹੈ ਕਿ ਬਿਰਤਾਂਤ ਅੰਤਰਰਾਸ਼ਟਰੀ ਪਰਾਇਤਿਹਾਸਕ ਅਤੇ ਪਰਾ-ਸਭਿਾਚਾਰਕ ਹੁੰਦੇ ਹਨ। ਇਹ ਸੰਸਾਰ ਦੀਆਂ ਨਵੀਆਂ ਪੁਰਾਣੀਆਂ ਕਹਾਣੀਆਂ ਵਿੱਚ ਇਕ ਸਾਂਝੇ ਤੱਤ ਵੱਜੋਂ ਕਾਰਜਸ਼ੀਲ ਹੁੰਦੇ ਹਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬਿਰਤਾਂਤ ਵਾਸਤਵ ਵਿੱਚ ਜੀਵਨ ਜਿੰਨਾ ਹੀ ਸਰਵ-ਵਿਆਪਕ ਹੁੰਦਾ ਹੈ।[2]

ਬਿਰਤਾਂਤ ਸ਼ਾਸਤਰੀ ਅਧਿਐਨ ਦਾ ਰੁਝਾਨ ਵੀਹਵੀਂ ਸਦੀ ਤੋਂ ਸ਼ੁਰੂ ਹੁੰਦਾ ਹੈ। ਇਸਦੀ ਸ਼ੁਰੂਆਤ ਈ. ਐਮ. ਫਾਸਟਰ ਰਾਹੀਂ 1926 ਈ: ਵਿੱਚ ਕਥਾ ਅਤੇ ਕਥਾਨਕ ਦੇ ਨਿਖੇੜੇ ਤੋਂ ਹੋਈ ਮੰਨੀ ਜਾਂਦੀ ਹੈ। ਬੇਸ਼ੱਕ ਬਿਰਤਾਂਤ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਤੋਦੋਰੋਵ 1969 ਵਿੱਚ ਕਰਦਾ ਹੈ। ਇਸ ਤੋਂ ਬਾਅਦ ਮੈਰੀ ਮੈਕਲੀਨ ਅਤੇ ਵਲਾਦੀਮੀਰ ਪਰਾਪ ਵਰਗੇ ਚਿੰਤਕ ਜਿਨ੍ਹਾਂ ਨੂੰ ਕਿ ਬਿਰਤਾਂਤ ਸ਼ਾਸਤਰ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ, ਨੇ ਗੰਭੀਰਤਾ ਨਾਲ ਇਸ ਖੇਤਰ ਵਿੱਚ ਆਪਣਾ ਹੱਥ ਅਜਮਾਇਆ।[3] ਆਧੁਨਿਕ ਯੁੱਗ ਵਿੱਚ ਬਿਰਤਾਂਤ ਸ਼ਾਸਤਰ ਨੂੰ ਗਲਪ ਦੀ ਵਿਧਾ ਦੇ ਪ੍ਰਸੰਗ ਵਿੱਚ ਸਭ ਤੋਂ ਸ਼ਕਤੀਸ਼ਾਲੀ ਵਿਧੀ ਵੱਜੋਂ ਪਛਾਣਿਆ ਜਾਂਦਾ ਹੈ। ਬਿਰਤਾਂਤ ਸ਼ਾਸਤਰ ਅਜਿਹੀ ਅਧਿਐਨ ਵਿਧੀ ਵਜੋਂ ਉਭਰ ਕੇ ਸਾਹਮਣੇ ਆਇਆ ਹੈ ਜੋ ਕਿ ਬਿਰਤਾਂਤ ਦੇ ਲੱਛਣਾਂ ਦੇ ਵਰਨਣ ਅਤੇ ਉਨ੍ਹਾਂ ਪਿੱਛੇ ਕਾਰਜਸ਼ੀਲ ਨਿਯਮ ਪ੍ਰਬੰਧ ਦੀ ਵਿਆਖਿਆ ਕਰਦੀ ਹੈ। ਇਹੀ ਨਹੀਂ ਬਿਰਤਾਂਤ ਸ਼ਾਸਤਰੀ ਅਕਸਰ ਵਿੱਚ ਦਾਅਵਾ ਵੀ ਕਰਦੇ ਹਨ ਕਿ ਬਿਰਤਾਂਤ ਸ਼ਾਸਤਰ ਕੇਵਲ ਬਿਰਤਾਂਤ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਤੱਕ ਹੀ ਸੀਮਿਤ ਨਹੀਂ ਰਹਿੰਦਾ ਸਗੋਂ ਇਹ ਮਨੋਵਿਗਿਆਨ, ਸੁਹਜ ਸ਼ਾਸਤਰ, ਰਾਜਨੀਤੀ ਵਰਗੇ ਖੇਤਰਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਲਝਾਉਣ ਵਿੱਚ ਮੰਦਦਗਾਰ ਸਾਬਤ ਹੁੰਦਾ ਹੈ। ਇੱਥੇ ਪ੍ਰਸਿੱਧ ਚਿੰਤਕ ਕਲਾਡ ਬਰੈਮੋ ਦਾ ਇਹ ਵਿਚਾਰ ਸਾਰਥਕ ਹੈ ਕਿ ਬਿਰਤਾਂਤਕ ਬ੍ਰਹਿਮੰਡ ਵੀ ਉਨ੍ਹਾਂ ਨਿਯਮਾਂ ਰਾਹੀਂ ਸੰਚਾਲਿਤ ਹੁੰਦਾ ਹੈ ਜੋ ਕਿ ਮਨੁੱਖੀ ਸੋਚ ਅਤੇ ਕਾਰਜ ਨੂੰ ਨਿਯੰਤ੍ਰਿਤ ਕਰਦੇ ਹਨ। ਇਹ ਨਿਯਮ ਤਾਰਕਿਕ ਅਤੇ ਮਰਿਆਦਾਤਮਕ ਬੰਦਿਸ਼ਾਂ ਰਾਹੀਂ ਹੀ ਸਮੁੱਚੇ ਬ੍ਰਹਿਮੰਡ ਦੇ ਰਹੱਸ ਦਾ ਉਦਘਾਟਨ



ਕਰਦੇ ਹਨ।[4]

ਨਿੱਕੀ ਕਹਾਣੀ ਦੀ ਵਿਧਾ ਦੇ ਪ੍ਰਕਰਣ ਵਿੱਚ ਬਿਰਤਾਂਤ ਇਸ ਦੀ ਹੋਂਦ ਵਿਧੀ ਕੇ ਕੁੰਜੀ ਸੰਦਰਭ ਵਜੋਂ ਆਪਣੀ ਭੂਮਿਕਾ ਨਿਭਾਉਂਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਨਿੱਕੀ ਕਹਾਣੀ ਵਿੱਚ ਮਨੁੱਖੀ ਅਨੁਭਵ ਨੂੰ ਪ੍ਰਤੱਖਣ, ਗ੍ਰਹਿਣ ਕਰਨ ਅਤੇ ਫਿਰ ਸੰਚਾਲਿਤ ਕਰਨ ਦੇ ਅਮਲ ਨੂੰ ਨਿਹਾਰਣ ਵਿੱਚ ਬਿਰਤਾਂਤ ਦੀਆਂ ਕਈ ਅਹਿਮ ਰਚਨਾਤਮਕ ਬਾਰੀਕੀਆਂ ਕਾਰਜਸ਼ੀਲ ਹੁੰਦੀਆਂ ਹਨ।[5] ਨਿੱਕੀ ਕਹਾਣੀ ਵਿੱਚ ਬਿਰਤਾਂਤ ਅਤੇ ਵਰਨਣ ਦੋ ਅਜਿਹੇ ਭਾਸ਼ਾਈ ਸੰਕਲਪ ਵੱਜੋਂ ਵਿਦਮਾਨ ਹੁੰਦੇ ਹਨ ਜਿਹੜੇ ਆਪਸ ਵਿੱਚ ਮਿਲਦੀ-ਜੁਲਦੀ ਪ੍ਰਕਿਰਤੀ ਦੇ ਧਾਰਨੀ ਹੁੰਦੇ ਹੋਏ ਵੀ ਸੰਕਲਪ ਦੀ ਪੱਧਰ ਉੱਤੇ ਇਕ ਦੂਜੇ ਤੋਂ ਵੱਖ ਹਨ। ਨਿੱਕੀ ਕਹਾਣੀ ਵਿਚਲਾ ਅਮਲ ਸਥਿਤੀ ਨੂੰ ਗਤੀ ਪ੍ਰਦਾਨ ਕਰਦਾ ਹੈ ਜੋ ਕਿ ਇਸ ਵਿੱਚ ਨਿਰੰਤਰ ਤਬਦੀਲੀ ਲਿਆਉਣ ਦਾ ਮਾਧਿਅਮ ਵੀ ਬਣਦਾ ਹੈ। ਨਿੱਕੀ ਕਹਾਣੀ ਬਿਰਤਾਂਤ ਦੇ ਜਰੀਏ ਨਿਰੰਤਰ ਤਬਦੀਲੀ ਦੇ ਇਸ ਵੇਗ ਨੂੰ ਹੀ ਰੂਪਮਾਨ ਕਰਦੀ ਹੈ। ਇਸ ਤਰ੍ਹਾਂ ਕਹਾਣੀ ਵਿਚਲਾ ਤਨਾਉ ਬਿਰਤਾਂਤ ਦੇ ਉਤਪੰਨ ਹੋਣ ਦਾ ਸਭ ਤੋਂ ਪਹਿਲਾਂ ਕਾਰਨ ਬਣਦਾ ਹੈ।[6]

ਆਧੁਨਿਕ ਪੰਜਾਬੀ ਕਹਾਣੀ ਜਗਤ ਵਿੱਚ ਪ੍ਰੇਮ ਪ੍ਰਕਾਸ਼ ਦਾ ਨਾਂ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਉਸ ਨੇ ਪੰਜਾਬ ਕਹਾਣੀ ਜਗਤ ਨੂੰ ਹੁਣ ਤੱਕ ਹੇਠ ਲਿਖੇ ਸੱਤ ਕਹਾਣੀ ਸੰਗ੍ਰਹਿ ਦਿੱਤੇ ਹਨ:- (1) ਕੱਚਕੜੇ (1966 ਈ.) (2) ਨਮਾਜ਼ੀ (1971 ਈ.) (3) ਮੁਕਤੀ (1980 ਈ.) (4) ਸ਼ਵੇਤਾਂਬਰ ਨੇ ਕਿਹਾ ਸੀ (1980 ਈ.) (5) ਕੁਝ ਅਣਕਿਹਾ ਵੀ (1990 ਈ.) (6) ਰੰਗ ਮੰਚ ਤੇ ਭਿਖਸ਼ੂ (1995 ਈ.) (7) ਸੁਣਦੈ ਖਲੀਫ਼ਾ (2002 ਈ.)

ਬਿਰਤਾਂਤ ਸ਼ਾਸਤਰੀ ਜਾਵੀਏ ਤੋਂ ਉਸਦੀਆਂ ਕਹਾਣੀਆਂ ਸਵੈ-ਜੀਵਨੀ ਪਰਕ ਸ਼ੈਲੀ ਦੇ ਰਾਹੀਂ ਔਰਤ-ਮਰਦ ਦੇ ਆਪਸੀ ਸੰਬੰਧਾਂ ਦੀ ਜਟਿਲਤਾ ਨੂੰ ਨਿਰੂਪਿਤ ਕਰਦੀਆਂ ਹਨ। ਉਸਨੇ ਉਪਰੋਕਤ ਸ਼ੈਲੀ ਰਾਹੀਂ ਉਨ੍ਹਾਂ ਵਿਸ਼ਿਆਂ ਦੇ ਗਿਆਨ ਨੂੰ ਉਜਾਗਰ ਕੀਤਾ ਹੈ ਜਿਨ੍ਹਾਂ ਨੂੰ ਹੁਣ ਤੱਕ ਵਰਜਿਤ ਜਾਂ ਨਿੰਦਾ ਦੇ ਯੋਗ ਸਮਝਿਆ ਜਾਂਦਾ ਹੈ। ਉਸਦੀ ਖਾਸੀਅਤ ਇਹ ਹੈ ਕਿ ਉਹ ਵਸਤੂ ਯਥਾਰਥ ਦੀ ਪੈਰੋਡੀ ਨਹੀਂ ਸਿਰਜਦਾ ਬਲਕਿ ਇਸਦੀ ਬਜਾਇ ਅਸਲੀਅਤ ਸਿਰਜਦਾ ਪ੍ਰਤੀਤ ਹੁੰਦਾ ਹੈ। ਉਹ ਆਪਣੇ ਆਪ ਪ੍ਰਤੀ ਸਵੈ-ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਇੰਨਾ ਕਠੋਰ ਹੈ ਕਿ ਉਸ ਦੁਆਰਾ ਪੇਸ਼ ਕੀਤਾ ਕੋਈ ਵੀ ਵਿਸ਼ਾ ਅੰਤਿਮ ਸੱਚ ਦੇ ਰੂਪ ਵਿੱਚ ਸਾਹਮਣੇ ਨਹੀਂ ਆਉਂਦਾ ਬਲਕਿ ਹਰ ਵਾਰ ਆਪਣੇ ਤੋਂ ਪੂਰਵਲੀ ਧਾਰਨਾ ਨੂੰ ਆਪਣੀ ਆਪ-ਹੁਦਰੀ ਪ੍ਰਕਿਰਤੀ ਕਾਰਨ ਰੱਦ ਕਰ ਦਿੰਦਾ ਹੈ। ਉਸਦੀਆਂ ਕਹਾਣੀਆਂ ਵਿੱਚ ਧਾਰਨਾਵਾਂ ਦੇ ਪ੍ਰਸਤੁਤੀਕਰਨ ਅਤੇ ਫਿਰ ਉਨ੍ਹਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਜਿੱਥੇ ਪਾਠਕ ਦੇ ਵਿਸ਼ੇ ਬਾਰੇ ਗਿਆਨ ਨੂੰ ਹੋਰ ਵਧੇਰੇ ਡੂੰਘਾ ਕਰਦੀ ਹੈ, ਉਥੇ ਇਹ ਬਿਰਤਾਂਤ ਦੀ ਗਤੀ ਨੂੰ ਵੀ ਵਧੇਰੇ ਤੀਬਰ ਕਰਦੀ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚਲਾ ਬਿਰਤਾਂਤ ਸੰਬੋਧਨੀ ਵਿਧੀ ਦੇ ਰਾਹੀਂ ਫੈਲਦਾ ਨਜ਼ਰ ਆਉਂਦਾ ਹੈ। ਉਸਦੀਆਂ ਕਹਾਣੀਆਂ ਵਿੱਚ ਇਕ ਅਜਿਹੀ ਸੰਬਾਦਕੀ ਜੁਗਤ ਵੱਜੋਂ ਸਾਹਮਣੇ ਆਉਂਦੀ ਹੈ ਜਿਸ ਰਾਹੀਂ ਕਹਾਣੀ ਵਿੱਚ ਪ੍ਰਸਤੁਤ ਪਾਤਰਾਂ ਦੀ ਆਪਸੀ ਵਾਰਤਲਾਪ ਰਾਹੀਂ ਕਿਸੇ ਪ੍ਰਸਥਿਤੀ ਜਾਂ ਘਟਨਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਪਰ ਇਹ ਇਕੋ-ਇਕ ਅਜਿਹੀ ਵਿਧੀ ਨਹੀਂ ਜਿਸ ਦੀ ਵਰਤੋਂ ਪ੍ਰੇਮ ਪ੍ਰਕਾਸ਼ ਆਪਣੀਆਂ ਕਹਾਣੀਆਂ ਵਿੱਚ ਕਰਦਾ ਹੈ ਬਲਕਿ ਉਸਦੀਆਂ ਕਈ ਕਹਾਣੀਆਂ ਖੁੱਲ੍ਹੇ ਸਵਾਲ ਦੇ ਰੂਪ ਵਿੱਚ ਵੀ ਪਾਠਕਾਂ ਨੂੰ ਮੁਖਾਤਿਬ ਹੁੰਦੀਆਂ ਹਨ। ਮਿਸਾਲ ਵੱਜੋਂ ਉਸਦੀਆਂ ਕਹਾਣੀ ਸੰਕਟ ਵਿਚਲਾ ਹੇਠ ਲਿਖਿਆ ਪੈਰਾ ਵੇਖਿਆ ਜਾ ਸਕਦਾ ਹੈ :-

ਕਾਹਦੀ ਗੰਢ ? ਕਾਹਦਾ ਕਨਫੈਸ਼ਨ ?....ਹੋ ਸਕਦਾ ਏ ਉਹ ਕਿਸੇ ਨਾਲ ਵਿਆਹ ਕਰਵਾਉਣ

ਲਈ ਮੇਰੇ ਨਾਲ ਮਸ਼ਵਰਾ ਕਰਨਾ ਚਾਹੁੰਦੀ ਹੋਵੇ ਕੋਈ ਰੁਕਾਵਟ ਹੋਵੇ। ਪਰ ਕਨਫੈਸ਼ਨ ਕਾਹਦਾ ?[7]

ਇੱਥੋਂ ਦਿਲਚਸਪ ਨੁਕਤੀ ਇਹ ਹੈ ਕਿ ਉਪਰੋਕਤ ਜੁਗਤ ਉਸਦੀਆਂ ਕਹਾਣੀਆਂ ਵਿੱਚ ਸ਼ੈਲੀ ਤੋਂ ਵਿਧੀ ਤੱਕ ਦਾ ਸਫ਼ਰ ਤਹਿ ਕਰਦੀ ਹੈ ਅਰਥਾਤ ਇਹ ਨਿੱਕੇ-ਨਿੱਕੇ ਪ੍ਰਸ਼ਨਾਂ ਤੋਂ ਲੈ ਕੇ ਜ਼ਿੰਦਗੀ ਦੇ ਵੱਡੇ-ਵੱਡੇ ਦਾਰਸ਼ਨਿਕ ਪ੍ਰਸ਼ਨਾਂ ਤੱਕ ਫੈਲੀ ਹੋਈ ਨਜ਼ਰ ਆਉਂਦੀ ਹੈ। ਇਸ ਦੇ ਸਿੱਟੇ ਵੱਜੋਂ ਉਸਦੀਆਂ ਕਹਾਣੀਆਂ ਵਿੱਚ ਬਿਰਤਾਂਤਕ ਚੱਕਰ (Narrative Cycle) ਵਿੱਚ ਘਟਨਾਤਮਕ ਫੈਲਾਉ ਦੀ ਅਨਿਸ਼ਚਿਤ ਸੀਮਾ ਤੇ ਤੇਜ਼ ਬਿਰਤਾਂਤਕ ਰਫ਼ਤਾਰ ਬੂਮਰੈਂਗ ਦੇ ਵਾਂਗ ਮੁੜ ਮਨੁੱਖੀ ਰਿਸ਼ਤਿਆਂ ਦੇ ਸਮੀਕਰਣਾਂ ਨੂੰ ਪੁਨਰ-ਪਰਿਭਾਸ਼ਿਤ ਕਰਦੀ ਹੈ। ਉਸਦੀਆਂ ਕਹਾਣੀਆਂ ਦਾ ਵਾਚਕ ਪ੍ਰਬੰਧ ਵਧੇਰੇ ਕਰਕੇ ਉੱਤਮ-ਪੁਰਖੀ ਬਣਤਰ ਉੱਤੇ ਖੜ੍ਹਾ ਹੁੰਦਾ ਹੈ। ਬਣਤਰ ਦੀ ਇਸ ਪ੍ਰਕਿਰਿਆ ਦਾ ਬੌਧਿਕ ਅਤੇ ਇਤਿਹਾਸਕ ਤਰਕ ਉਸਦੀਆਂ ਕਹਾਣੀਆਂ ਵਿਚਲੇ ਵਿਸ਼ਿਆਂ ਦੀ ਸੰਕੇਤਕ ਬਿਰਤੀ ਉੱਤੇ ਆਧਾਰਿਤ ਹੈ। ਇਸੇ ਰਾਹੀਂ ਹੀ ਉਹ ਜੀਵਨ ਦੇ ਹਰ ਰੰਗ ਅਤੇ ਸੰਭਾਵਨਾ ਨੂੰ ਉਜਾਗਰ ਵੀ ਕਰਦਾ ਹੈ। ਪਰ ਇਥੇ ਧਿਆਨ ਦੇਣ ਯੋਗ ਨੁਕਤ ਇਹ ਵੀ ਹੈ ਕਿ ਇਹ ਰੰਗ ਸਧਾਰਨਾਤਾ ਵਿੱਚੋਂ ਹੀ ਪੈਦਾ ਹੋਏ ਹਨ। ਇਹ ਆਪਣੇ ਅਸਤਿਤਵ ਨਾਲ ਸੁਹਿਰਦ ਭਾਵਨਾ ਨਾਲ ਸੰਵਾਦ ਰਚਾਉਣ ਦੀ ਪ੍ਰਕਿਰਿਆ ਹੈ। ਇਸ ਦੇ ਸਿੱਟੇ ਵੱਜੋਂ ਇਕ ਅਜਿਹੀ ਸੂਖਮਤਾ ਪੈਦਾ ਹੁੰਦੀ ਹੈ। ਇਕ ਤੋਂ ਵਧੇਰੇ ਚਿੰਨ੍ਹਾਂ ਦੀ ਲੜੀ ਉਸਦੀਆਂ ਕਹਾਣੀਆਂ ਦੀ ਸੁਰ ਨੂੰ ਮੱਧਮ ਪਰ ਵਧੇਰੇ ਤਾਕਤਵਰ ਬਣਾਉਂਦੀ ਹੈ। ਅਜਿਹੀ ਦੂਹਰੀ ਪ੍ਰਕਿਰਤੀ ਕਰਨ ਉਸਦੀਆਂ ਕਹਾਣੀਆਂ ਦਾ ਬਿਰਤਾਂਤ ਸਭਿਅਕ ਜੀਵਨ ਦੇ ਅਖਾਉਤੀਪਨ ਨੂੰ ਕਟਾਖਸ਼ ਦੇ ਨਖਸਤਰਾਂ ਨਾਲ ਚੀਰ ਦਿੰਦਾ ਹੈ। ਇਸਦੇ ਨਾਲ ਹੀ ਉਸਦੀਆਂ ਕਹਾਣੀਆਂ ਸਦੀਵੀ ਸੱਚ ਦੀ ਬਜਾਇ ਹਰ ਸਮੇਂ ਦਾ ਆਪੋ-ਆਪਣਾ ਸੱਚ ਹੋਣ ਦੀ ਧਾਰਨਾ ਨੂੰ ਵਧੇਰੇ ਅਹਿਮੀਅਤ ਦਿੰਦੀਆਂ ਹਨ। ਮਿਸਾਲ ਵੱਜੋਂ ਉਸ ਦੀ ਕਹਾਣੀ 'ਡੈਡ ਲਾਈਨ' ਦੀਆਂ ਇਹ ਲਿਖੀਆਂ ਸਤਰਾਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ-ਸਤਪਾਲ. ਐਸ. ਟੀ. ਆਨੰਦ.ਸੱਤੀ ਜਾਂ ਪਾਲੀ ਮਰਨ ਵਾਲੇ ਦੇ ਹੀ ਨਾਂ ਸਨ। ਜਦ ਮੈਂ ਇਸ ਘਰ ਵਿਚ ਵਿਆਹੀ ਆਈ ਸੀ ਤਾਂ ਸਮਾਜੀ ਰਿਸ਼ਤੇ ਵਿੱਚ ਉਹ ਮੇਰਾ ਦਿਉਰ ਸੀ ਪਰ ਕੁਦਰਤ ਦੇ ਰਿਸ਼ਤੇ ਵਿੱਚ ਮੇਰਾ ਪੁੱਤ ਵੀ ਸੀ, ਭਰਾ ਵੀ ਤੇ ਪ੍ਰੇਮੀ ਵੀ।[8]

ਪ੍ਰੇਮ ਪ੍ਰਕਾਸ਼ ਘਟਨਾਵਾਂ ਦੇ ਲੰਮੇ ਅਤੇ ਕਾਲਕ੍ਰਮਿਕ ਪੈਟਰਨ ਉੱਤੇ ਉੱਸਰੇ ਬਿਰਤਾਂਤ ਦਾ ਰਚੇਤਾ ਨਹੀਂ ਬਲਕਿ ਉਸਦੀ ਕਹਾਣੀ ਬਿਰਤਾਂਤਕ ਥੀਮ ਨੂੰ ਪੇਸ਼ ਕਰਨ ਵਾਲੀਆਂ ਜੁਗਤਾਂ ਦਾ ਇਕ ਮੁਜੱਸਮਾ ਹੈ। ਬਿਰਤਾਂਤ ਵਿਚ ਪ੍ਰਸਤੁਤ ਵਾਪਰਨ ਮਿਆਦ ਦੇ ਪੱਖੋਂ ਉਸਦੀਆਂ ਕਹਾਣੀ ਦਾ ਵਾਪਰਨ ਕਾਲ ਕੁਝ ਮਿੰਟਾਂ ਜਾਂ ਘੰਟਿਆਂ ਵਿੱਚ ਫੈਲਿਆ ਹੋਇਆ ਹੈ। ਇਸਦੇ ਬਾਵਜੂਦ ਇਹ ਆਪਣੇ ਪਿਛੋਕੜ ਵਿੱਚ ਸਮੁੱਚੀ ਜ਼ਿੰਦਗੀ ਹੀ ਨਹੀਂ ਬਲਕਿ ਸਮੂਹਿਕ ਅਵਚੇਤਨ ਦੇ ਸਿਰਜਕ ਵੱਜੋਂ ਸਮੁੱਚੇ ਵੰਸ਼ ਦੇ ਇਤਿਹਾਸ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ-ਉਦਾਹਰਨ ਵੱਜੋਂ 'ਗੜ੍ਹੀ' ਕਹਾਣੀ ਦਾ ਵਰਤਮਾਨ ਸਮਾਂ ਤੇਜ਼ ਜਾ ਰਹੀ ਟਰੇਨ ਵਿੱਚ ਬੈਠੇ ਵਕਤਾ ਨਾਇਕ ਮੈਂ ਦੀ ਇਕ ਸਟੇਸ਼ਨ ਤੋਂ ਦੂਸਰੇ ਸਟੇਸ਼ਨ ਤੱਕ ਦੀ ਯਾਤਰਾ ਹੈ। ਪਰ ਪਿਛਲਝਾਤ ਦੀ ਜੁਗਤ ਦੇ ਮਾਧਿਅਮ ਰਾਹੀਂ ਇਹ ਇਕ ਥੇਹ ਗੜ੍ਹੀ ਦਾ ਪੂਰਾ ਇਤਿਹਾਸ ਸਮੋਈ ਬੈਠਾ ਹੈ। ਲੇਖਕ ਅਵਚੇਤਨ ਵਿੱਚ ਪੂਰੀ ਗੜ੍ਹੀ ਦਾ ਅਜਿਹਾ ਇਤਿਹਾਸ ਸਿਰਜ ਰਿਹਾ ਹੈ ਜਿਸ ਵਿਚਲੇ ਚਾਰੇ ਪਾਤਰਾਂ ਵਿੱਚ ਖੂਨ ਦਾ ਕੋਈ ਰਿਸ਼ਤਾ ਨਹੀਂ। ਇਸਦੇ ਬਾਵਜੂਦ ਵੀ ਇਨ੍ਹਾਂ ਪਾਤਰਾਂ ਦੇ ਆਪਸੀ ਅਸਧਾਰਨ ਰਿਸ਼ਤੇ ਇੱਕ ਦੂਜੇ ਨੂੰ ਡੂੰਘੀ ਤਰ੍ਹਾਂ ਮੁਤਾਸਿਰ ਕਰਦੇ ਹਨ। ਇਸ ਤਰ੍ਹਾਂ 'ਗੜ੍ਹੀ' ਕਹਾਣੀ ਦਾ ਬਿਰਤਾਂਤ ਵਰਤਮਾਨ ਵਿੱਚੋਂ ਇਕ ਅਣਉਲੀਕੇ ਫੈਸਲੇ ਉੱਤੇ ਰੁਕੀ ਮਾਨਸਿਕਤਾ ਦੀਆਂ ਮਰਜ਼ੀਆਂ ਮਜ਼ਬੂਰੀਆਂ ਦਾ ਲੰਮਾ ਪਰਿਪੇਖ ਆਪਣੇ ਵਿੱਚ ਸਮੋਈ ਬੈਠਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਤਰਕ ਘਟਨਾਵੀਂ ਵਿਉਂਤ ਵਿਚੋਂ ਉਸਾਰਨਾ ਇਕ



ਕਠਿਨ ਕਾਰਜ ਹੈ। ਕਿਉਂਕਿ ਉਸ ਦਾ ਵਾਸਤਾ ਘਟਨਾਵੀਂ ਸਰਵੇ ਜਾਂ ਵਿਉਂਤ ਨਾਲ ਘੱਟ ਅਤੇ ਅੰਦਰੂਨੀ ਵਿਅਕਤੀਗਤ ਯਥਾਰਥ ਨਾਲ ਵਧੇਰੇ ਪੈਂਦਾ ਹੈ। ਇਸ ਪ੍ਰਸੰਗ ਵਿੱਚ ਪ੍ਰੇਮ ਪ੍ਰਕਾਸ਼ ਦੀ ਇਕ ਹੋਰ ਕਹਾਣੀ 'ਮੁਕਤੀ' ਦੀ ਵੀ ਮਿਸਾਲ ਦਿੱਤੀ ਜਾ ਸਕਦੀ ਹੈ। ਇਸ ਕਹਾਣੀ ਪਹਿਲੇ ਹਿੱਸੇ ਦੀ ਸ਼ੁਰੂਆਤ ਵਿੱਚ ਸ਼ੁਸਮਾ ਆਪਣੇ ਪਤੀ ਨਾਲ ਲੜ੍ਹ ਕੇ ਵਰਮੇ ਦੇ ਘਰ ਸੁੱਤੀ ਹੋਈ ਦਿਖਾਈ ਗਈ ਹੈ। ਉਹ ਜਾਗਣ ਉਪਰੰਤ ਘਰ ਵਾਪਸ ਜਾਣ ਲਈ ਕੀਤੇ ਫੈਸਲੇ ਤੋਂ ਬਾਅਦ ਕਹਾਣੀ ਦੇ ਬਿਰਤਾਂਤ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ। ਕਹਾਣੀ ਦਾ ਦੂਜਾ ਹਿੱਸਾ ਬਿਮਾਰ ਬਿਸਤਰ ਉੱਤੇ ਪਈ ਸ਼ੁਸਮਾ ਦੀ ਕੁਝ ਘੰਟਿਆਂ ਦੀ ਕਹਾਣੀ ਨੂੰ ਸਿਰਜਦਾ ਹੈ। ਪ੍ਰੰਤੂ ਕਹਾਣੀਕਾਰ ਦਾ ਮੁੱਖ ਮੰਤਵ ਸ਼ੁਸਮਾ ਦੇ ਦਿੱਸਦੇ ਲੌਕਿਕ ਦੁਖਾਂਤ ਦਾ ਅਲੌਕਿਕ ਅਧਿਆਤਮਕ ਅਬਦਲ ਲੱਭਣ ਦੇ ਕਥਾ ਵਿਵੇਕ ਨੂੰ ਵਿਅੰਗਮਈ ਦ੍ਰਿਸ਼ਟੀ ਤੋਂ ਪੇਸ਼ ਕਰਨਾ ਹੈ। ਇਸ ਤਰ੍ਹਾਂ ਉਸਦੀਆਂ ਕਹਾਣੀਆਂ ਵਿੱਚ ਤੱਥਾਂ ਦੀ ਬਜਾਇ ਦਾਰਸ਼ਨਿਕ ਵਿਚਾਰਾਂ ਨੂੰ ਵਧੇਰੇ ਅਹਿਮੀਅਤ ਪ੍ਰਦਾਨ ਕੀਤੀ ਜਾਂਦੀ ਹੈ ਕਿਉਂਕਿ ਉਸਦੀਆਂ ਕਹਾਣੀਆਂ ਵਿਚ ਅਰਥ ਦਾ ਦਰਜਾ ਪ੍ਰਾਥਮਿਕ ਅਤੇ ਪਾਸਾਰ ਦਾ ਦਰਜਾ ਦੁਜੈਲਾ ਹੈ। ਉਸ ਦੀਆਂ ਕਹਾਣੀਆਂ ਵਿੱਚ ਅਰਥ ਉਤਪਾਦਨ ਦੀਆਂ ਘਟਨਾਵਾਂ ਦੀ ਇਕ ਨਵੀਨ ਕ੍ਰਮ ਵੱਜੋਂ ਸਾਹਮਣੇ ਆਉਂਦੀ ਹੈ। ਇਸ ਦੇ ਅੰਤਰਗਤ ਉਸਦੀਆਂ ਕਹਾਣੀਆਂ ਵਿਚਲੇ ਬਿਰਤਾਂਤ ਦੀਆਂ ਆਦਿ, ਮੱਧ ਅਤੇ ਅੰਤ ਦੀਆਂ ਇਕਾਈਆਂ ਨੂੰ ਛੋਟੇ-ਛੋਟੇ ਹਿੱਸਿਆਂ ਦੁਆਰਾ ਸਿਰਜਿਆ ਗਿਆ ਹੈ। ਇਹ ਛੋਟੇ-ਛੋਟੇ ਹਿੱਸੇ ਬਹੁਤੀ ਵਾਰੀ ਦੁਹਰਾਉ ਦਾ ਸ਼ਿਕਾਰ ਹੋ ਜਾਂਦੇ ਹਨ ਇਸੇ ਲਈ ਕੁਝ ਥਾਵਾਂ ਉੱਤੇ ਉਸ ਦੀਆਂ ਕਹਾਣੀਆਂ ਦੁਹਰਾਉ ਅਤੇ ਬਹੁਤਾਤ ਦੀ ਜੁਗਤ ਰਾਹੀਂ ਜਾਂ ਤਾਂ ਇਕੋ ਘਟਨਾ ਨੂੰ ਬਾਰ-ਬਾਰ ਦੁਹਰਾਉਂਦੀਆਂ ਹਨ ਤਾਂ ਫਿਰ ਕਈ ਵਾਰ ਵਾਪਰੀ ਘਟਨਾ ਨੂੰ ਇਕੋ ਪ੍ਰਕਰਣ ਵਿੱਚ ਪੇਸ਼ ਕਰਦੀਆਂ ਹਨ। ਇਸ ਤਰ੍ਹਾਂ ਉਸਦੀਆਂ ਕਹਾਣੀਆਂ ਵਿਚਲੇ ਕਥਾਨਕ ਵਿੱਚ ਦੁਹਰਾਉ ਨੀਰਸ ਹੋਣ ਦੀ ਬਜਾਇ ਮਨੁੱਖੀ ਯਥਾਰਥ ਦੀਆਂ ਵਿਵਿਧ ਸੰਭਾਵਨਾਵਾਂ ਨੂੰ ਉਜਾਗਰ ਕਰਕੇ ਰੋਚਕ ਹੋ ਨਿਬੜਦਾ ਹੈ।

ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਆਰੰਭ ਇਕ ਦਮ ਅਤੇ ਘਟਨਾਵੀ ਬਿਰਤਾਂਤ ਦੀ ਅਕਸਰ ਸਿਖਰਲੀ ਸਥਿਤੀ ਉੱਤੇ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਕਹਾਣੀ ਨੇ ਉਸ ਤੋਂ ਅਗਾਂਹ ਨਹੀਂ ਤੁਰਨਾ ਹੁੰਦਾ ਸਗੋਂ ਉੱਥੇ ਤੱਕ ਪਹੁੰਚਣਾ ਹੁੰਦਾ ਹੈ, ਸਫਰ ਤਹਿ ਕਰਨਾ ਹੁੰਦਾ ਹੈ। ਉਸਦੀ ਕਹਾਣੀ ਦਾ ਆਦਿ ਅਤੇ ਅੰਤ ਲਗਭਗ ਇਕੋ ਨੁਕਤੇ 'ਤੇ ਆ ਕੇ ਜੁੜ ਜਾਂਦਾ ਹੈ। ਇਸ ਨਾਲ ਉਸ ਦੀਆਂ ਕਹਾਣੀਆਂ ਵਿਚ ਕਥਾਨਕ ਦਾ ਸਮੁੱਚਾ ਬਿਰਤਾਂਤ ਕਥਾਨਕੀ ਚੱਕਰ ਰਾਹੀਂ ਭੂਤ ਅਤੇ ਵਰਤਮਾਨ ਦੋਹਾਂ ਨੂੰ ਸੰਬੋਧਿਤ ਕਰਦਾ ਹੈ। ਇਸ ਦੇ ਸਿੱਟੇ ਵਜੋਂ ਹੀ ਉਸ ਦੀਆਂ ਕਹਾਣੀਆਂ ਵਿਚ ਪਿਛਲਝਾਤ ਦੀ ਵਿਧੀ ਸਭ ਤੋਂ ਵਧੇਰੇ ਵਰਤੀ ਗਈ ਜੁਗਤ ਵਜੋਂ ਸਾਹਮਣੇ ਆਉਂਦੀ ਹੈ। ਜਿਥੇ ਆਮ ਕਹਾਣੀਆਂ ਅਕਸਰ ਹੀ ਲੰਮੇ ਲਕੀਰੀ ਬਿਰਤਾਂਤ ਦਾ ਸਫਰ ਤਹਿ ਕਰਦੀਆਂ ਹਨ, ਉੱਥੇ ਬਿਰਤਾਂਤ ਸ਼ਾਸਤਰੀ ਪਰਿਪੇਖ ਵਿਚ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਗੋਲਾਕਾਰ ਸਰੰਚਨਾ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਮਿਸਾਲ ਵੱਜੋਂ ਮੈਡਮ ਕਹਾਣੀ ਦਾ ਪਹਿਲਾਂ ਅਤੇ ਅੰਤਲਾ ਪੈਰਾ ਹੇਠ ਲਿਖੇ ਇਕੋ ਵਾਕ ਤੋਂ ਸ਼ੁਰੂ ਹੁੰਦਾ ਹੈ :- "ਜਦੋਂ ਚੰਦਨਵੰਸ਼ੀ ਨੇ ਸ਼ਰਾਬ ਦਾ ਗਲਾਸ ਵਗਾਹ ਫਰਸ਼ ਦੇ ਮਾਰਿਆ ਸੀ।"

ਕਹਾਣੀ ਦਾ ਆਦਿ ਇਸ ਵਾਕ ਨੂੰ ਕਲਾ ਅਤੇ ਯਥਾਰਥ ਦੇ ਆਪਸੀ ਸੰਬੰਧਾਂ ਦੇ ਵੇਗ ਨਾਲ ਜੋੜਦਾ ਹੈ ਤਾਂ ਅੰਤ ਮੈਡਮ ਦੀ ਭਟਕਣਾ ਦੁੱਖ ਅਤੇ ਗੁਬਾਰਨੁਮਾ ਹੰਕਾਰ ਦਾ ਪਰਦਾ ਫਾਸ਼ ਕਰਦਾ ਹੈ। ਪਰ ਇਨ੍ਹਾਂ ਦੋਵਾਂ ਬਿੰਦੂਆਂ ਨੂੰ ਜੋੜਨ ਵਾਲੀ ਬਿਰਤਾਂਤਕ ਸਰੰਚਨਾ ਮਨੋਵਿਸ਼ਲੇਸ਼ਣ ਰਾਹੀਂ ਕਰਨ ਕਰਜ ਅਤੇ ਵਾਰਤਾਲਾਪ ਦੀ ਜੁਗਤ ਰਾਹੀਂ ਹਕੀਕਤ ਨੂੰ ਨਸਰ ਕਰਦੀ ਹੈ। ਉਸਦੀਆਂ ਕਹਾਣੀਆਂ ਵਿਚ ਪਹਿਲਾਂ ਵਾਕ ਅੰਤਲੇ ਪੈਰੇ ਵਿਚ ਅਕਸਰ ਦੀ ਦੁਹਾਇਆ ਜਾਂਦਾ ਹੈ ਜੋ ਕਿ

ਵਰਤਮਾਨ ਨੂੰ ਪਿਛਲਝਾਤ ਨਾਲ ਜੋੜਨ ਦਾ ਰੋਲ ਅਦਾ ਕਰਦਾ ਹੈ।

ਸੋ ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਸਾਰਾਂਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਬਿਰਤਾਂਤ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਇਕੋ ਵੇਲੇ ਕਈ ਨੇਮਾਂ ਨੂੰ ਇਕੱਠੀਆਂ ਲੈ ਕੇ ਚਲਦੀਆਂ ਹਨ। ਉਸਦੀ ਬਿਰਤਾਂਤਕਾਰੀ ਵਿਚ ਫੈਕਸ਼ੀਕਰਨ ਤਕਨੀਕੀ ਪੱਖ ਤੋਂ ਕਈ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ। ਇਸ ਵਿਧੀ ਰਾਹੀਂ ਉਹ ਕਈ ਵਾਰ ਇਨ੍ਹਾਂ ਤਾਕਤਵਰ ਹੋ ਜਾਂਦਾ ਹੈ ਕਿ ਉਹ ਪਾਠ ਤੋਂ ਬਾਹਰ ਜਾ ਕੇ ਵੀ ਆਸਾਨੀ ਨਾਲ ਬਿਰਤਾਂਤ ਜੁਗਤਾਂ ਦਾ ਸੰਚਾਲਨ ਕਰ ਸਕਣ ਦੇ ਸਮੱਰਥ ਹੁੰਦਾ ਹੈ। ਉਸਦੀਆਂ ਕਹਾਣੀਆਂ ਵਿਚਲਾ ਬਿਰਤਾਂਤ ਆਂਤਿਰਕ ਫੈਕਸ਼ੀਕਰਨ ਦੀਆਂ ਤਿੰਨੇ ਸੰਭਾਵਨਾਵਾਂ ਅਰਥਾਤ ਸਥਿਰ ਬਦਲਵਾਂ ਅਤੇ ਬਹੁਪਰਤੀ ਫੈਕਸ਼ੀਕਰਨ ਹੰਢਾਉਂਦਾ ਹੈ। ਇਸ ਤਰ੍ਹਾਂ ਉਸ ਦੀਆਂ ਕਹਾਣੀਆਂ ਵਿਚਲਾ ਬਿਰਤਾਂਤ ਇਕੋ ਵੇਲੇ ਵਿਕਾਸਸ਼ੀਲ ਅਤੇ ਵਿਕਸਿਤ ਦੋਵਾਂ ਸਥਿਤੀਆਂ ਦੇ ਦਰਮਿਆਨ ਯਾਤਰਾ ਤੈਅ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ :**

1. As Quoted by C.D. Version of Encyclopaedia Britanica. P. 511. 2. Roland Barthes, Image, Music Text, Fonlana, London, 1984, P. 84 3. Mieke Bal, Narratology : Introduction to the theory of Narrative, Toronto University Press Toronto, 1985 P. 9 4. As Quoted by Jeremy Tumbling, Narative and Ideology Open University Press 1991, P. 48. 5. ਸੁਖਪਾਲ ਸਿੰਘ ਥਿੰਦ, ਬਿਰਤਾਂਤ ਸ਼ਾਸਤਰ : ਉਤਰ ਆਧੁਨਿਕ ਪਰਿਪੇਖ, ਮਨਪ੍ਰੀਤ ਪ੍ਰਕਾਸ਼ਨ ਦਿੱਲੀ, 2002 ਪੰਨਾ 16 6. ਧਨਵੰਤ ਕੌਰ, ਆਧੁਨਿਕ ਪੰਜਾਬ ਕਹਾਣੀ : ਬਿਰਤਾਂਤ ਸ਼ਾਸਤਰੀ ਪਰਿਪੇਖ, ਆਰਸੀ ਪਬਲਿਸ਼ਰਜ਼, ਦਿੱਲੀ 1994, ਪੰਨਾ 82 7. ਪ੍ਰੇਮ ਪ੍ਰਕਾਸ਼, ਕਥਾ ਅਨੰਤ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ 1995, ਪੰਨਾ 179. 8. ਉਹੀ, ਪੰਨਾ 335 9. ਉਹੀ, ਪੰਨਾ 129

## ਸਾਹਿਤ ਅਕੈਡਮੀ ਅਵਾਰਡ 2006 ਲਈ ਚੁਣੀਆਂ ਗਈਆਂ ਅੰਤਿਮ ਦੌਰ ਦੀਆਂ ਪੁਸਤਕਾਂ

(ਪ੍ਰਕਾਸ਼ਨ ਸਾਲ 2002-2004)

1. ਇਸ਼ਕ ਬਾਝੋਂ ਨਮਾਜ ਦਾ ਹੱਜ ਨਾਹੀਂ (ਅਜਮੇਰ ਸਿੰਘ ਔਲਖ) 2. ਯੁੱਧਨਾਦ (ਮਨਮੋਹਨ ਬਾਵਾ) 3. ਕੌਰਵ ਸਭਾ (ਮਿੱਤਰ ਸੇਨ ਮੀਤ) 4. ਅੰਨਦਾਤਾ (ਬਲਦੇਵ ਸਿੰਘ) 5. ਰੇਤ (ਹਰਜੀਤ ਅਟਵਾਲ) 6. ਕੰਡਾ (ਦਰਸ਼ਨ ਸਿੰਘ) 7. ਉਹ ਨਹੀਂ ਆਉਣਗੇ (ਸੁਖਵੰਤ ਕੌਰ ਮਾਨ) 8. ਵਿਰਧ ਲੋਕ (ਸੁਰਜੀਤ ਹਾਂਸ) 9. ਵਰਜਣਾਂ ਤੋਂ ਪਾਰ (ਬਲਬੀਰ ਪਰਵਾਨਾ) 10. ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ (ਮਹਿੰਦਰ ਕੌਰ ਗਿੱਲ) 11. ਖਾਰਜ ਨਾਦ (ਵਨੀਤਾ) 12. ਲੋਕ ਮਨਾਂ ਦਾ ਰਾਜਾ (ਸਤੀਸ਼ ਕੁਮਾਰ ਵਰਮਾ) 13. ਮੈਂ ਤਾਂ ਇਕ ਸਰੰਗੀ ਹਾਂ (ਆਤਮ ਜੀਤ)

ਜਿਊਰੀ ਦੇ ਮੈਂਬਰ : ਰਾਮ ਸਰੂਪ ਅਣਖੀ, ਡਾ. ਦੀਪਕ ਮਨਮੋਹਨ ਸਿੰਘ ਅਤੇ ਡਾ. ਹਰਭਜਨ ਸਿੰਘ ਭਾਟੀਆ



## ਨਵੀਆਂ ਕਿਤਾਬਾਂ ਦੇ ਸੰਗ

### ਸੰਵਾਦ ਦਰ ਸੰਵਾਦ/ਮੋਹਨ ਤਿਆਗੀ-ਡਾ. ਜਗਦੀਪ ਸਿੰਘ

'ਸੰਵਾਦ ਦਰ ਸੰਵਾਦ' ਮੋਹ ਤਿਆਗੀ ਦੁਆਰਾ ਸੰਪਾਦਤ ਆਲੋਚਨਾਤਮਕ ਪੁਸਤਕ ਹੈ। ਇਸ ਆਲੋਚਨਾ ਦਾ ਮੂਲ ਆਧਾਰ ਪਰਵਾਸੀ ਪੰਜਾਬੀ ਕਥਾ ਸਾਹਿਤ ਹੈ। ਪਰਵਾਸੀ ਪੰਜਾਬੀ ਕਥਾ ਸਾਹਿਤ ਪਰਵਾਸੀ ਪੰਜਾਬੀ ਸਾਹਿਤਕਾਰਾਂ ਦੇ ਬਿਖੜੇ ਪੈਂਡਿਆਂ ਦਾ ਦਸਤਾਵੇਜ਼ ਹੈ। ਇਸਦੀ ਅਹਿਮੀਅਤ ਨੂੰ ਸਮਝਦੇ ਹੋਏ ਪੰਜਾਬੀ ਸਾਹਿਤ ਦੇ ਵਿਦਵਾਨਾਂ ਨੇ ਇਸ ਸਾਹਿਤ ਨੂੰ ਇਕ ਵੱਖਰਾ ਅੰਗ ਮੰਨ ਕੇ ਇਸਦੇ ਅਧਿਐਨ ਲਈ ਯੂਨੀਵਰਸਿਟੀਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਖੋਜ ਕਾਰਜ ਆਰੰਭਿਆ ਹੋਇਆ ਹੈ। ਮੋਹਨ ਤਿਆਗੀ ਵੱਲੋਂ ਸੰਪਾਦਤ ਇਹ ਪੁਸਤਕ ਉਸ ਖੋਜ ਕਾਰਜ ਵਿੱਚ ਨਿੱਗਰ ਵਾਧਾ ਕਰਦੀ ਹੈ। ਇਸ ਵਿੱਚ ਗਿਆਰ੍ਹਾਂ ਆਲੋਚਨਾਤਮਕ ਨਿਬੰਧ ਹਨ ਜੋ ਸਿਧਾਂਤਕ ਤੇ ਵਿਹਾਰਕ ਪੱਖਾਂ 'ਤੇ ਰੌਸ਼ਨੀ ਪਾਉਂਦੇ ਹਨ। ਕਥਾ ਦੇ ਸਮੁੱਚੇ ਸੰਦਰਭ ਨੂੰ ਉਜਾਗਰ ਕਰਨ ਲਈ ਵਿਦਵਾਨਾਂ ਨੇ ਬਿਰਤਾਂਤਕ, ਸਭਿਆਚਾਰਕ, ਰਾਜਨੀਤਕ, ਅਜਨਬੀਅਤ, ਨਾਰੀ ਚੇਤਨਾ ਆਦਿ ਮਸਲੇ ਕੇਂਦਰ ਵਿੱਚ ਰੱਖੇ ਹਨ। ਇਸ ਪੁਸਤਕ ਵਿੱਚ ਪੰਜਾਬੀ ਦੇ ਉੱਘੇ ਵਿਦਵਾਨਾਂ ਦੇ ਨਿਬੰਧ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਡਾ. ਸੁਖਵਿੰਦਰ ਸਿੰਘ ਰੰਧਾਵਾ,ਡਾ. ਗੁਰਮੀਤ ਕੱਲਰਮਾਜਰੀ, ਡਾ. ਰਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਹਰਬਖ਼ਸ਼ ਮਕਸੂਦਪੁਰੀ, ਡਾ. ਸਰਬਜੀਤ ਸਿੰਘ, ਡਾ. ਲਕਸ਼ਮੀ ਨਾਰਾਇਣ ਭੀਖੀ ਅਤੇ ਡਾ. ਕਰਮਜੀਤ ਸਿੰਘ ਦੇ ਨਾਂ ਵਰਨਣਯੋਗ ਹਨ। ਆਸ ਹੈ, ਇਹ ਪੁਸਤਕ ਵਿਦਵਾਨਾਂ ਤੇ ਵਿਦਿਆਰਥੀਆਂ ਲਈ ਮੁੱਲਵਾਨ ਸਾਬਤ ਹੋਵੇਗੀ।

### ਕਾਸ਼/ ਕੁਲਦੀਪ ਸਿੰਘ ਬੇਦੀ

'ਕਾਸ਼' ਕੁਲਦੀਪ ਸਿੰਘ ਬੇਦੀ ਦਾ ਤੀਸਰਾ ਨਾਵਲ ਹੈ। ਇਸ ਵਿਚ ਉਸਨੇ ਲੱਤਾਂ ਤੋਂ ਹੀਣੀ ਇਕ ਅਪਾਹਜ ਔਰਤ ਦੇ ਬਚਪਨ ਤੋਂ ਲੈ ਕੇ ਭਰ ਜਵਾਨੀ ਤਕ ਭੋਗੇ ਸੰਤਾਪ ਨੂੰ ਬਾਖੂਬੀ ਚਿਤਰਿਆ ਹੈ। ਸਮਾਜ ਵਿੱਚ ਅਪਾਹਜਾਂ ਪ੍ਰਤਿ ਧਾਰਨ ਕੀਤਾ ਜਾਂਦਾ ਵਤੀਰਾ, ਇਸ ਵਤੀਰੇ ਤੋਂ ਪੈਦਾ ਹੋਇਆ ਮਾਨਸਿਕ ਸੰਘਰਸ਼ ਤੇ ਇਸ ਸੰਘਰਸ਼ ਵਿੱਚੋਂ ਪੈਦਾ ਹੋਈ ਕੁਝ ਕਰ ਗੁਜ਼ਰਨ ਦੀ ਤਾਂਘ ਨਾਇਕਾ ਨੂੰ ਮਿਹਨਤ ਨਾਲ ਅਧਿਆਪਕ ਬਣਨ ਤੇ ਫਿਰ ਸਾਖ਼ਰਤਾ ਮੁਹਿੰਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦੇ ਨਾਲ-ਨਾਲ ਸਮਾਜ ਸੇਵਕਾ ਬਣਾ ਦਿੰਦੀ ਹੈ। ਇਸ ਤਰ੍ਹਾਂ ਉਹ ਆਪਣੀ ਪ੍ਰਤਿਭਾ ਨੂੰ ਨਿਖਾਰ ਕੇ ਅਪਾਹਜ ਹੋਣ ਦੀ ਹੀਣਤਾ ਨੂੰ ਗੌਰਵਸ਼ਾਲੀ ਮਨੁੱਖੀ ਫ਼ਰਜ਼ਾਂ ਵਿੱਚ ਤਬਦੀਲ ਕਰਕੇ ਸਮਾਜ ਵਿੱਚ ਮਾਣਯੋਗ ਸਥਾਨ ਪ੍ਰਾਪਤ ਕਰ ਲੈਂਦੀ ਹੈ। ਇਸ ਸਭ ਦੇ ਬਾਵਜਦੂ ਉਸਦੀ ਜ਼ਿੰਦਗੀ ਦਾ ਸਤਰੰਗਾ ਭਾਗ ਵਰਜਣਾਵਾਂ ਦੀ ਮਾਰ ਹੇਠ ਆਇਆ, ਮੁਹੱਬਤ ਦੀ ਅਣਹੋਂਦ ਕਾਰਨ ਵਧੇਰੇ ਕਰਕੇ ਹਨੇਰੇ ਵਿੱਚ ਡੁੱਬਾ ਰਹਿੰਦਾ ਹੈ। ਉਹ ਆਪਣੀ ਮੁਹੱਬਤ ਦਾ ਗਲਾ ਘੁੱਟ ਕੇ ਅਤ੍ਰਿਪਤ ਹੀ ਮਰ ਜਾਂਦੀ ਹੈ। ਨਾਵਲਕਾਰ ਨੇ ਔਰਤ ਦੇ ਮਨੋਭਾਵਾਂ ਨੂੰ ਬੜੇ ਭਾਵੁਕ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਨਾਇਕਾ ਦੀਆਂ ਇੱਛਾਵਾਂ ਦੇ ਵੇਗ ਅੰਗਿਆਰਾਂ ਵਾਂਗ ਦਗਦੇ ਹਨ ਪਰ ਉਹ ਹੀਣਤਾ ਕਾਰਨ ਇਨ੍ਹਾਂ ਉੱਤੇ ਮੁਹੱਬਤ ਦੀ ਠੰਡੀ-ਮਿੱਠੀ ਫੁਹਾਰ ਪੈਣ ਹੀ ਨਹੀਂ ਦਿੰਦੀ, ਜਿਸ ਕਾਰਨ ਇਹ ਅੰਗਿਆਰ ਹੋਰ ਦਹਿਕਦੇ ਹਨ। ਉਸਨੂੰ ਜਿਸਮ ਭੋਗਣ ਵਾਲੇ ਤਾਂ ਕਈ ਮਿਲਦੇ ਹਨ ਪਰ ਉਹ ਮੁਹੱਬਤ ਦਾ ਸਾਥ ਚਾਹੁੰਦੀ ਹੈ। ਜਿਸ ਮੁਹੱਬਤ ਤੋਂ ਉਹ ਖੁਦ ਇਨਕਾਰ ਕਰਦੀ ਹੈ, ਆਖਰ ਉਸੇ ਲਈ ਤੜਫਦੀ ਹੈ ਤੇ ਇਹ ਤੜਫ਼ ਹੀ ਉਸਦਾ ਭਰ ਜਵਾਨੀ ਵਿਚ ਅੰਤ ਕਰ ਦਿੰਦੀ ਹੈ। ਨਾਵਲਕਾਰ ਨੇ ਇਸ ਨਾਵਲ ਰਾਹੀਂ ਸਮਾਜ ਦੇ ਕਈ ਕੁਹਜੇ ਪੱਖਾਂ ਨੂੰ ਵੀ ਨੰਗਾ ਕੀਤਾ ਹੈ ਤੇ ਪੈਸਾ ਕਦਰਾਂ ਦੇ ਸਨਮੁਖ ਅਰਥਹੀਣ ਹੁੰਦੇ ਰਿਸ਼ਤਿਆਂ ਦੇ ਗੌਰਵ ਨੂੰ ਵੀ ਪਰ ਇਸਦੇ ਬਾਵਜੂਦ ਉਸਨੇ ਮੁਹੱਬਤ ਦੇ ਬੇਗਰਜ਼ ਰਿਸ਼ਤਿਆਂ ਵਿੱਚੋਂ ਮਾਨਵੀ ਮੁੱਲਾਂ ਨੂੰ ਉਜਾਗਰ ਕਰਕੇ ਮਾਂ ਜਾਏ ਰਿਸ਼ਤਿਆਂ ਤੇ ਮੁਹੱਬਤ ਦੇ ਰਿਸ਼ਤਿਆਂ ਵਿੱਚੋਂ ਨਵੇਂ ਸੁਰ ਉਭਾਰਣ ਦਾ ਸੁਹਿਰਦ ਯਤਨ ਕੀਤਾ ਹੈ। ਲੋਕਗੀਤ ਵੱਲੋਂ ਪ੍ਰਕਾਸ਼ਤ ਇਸ ਨਾਵਲ ਦੇ ਇਕ ਸੌ ਚੁਤਾਲੀ ਪੰਨੇ ਤੇ ਮੁੱਲ

ਡੇਢ ਸੌ ਰੁਪਏ ਹੈ। ਆਸ ਹੈ ਮੁਹੱਬਤੀ ਰੰਗਾਂ ਦੀ ਚਾਹਨਾ ਕਰਨ ਵਾਲਿਆਂ ਪਾਠਕਾਂ ਨੂੰ ਇਹ ਨਾਵਲ ਪਸੰਦ ਆਏਗਾ।

## ਬਾਰਾਂਤਾਲੀ/ਰਾਮ ਸਰੂਪ ਅਣਖੀ-ਜਿੰਦਰ

'ਬਾਰਾਂਤਾਲੀ' ਇਸ ਸਮੇਂ ਦੇ ਬਹੁ-ਚਰਚਿਤ ਨਾਵਲਕਾਰ ਰਾਮ ਸਰੂਪ ਅਣਖੀ ਦਾ ਨਵਾਂ ਨਾਵਲ ਹੈ। ਇਹ ਇਕ ਪਿੰਡ ਧਰਮਗੜ੍ਹ ਦੀ ਗਾਥਾ ਹੈ ਜਿੱਥੇ ਜੱਟ, ਬ੍ਰਾਹਮਣ, ਬਾਣੀਏ, ਝਿਉਰ, ਰਵੀਦਾਸੀਏ ਰਹਿੰਦੇ ਹਨ। ਇਸ ਨਾਵਲ ਦਾ ਬਾਰਾਂ ਕਾਂਡ ਹਨ। ਹਰੇਕ ਕਾਂਡ ਆਪਣੇ ਆਪ ਵਿੱਚ ਸਪੂੰਰਨ ਨਾਵਲ ਹੈ। ਕਿਸੇ ਇਕ ਟੱਬਰ ਦੀ ਕਹਾਣੀ ਹਰੇਕ ਕਾਂਡ ਵਿੱਚ ਦਰਸਾਈ ਗਈ ਹੈ। ਇਸ ਨਾਵਲ ਦਾ ਸਮਾਂ ਵੀਹਵੀਂ ਸਦੀ ਦਾ ਪਹਿਲਾ ਅੱਧ ਹੈ। ਮਹਾਂਭਾਰਤ ਵਾਂਗ ਇਸ 'ਚ ਸਭ ਝੂਠ ਸੱਚ ਹਨ। ਰਾਜਨੀਤੀ ਹੈ। ਔਰਤਾਂ ਵਿਆਹ ਕੇ ਲਿਆਂਦੀਆਂ ਜਾਂਦੀਆਂ ਹਨ। ਔਰਤਾਂ ਕੱਢ ਕੇ ਲਿਆਂਦੀਆਂ ਜਾਂਦੀਆਂ ਹਨ। ਔਰਤਾਂ ਦਾ ਮੁੱਲ ਵੱਟਿਆ ਜਾਂਦਾ ਹੈ। ਉਹ ਹਵਸ ਦੀਆਂ ਮਾਰੀਆਂ ਹਨ। ਉਹ ਭਾਵੇਂ ਜੈਕੁਰ ਹੈ ਜਾਂ ਗੌਰਾਂ, ਬੰਤੋ ਹੈ ਜਾਂ ਹਮੀਰੋ। ਉਹ ਅਨਪੜ੍ਹ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਆਪਣਾ ਪਰਿਵਾਰ ਤੋਰਨ ਲਈ ਮੁੰਡਾ ਜੰਮਣਾ ਹੈ। ਏਸੇ ਚੱਕਰ ਵਿੱਚ ਚਾਰ ਪੰਜ ਕੁੜੀਆਂ ਪੈਦਾਂ ਹੁੰਦੀਆਂ ਹਨ। ਜੱਟ ਇਨ੍ਹਾਂ ਕੁੜੀਆਂ ਦਾ ਮੁੱਲ ਵੱਟਦੇ ਹਨ। ਮੁੱਲ ਦੇ ਮਿਲੇ ਵੀਹ ਹਜ਼ਾਰ ਨਾਲ ਬੈਅ ਕੀਤੀ ਜ਼ਮੀਨ ਛਡਾਉਂਦੇ ਹਨ। ਏਸੇ ਕਮਾਈ ਨਾਲ ਆਪਣੀ ਪਿਛਲੀ ਉਮਰ ਕੱਟਦੇ ਹਨ। ਜੀਤੋ ਵਰਗੀ ਅਣਖੀ ਔਰਤ ਵੀ ਹੈਂ। ਜਿਹੜੀ ਕਿ ਆਪਣੇ ਖਾਵੰਦ ਕਰਨੈਲ ਨੂੰ ਤਲਾਕ ਦੇ ਕੇ ਪਿੰਡ ਆ ਜਾਂਦੀ ਹੈ ਤੇ ਤਲਾਕ ਉਪਰੰਤ ਆਪਣਾ ਖਰਚਾ ਬੰਨਵਾ ਲੈਂਦੀ ਹੈ। ਇੱਥੇ ਘੀਚਰ ਹੈ। ਉਹ ਅਫੀਮ ਦੀ ਦਲਾਲੀ ਕਰਦਾ ਹੈ। ਪਿੰਡ ਦੇ ਮੁੰਡਿਆਂ ਨੂੰ ਨਸ਼ਈ ਕਰਦਾ ਹੈ। ਇਨ੍ਹਾਂ 'ਚੋਂ ਬਹੁਤੇ ਬੰਦੇ ਆਪਣੀ ਜਨਾਨੀ ਕੋਲ ਜਾਣ ਤੋਂ ਪਹਿਲਾਂ ਅਫੀਮ ਦੀ ਡਲੀ ਖਾਂਦੇ ਹਨ। ਦੰਮਣ ਪਹਿਲਵਾਨ ਹੈ। ਉਹ ਆਪਣੀ ਭਰਜਾਈ ਕਰਕੇ ਹੀ ਚੋਰੀਆਂ ਕਰਦਾ ਹੈ। ਉਹ ਬਾਣੀਏ ਦੀ ਦੁਕਾਨ ਨੂੰ ਸੰਨ ਲਾਉਂਦਾ ਹੈ। ਬਹੁਤੇ ਘਰ ਆਰਥਿਕ ਪੱਖੋਂ ਕਮਜ਼ੋਰ ਹਨ। ਇਸ ਨਾਵਲ ਦੇ ਸਮੇਂ ਰਿਆਸਤਾਂ ਹੁੰਦੀਆਂ ਸਨ। ਧਰਮਗੜ੍ਹ ਪਿੰਡ ਰਾਹੀਂ ਅਣਖੀ ਨੇ ਮਾਲਵੇ ਦੀ ਇਕ ਜ਼ਬਰਦਸਤ ਤਸਵੀਰ ਪੇਸ਼ ਕੀਤੀ ਹੈ। ਉਸ ਸਮੇਂ ਦੇ ਰੀਤੀ ਰਿਵਾਜ਼, ਸਮਾਜਿਕ ਬਣਤਰ, ਆਰਥਿਕ ਮਜ਼ਬੂਰੀਆਂ, ਅਫੀਮ ਦੇ ਠੇਕੇ, ਔਰਤਾਂ ਦੀ ਖਰੀਦੋ-ਫਿਰੋਕਤ, ਔਰਤਾਂ ਨੂੰ ਕੱਢ ਕੇ ਲੈ ਜਾਣਾ ਤੇ ਫੇਰ ਉਸੇ ਪਿੰਡ ਆ ਵਸਣਾ, ਪੰਜ ਭਰਾਵਾਂ ਨਾਲ ਇੱਕੋ ਔਰਤ ਦਾ ਰਹਿਣਾ ਆਦਿ-ਆਦਿ ਨੂੰ ਇਸ ਨਾਵਲ ਰਾਹੀਂ ਸਮਝਿਆ ਜਾ ਸਕਦਾ ਹੈ। ਮਾਲਵੇ ਦੇ ਸਭਿਆਚਾਰ ਨੂੰ ਸਮਝਣ ਲਈ ਇਹ ਨਾਵਲ ਇਕ ਦਸਤਾਵੇਜ਼ ਹੈ।

## ਪੁਲਸੀਆ ਕਿਉਂ ਮਾਰਦਾ ਹੈ ?/ਕੇਸਰਾ ਰਾਮ-ਡਾ. ਜਸਵਿੰਦਰ ਕੌਰ ਬਿੰਦਰਾ

ਆਪਣੇ ਪਹਿਲੇ ਕਹਾਣੀ-ਸੰਗ੍ਰਹਿ ਵਾਂਗ ਹੀ ਕੇਸਰਾ ਰਾਮ ਇਸ ਦੂਸਰੇ ਸੰਗ੍ਰਹਿ ਵਿੱਚ ਵੀ ਲੰਮੀਆਂ ਕਹਾਣੀਆਂ ਲੈ ਕੇ ਪਾਠਕਾਂ ਦੇ ਸਨਮੁੱਖ ਹਾਜ਼ਿਰ ਹੋਇਆ ਹੈ। ਸਿਰਫ਼ ਪੰਜ ਕਹਾਣੀਆਂ। ਸਾਰੀਆਂ ਕਹਾਣੀਆਂ ਸਮਾਜ ਦੇ ਹਰ ਆਰਥਿਕ, ਸਮਾਜਿਕ ਨੈਤਿਕ ਤੇ ਰਾਜਨੀਤਕ ਪੱਖ ਤੇ ਚੋਟ ਕਰਦੀਆਂ ਹਨ। ਇਨ੍ਹਾਂ ਸਾਰੇ ਪੱਖਾਂ ਕਾਰਨ ਸਮਾਜ ਦੀ ਸਰੰਚਨਾ ਬਦਲ ਰਹੀ ਹੈ, ਨੈਤਿਕ-ਆਦਰਸ਼ਕ ਮੁੱਲ ਟੁੱਟ ਰਹੇ ਹਨ, ਪਰਿਵਾਰਾਂ ਦੀ ਏਕਤਾ ਦੀ ਜੜ੍ਹ ਪੁੱਟੀ ਜਾ ਰਹੀ ਹੈ। ਇਹ ਕੁਝ ਅਜਿਹੇ ਮੁੱਦੇ ਹਨ ਜਿਨ੍ਹਾਂ ਬਾਰੇ ਹਰ ਪਾਸੇ ਚਰਚਾ ਹੋ ਰਹੀ ਹੈ, ਖੁੱਲ੍ਹ ਕੇ ਬਹਿਸ ਹੋ ਰਹੀ ਹੈ ਸਭ ਕੁਝ ਹੋ ਰਿਹਾ ਹੈ ਮੀਡੀਆ ਦੇ ਸਾਧਨਾਂ ਰਾਹੀਂ, ਸਾਹਿਤ ਰਾਹੀਂ, ਫ਼ਿਲਮਾਂ ਰਾਹੀਂ ਤੇ ਬੁੱਧੀਜੀਵੀਆਂ ਦੇ ਸੰਮੇਲਨਾਂ, ਸਮਾਗਮਾਂ, ਸੈਮੀਨਾਰਾਂ ਰਾਹੀਂ, ਪਰ ਨਤੀਜਾ ਕੁਝ ਨਹੀਂ ਨਿਕਲ ਰਿਹਾ। ਨਤੀਜੇ ਵੱਜੋਂ ਆਮ ਆਦਮੀ ਡਰ ਤੇ ਖੌਫ਼ ਕਾਰਣ ਸਿਗੁੰੜ ਰਿਹਾ ਹੈ, ਪੱਛਮੀਕਰਣ ਦੀ ਜੈ-ਜੈਕਾਰ ਹੋ ਰਹੀ ਹੈ ਤੇ ਬੱਸ ਨਿਘਾਰ ਹੀ ਨਿਘਾਹ ਹੋ



ਰਿਹਾ ਹੈ।

ਕੇਸਰਾ ਰਾਮ ਦੀਆਂ ਕਹਾਣੀਆਂ ਇਨ੍ਹਾਂ ਵਿਸ਼ਿਆਂ ਨੂੰ ਲੈ ਕੇ ਚਲਦੀਆਂ ਹਨ। ਉਹ ਆਪ ਚੇਤੰਨ ਹੈ, ਸਮਾਜ ਦੀ ਜੀਵਨ-ਜਾਚ ਨੂੰ ਬਦਲਦੇ ਦੇਖ ਉਸ ਨੂੰ ਤਕਲੀਫ਼ ਹੁੰਦੀ ਹੈ ਇਸੇ ਲਈ ਉਹ ਆਪਣੀਆਂ ਕਹਾਣੀਆਂ ਵਿੱਚ ਇਸ ਚੇਤੰਨਤਾ ਨੂੰ ਜਗਾਉਣਾ ਚਾਹੁੰਦਾ ਹੈ। 'ਵੀਹਵੀਂ ਸਦੀ ਦਾ ਆਖਰੀ ਬੈਲ ਗੱਡਾ' ਵਿੱਚ ਉਹ ਪੰਜਾਬ ਦੀ ਧਰਤੀ ਦੇ ਟ੍ਰੈਕਟਰਾਂ, ਮੋਟਰਾਂ, ਮਸ਼ੀਨਾਂ ਤੇ ਜੀਪਾਂ ਤੋਂ ਖੇਤੀ ਨੂੰ ਇਨ੍ਹਾਂ ਰਾਹੀਂ ਹੁੰਦੇ ਨੁਕਸਾਨਾਂ ਵੱਲ ਧਿਆਨ ਦਿਵਾਉਣ ਦੀ ਕੋਸ਼ਿਸ਼ ਕਰਦਾ ਹੈ। 'ਲਿਟਮਟ ਟੈਸਟ' ਤੇ 'ਪੁਲਸੀਆ ਕਿਉਂ ਮਾਰਦਾ ਹੈ' ਵਿੱਚ ਮਹਾਨਗਰਾਂ ਦੇ ਜੀਵਨ ਤੇ ਦੂਸ਼ਿਤ ਹੁੰਦੇ ਵਾਤਾਵਰਣ (ਹਰੇਕ ਪੱਖੋਂ) ਨੂੰ ਫੋਕਸ ਕਰਦਾ ਹੈ। ਆਪਣੀ ਮਾਂ-ਬੋਲੀ, ਆਪਣੇ ਰੀਤੀ-ਰਿਵਾਜ਼ਾਂ ਤੋਂ ਟੁੱਟਦੀ ਜਾਂਦੀ ਨੌਜਵਾਨ ਪੀੜ੍ਹੀ ਉੱਤੇ 'ਹਿਕ ਆਹੀ ਜਮਨਾ ਉਰਫ਼ ਜੁੰਮਨ ਖਾਂ' ਵਿੱਚ ਡਾਢਾ ਰੋਸ ਪ੍ਰਗਟ ਕਰਦਾ ਹੈ।

ਜੋ ਕਹਾਣੀ-ਰਸ 'ਵੀਹਵੀਂ ਸਦੀ ਦਾ ਆਖਰੀ ਬੈਲ ਗੱਡਾ' ਤੇ 'ਹਿਕ ਆਹੀ ਜਮਨਾ ਉਰਫ਼ ਜੁੰਮਨ ਖਾਂ ਵਿੱਚ ਮਿਲਦਾ ਹੈ ਉਸ ਤੋਂ ਬਾਕੀ ਕਹਾਣੀਆਂ ਵਿਰਵੀ ਨਜ਼ਰ ਆਉਂਦਆਂ ਹਨ ਕਿਉਂਕਿ ਉਨ੍ਹਾਂ ਵਿੱਚ ਚਿੰਤਨ ਬਹੁਤ ਭਾਰੂ ਹੋ ਜਾਂਦਾ ਹੈ। ਸਿਰਲੇਖ ਵਾਲੀ ਕਹਾਣੀ ਨੂੰ ਕਹਾਣੀ ਕਹਿਣ ਵਿੱਚ ਹੀ ਸੰਕੋਚ ਹੁੰਦਾ ਹੈ। ਉਸ ਵਿੱਚ ਕਿਧਰੇ ਵੀ ਉਤਸੁਕਤਾ ਜਾਂ ਹੁੰਗਾਰੇ ਵਾਲੀ ਗੱਲ ਪ੍ਰਤੀਤ ਨਹੀਂ ਹੁੰਦੀ। ਕਹਾਣੀ ਸਿਰਲੇਖ ਤੇ ਆਪਣੇ ਆਰੰਭਕ ਅੰਦਾਜ਼ ਤੋਂ ਮੈਨੋਲਾਗ ਪ੍ਰਤੀਤ ਹੁੰਦੀ ਹੈ। ਇਹੀ 'ਸਭ ਤੋਂ ਖਤਰਨਾਕ' ਕਹਾਣੀ ਬਾਰੇ ਕਿਹਾ ਜਾ ਸਕਦਾ ਹੈ। ਕਹਾਣੀਕਾਰ ਦੀ ਸੋਚ ਤੇ ਨਿੱਜ ਚਿੰਤਨ ਪਾਤਰਾਂ ਉੱਤੇ ਹਾਵੀ ਹੁੰਦਾ ਜਾਪਦਾ ਹੈ ਜਿਸ ਕਾਰਣ ਸਹਿਜਤਾ ਤੇ ਸੁਭਾਵਿਕਤਾ ਨਹੀਂ ਆ ਪਾਉਂਦੀ।

ਉਂਜ ਕੇਸਰਾ ਰਾਮ ਜਿਹੇ ਨੌਜਵਾਨ ਕਹਾਣੀਕਾਰ ਤੋਂ ਉਮੀਦ ਜ਼ਰੂਰ ਕੀਤੀ ਜਾ ਸਕਦੀ ਹੈ ਕਿਉਂਕਿ ਉਹ ਬੜੀ ਡੂੰਘਾਈ ਨਾਲ ਸਮਾਜਿਕ ਤਬਦੀਲੀਆਂ ਨੂੰ ਵਾਚਦਾ ਹੈ ਤੇ ਪ੍ਰਗਟਾਉਂਦਾ ਹੈ। 'ਹਿਕ ਆਹੀ ਜਮਨਾ.......' ਕਹਾਣੀ ਵਿੱਚ ਸਿਰਜੇ ਬਜ਼ੁਰਗ ਪਾਤਰ ਤੇ ਮੁਲਤਾਨੀ ਬੋਲੀ ਦੀ ਸਹਿਜਤਾ ਲਈ ਉਹ ਵਧਾਈ ਦਾ ਪਾਤਰ ਹੈ।

## ਸੌ ਗੱਲਾਂ/ਬਲੀਜੀਤ

ਆਪਣੇ ਪਹਿਲੇ ਕਹਾਣੀ-ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਪੰਜਾਬੀ ਪਾਠਕ ਬਲੀਜੀਤ ਦੇ ਨਾਂ ਤੋਂ ਜਾਣੂ ਹੋ ਗਏ ਸਨ, ਵਿਸ਼ੇਸ਼ਕਰ ਉਸ ਦੀਆਂ ਪਤ੍ਰਿਕਾਵਾਂ ਵਿੱਚ ਛਪੀਆਂ 'ਧਰਤੀ ਦੇ ਮਾਲਕ' ਤੇ 'ਡਰ' ਨਾਮਕ ਕਹਾਣੀਆਂ ਤੋਂ।

'ਡਰ' ਕਹਾਣੀ ਦਾ ਕਥਾਨਕ ਤੇ ਸ਼ੈਲੀ ਦੋਵੇਂ ਹੀ ਅਸਰ ਭਰਪੂਰ ਹਨ। ਆਮ ਜਿਹੇ ਦਿੱਸਦੇ ਇਨਸਾਨਾਂ ਵਿੱਚੋਂ ਕਿਹੜਾ ਕਾਤਿਲ ਹੋ ਸਕਦਾ ਹੈ ਤੇ ਉਸ ਕਾਤਿਲ ਦਾ ਚਿਹਰਾ ਕਿਸੇ ਵੀ ਪੱਖੋਂ ਉਪਰਾ ਨਹੀਂ ਦਿੱਸਦਾ ਪਰ ਉਸ ਬਾਰੇ ਸੋਚਾਂ ਵਿੱਚ ਇਕ ਡਰ, ਖੌਫ਼ ਪਸਰ ਜਾਂਦਾ ਹੈ। ਸੰਗ੍ਰਹਿ ਦੀ ਦੂਜੀ ਕਹਾਣੀ 'ਭੂਰੀਆਂ ਅੱਖਾਂ ਦਾ ਸੇਕ' ਬਹੁਤ ਪ੍ਰਭਾਵਿਤ ਕਰਦੀ ਹੈ। ਕਿਸ਼ੋਰ ਮਨ ਉੱਤੇ ਅਚਨਚੇਹ ਪਏ ਉਹ ਪ੍ਰਭਾਵ ਉਸ ਨੂੰ ਟੀਸਦੇ ਤਾਂ ਹਨ, ਪਰ ਛੋਟੀ ਉਮਰ ਹੋਣ ਕਾਰਣ ਸਮਝ ਤੋਂ ਪਰ੍ਹੇ ਹੁੰਦੇ ਹਨ। ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਦਿਆਂ ਕਿਵੇਂ ਲੇਫ ਲੇ ਢਿੱਲੇ ਨਗੰਦੇ ਨੂੰ ਖਿੱਚ ਕੇ ਮੂੰਹ ਵਿੱਚ ਪਾ ਕੇ ਚਿੱਥਦਿਆਂ ਸਿਰਫ਼ ਧਾਗੇ ਦੀ ਗੰਢ ਹੀ ਨਹੀਂ ਖੁੱਲ੍ਹ ਜਾਂਦੀ ਉਸ ਦੇ ਬਾਲਮਨ 'ਤੇ ਭੂਰੀਆਂ ਅੱਖਾਂ ਦਾ ਸੇਕ ਸੰਬੰਧੀ ਤਿੱਖੀ ਬੱਝੀ ਗੱਠ ਵੀ ਅਚਾਨਕ ਖੁੱਲ੍ਹ ਜਾਂਦੀ ਹੈ। ਕਹਾਣੀ ਦਾ ਵਿਸ਼ਾ ਨਵੀਨ ਨਹੀਂ, ਕਹਾਣੀਕਾਰ ਦਾ ਮਨ ਵਿੱਚ ਬੱਝੀ ਗੰਢ ਖੋਲ੍ਹਣ ਦਾ ਤਰੀਕਾ ਨਵੀਨ ਹੈ। ਇਸ ਕਹਾਣੀ ਲਈ ਲੇਖਕ ਵਧਾਈ ਦਾ ਪਾਤਰ ਹੈ।

ਸੰਗ੍ਰਹਿ ਦੀਆਂ ਬਾਕੀ ਕਹਾਣੀਆਂ ਵਿੱਚੋਂ 'ਲੈਂਟਰ' ਚੰਗੀ ਹੈ। 'ਧਰਤੀ ਦੇ ਮਾਲਕ' ਕਹਾਣੀ ਦਾ ਪ੍ਰਵਾਹ ਵੇਗਮਈ ਹੈ, ਇਹ ਸੱਪ ਦੇ ਵੇਰਵੇ ਦੱਸਦੀ, ਲੱਭਣ-ਮਾਰਨ ਆਦਿ ਨੂੰ ਬਿਆਨ ਕਰਦੀ ਪਾਠਕ ਨੂੰ ਕਿਧਰੇ ਰੁਕਣ ਨਹੀਂ ਦੇਂਦੀ ਪਰ ਅੰਤ ਵਿੱਚ ਥੋੜ੍ਹਾ ਨਿਰਾਸ਼ ਕਰ ਜਾਂਦੀ ਹੈ। ਇਹ ਕਹਾਣੀ ਮੈਂ

ਦੋ ਵਾਰੀ ਪੜ੍ਹੀ, ਜਦਕਿ ਮੈਂ ਕਦੇ ਵੀ ਕਿਸੇ ਰਚਨਾ ਨੂੰ ਇਕ ਵਾਰ ਤੋਂ ਵੱਧ ਨਹੀਂ ਪੜ੍ਹਦੀ, ਪਰ ਕਹਾਣੀ ਦਾ ਅੰਤ ਪਕੜਣ ਲਈ ਮੈਨੂੰ ਇਹ ਦੋ ਵਾਰ ਪੜ੍ਹਨੀ ਪਈ। ਕਹਾਣੀ ਦੇ ਆਖਰੀ ਪ੍ਰਭਾਵ ਨੂੰ ਕਹਾਣੀਕਾਰ ਉਸ ਢੰਗ ਨਾਲ ਸਿਰਜਣ ਵਿੱਚ ਕਾਮਯਾਬ ਨਹੀਂ ਹੋ ਸਕਿਆ, ਜਿਸ ਢੰਗ ਨਾਲ ਕਹਾਣੀ ਦੀ ਤੋਰ ਤੁਰ ਰਹੀ ਸੀ। ਇਹੀ ਹਾਲ 'ਘਰਾਂ 'ਚੋਂ ਘਰ' ਕਹਾਣੀ ਦਾ ਹੈ। ਸਿਰਲੇਖ ਨਾਮ ਕਹਾਣੀ 'ਸੌ ਗੱਲਾਂ' ਵਿੱਚ ਵੀ ਕਈ ਪ੍ਰਸੰਗ ਤੇ ਗੱਲਾਂ ਪੂਰੀ ਤਰ੍ਹਾਂ ਪਾਠਕਾਂ ਦੇ ਪੱਲੇ ਨਹੀਂ ਪੈਂਦੀਆਂ।

ਸੰਗ੍ਰਹਿ ਦੀ ਬਾਹਰਲੀ ਦਿੱਖ ਖੂਬਸੂਰਤ ਹੈ। ਬਲੀਜੀਤ ਰਾਹੀਂ ਮਨੋਵੇਗਾਂ ਨੂੰ ਬਿਆਨ ਕਰਨ ਵਾਲੇ ਇਕ ਹੋਰ ਕਹਾਣੀਕਾਰ ਨੇ ਪੰਜਾਬੀ ਕਹਾਣੀ ਵਿੱਚ ਆਪਣੀ ਹਾਜ਼ਿਰੀ ਦਰਜ ਕਰਵਾ ਲਈ ਹੈ।

## ਦੁੱਲਾ/ ਗੁਰਮੇਲ ਮਡਾਹੜ

ਆਪਣੇ ਲੰਮੇ ਸਾਹਿਤਕ ਜੀਵਨ ਵਿੱਚ ਕਾਫ਼ੀ ਅਰਸੇ ਬਾਅਦ ਗੁਰਮੇਲ ਮਡਾਹੜ ਨੇ ਨਾਵਲੀ ਰਚਨਾ ਕੀਤੀ ਹੈ। 'ਦੁੱਲਾ' ਨਾਮਕ ਗੁਰਮੇਲ ਮਡਾਹੜ ਦਾ ਨਵਾਂ ਨਾਵਲ ਹੈ। ਲੰਬਾਈ ਵੱਜੋਂ ਨਾਵਲ ਵੱਡਾ ਨਹੀਂ, ਪਰ ਵਿਕਾਸ ਪੱਖੋਂ ਕਾਫ਼ੀ ਵੱਡਾ ਹੈ।

ਨਾਵਲ ਦੇ ਅਰੰਭ ਵਿੱਚ ਦਿੱਤੀ ਲੋਕ-ਤੁਕ 'ਪੁੱਤ ਬਣ ਕੇ ਕਮਾਉ ਘਰ ਤੇਰੇ, ਰੱਖ ਲੈ ਕੰਵਾਰੀ ਬਾਬਲਾ'। ਪ੍ਰਸ਼ਨ ਚਿੰਨ੍ਹ ? ਪਾ ਕੇ ਜ਼ਰਾ ਸੋਚ ਕੇ, ਲਿਖ ਕੇ ਨਾਵਲਕਾਰ ਜਿਵੇਂ ਨਾਵਲ ਦੇ ਪੂਰੇ ਥੀਮ ਨੂੰ ਹੀ ਉਜਾਗਰ ਕਰ ਜਾਂਦਾ ਹੈ। ਪਰਿਵਰਤਨ ਸ੍ਰਿਸਟੀ ਦਾ ਨਿਯਮ ਹੈ, ਉਸੇ ਨਿਯਮ ਅਨੁਸਾਰ ਚਲਦੇ ਮਨੁੱਖੀ ਸੁਭਾਅ ਤੇ ਸਮਾਜ ਵਿੱਚ ਵੀ ਪਰਵਰਤਿਤ ਹੁੰਦੇ ਜਾਂਦੇ ਹਨ। ਭਾਰਤ ਵਿੱਚ ਸਦੀਆਂ ਤੋਂ ਇਹ ਪਰੰਪਰਾ ਰਹੀ ਹੈ ਕਿ ਧੀ ਦੇ ਜੰਮਦੇ ਹੀ ਉਸ ਦੇ ਵਿਆਹ ਤੇ ਦਾਜ ਬਾਰੇ ਫਿਕਰ ਸ਼ੁਰੂ ਹੋ ਜਾਂਦੀ ਹੈ ਪਰ ਬਦਲਦੇ ਸਮਾਜ ਦੀ ਸੋਚ ਵੀ ਬਦਲ ਰਹੀ ਹੈ। ਇਸ ਸੋਚ ਨੂੰ ਬਦਲਨ ਵਿੱਚ ਮਾਪਿਆਂ ਤੋਂ ਵੱਧ ਭਾਗੀਦਾਰੀ ਨੌਜਵਾਨ ਪੀੜ੍ਹੀ ਦੀ ਹੈ। ਵਿਸ਼ੇਸ਼ਕਰ ਕੁੜੀਆਂ/ਮੁਟਿਆਰਾਂ ਆਤਮ ਨਿਰਭਰ ਹੋ ਕੇ ਆਪਣੀ ਜ਼ਿੰਦਗੀ ਦੇ ਨਾਲ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਵੀ ਮਜ਼ਬੂਤ ਕਰ ਰਹੀਆਂ ਹਨ।

ਦੁੱਲਾ ਦੀ ਨਾਇਕਾ 'ਗੁਰਤੇਜ ਕੌਰ' ਦਲਿਤ ਸਮਾਜ ਦਾ ਹਿੱਸਾ ਹੋ ਕੇ ਵੀ ਆਪਣੇ ਲਈ ਨਿਵੇਕਲਾ ਰਾਹ ਸਿਰਜਦੀ ਹੈ। ਉਸ ਦੀ ਹਿੰਮਤ ਤੇ ਦਲੇਰੀ ਹੀ ਉਸ ਨੂੰ ਦਬੰਗ ਬਣਾਉਂਦੀ ਹੈ ਤੇ ਉਹ ਛੋਟੀ ਉਮਰ ਵਿੱਚ ਹੀ ਕਈ ਤਰ੍ਹਾਂ ਦੇ ਕੰਮ ਕਰ ਕੇ ਕਮਾਉਣ ਦੀ ਰਾਹ 'ਤੇ ਪੈ ਜਾਂਦੀ ਹੈ। 'ਕੰਮ ਨੂੰ ਪੂਜਾ' ਮੰਨ ਕੇ ਚੱਲਣ ਨਾਲ ਉਸ ਨੂੰ ਈਮਾਨਦਾਰੀ ਨਾਲ ਕਰਨ ਦੀ ਭਾਵਨਾ ਉਪਜਦੀ ਹੈ। ਕਈ ਤਰ੍ਹਾਂ ਦੇ ਕੰਮ-ਧੰਦੇ ਕਰ ਆਖਿਰ ਤੇਜ ਚੰਡੀਗੜ੍ਹ ਜਿਹੇ ਸ਼ਹਿਰ ਵਿੱਚ ਆਪਣਾ ਘਰ ਬਾਹਰ ਸਥਾਪਿਤ ਕਰਨ ਯੋਗ ਬਣ ਜਾਂਦੀ ਹੈ।

ਉਸ ਦੀ ਇਸ ਕਾਰਜਸ਼ੈਲੀ ਵਿੱਚ ਉਸ ਦੀ ਮਿਹਨਤ ਤੋਂ ਇਲਾਵਾ ਕਈ ਦਾਨਿਸਮੰਦ ਲੋਕਾਂ ਦਾ ਹੱਥ ਵੀ ਉਸ ਨੂੰ ਵਿਕਾਸ ਵੱਲ ਲੈ ਜਾਣ ਵਿੱਚ ਸਹਾਇਕ ਹੁੰਦਾ ਹੈ। ਸੰਤਾ ਸਿੰਘ ਤੇ ਮੁੰਬਈ ਵਿੱਚ ਕਿਸੇ ਘਰ ਰਹਿ ਕੇ ਤੇਜ ਆਧੁਨਿਕ ਜੀਵਨ ਦੇ ਰੰਗ-ਡੰਗ ਸਿੱਖਦੀ ਹੈ।

ਨਾਵਲ ਸੱਕੇ ਰਿਸ਼ਤਿਆਂ ਦੀ ਥਾਂ ਪਿਆਰ ਤੇ ਸਨੇਹ ਦੇ ਬਣੇ ਰਿਸ਼ਤਿਆਂ ਨੂੰ ਵੀ ਉੱਚਤਾ ਪ੍ਰਦਾਨ ਕਰਦਾ ਹੈ। ਨਾਵਲਕਾਰ ਨੇ ਮੁੰਡੇ ਤੇ ਕੁੜੀ ਦੋਹਾਂ ਦਾ ਨਾਂ 'ਗੁਰਤੇਜ' ਰੱਖ ਕੇ ਇਕ ਪ੍ਰਤੀਕ ਸਿਰਜਣ ਦੀ ਵੀ ਕੋਸ਼ਿਸ਼ ਕੀਤੀ ਹੈ। ਦੋਵਾਂ ਦੇ ਜੇ ਨਾਵਾਂ ਵਿੱਚ ਕੋਈ ਫਰਕ ਨਹੀਂ ਤਾਂ ਦੋਵਾਂ ਦੇ ਇਨਸਾਨ ਹੋਣ ਵਿੱਚ ਵੀ ਕੋਈ ਅੰਤਰ ਨਹੀਂ। ਇੱਥੇ ਲਿੰਗ-ਭੇਦ ਕੋਈ ਮਾਇਨੇ ਨਹੀਂ ਰੱਖਦਾ।

ਦੁੱਲਾ ਨਾਂ ਦੇ ਇਤਿਹਾਸਿਕ ਤੇ ਲੋਕ ਪਰੰਪਰਾਈ ਨਾਇਕ ਨੂੰ ਆਪਣੀ ਨਾਇਕ ਪੱਖੋਂ ਪੇਸ਼ ਕੀਤਾ, ਜੋ ਇਕ ਬਾਗੀ ਸੀ। ਸ਼ਾਇਦ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਘਰ ਤੇ ਸਮਾਜ ਨਾਲ ਬਾਗੀ ਹੋਣਾ ਹੀ ਪੈਂਦਾ ਹੈ, ਇਕ ਔਰਤ ਹੋਣ ਦੇ ਨਾਤੇ ਇਹ ਬਗਾਵਤ ਹੋਰ ਵੀ ਮਹੱਤਵ ਰੱਖਦੀ ਹੈ। ਰਿਸ਼ਤਿਆਂ ਦੀ ਪਵਿੱਤਰਤਾ ਦਰਸਾਉਂਦੀ ਹੈ ਇਕ-ਇਕ ਕਦਮ ਧਰ ਆਪਣੀ ਮੰਜ਼ਿਲ ਵੱਲ ਵੱਧਦੀ ਤੇਜ ਕਿਸੇ ਵੀ ਨਾਇਕ ਤੋਂ ਕਦੇ ਘੱਟ ਹੋ ਹੀ ਨਹੀਂ ਹੋ ਸਕਦੀ।



## ਮੁਹਾਂਦਰੇ/ਡਾ. ਰਮਿੰਦਰ ਕੌਰ

'ਮੁਹਾਂਦਰੇ' ਪ੍ਰੋ. ਪ੍ਰੀਤਮ ਸਿੰਘ ਦੀ ਪੁਸਤਕ ਵਿੱਚ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਜੁੜੀਆਂ ਅੱਠ ਸਿਰਮੌਰ ਹਸਤੀਆਂ ਦਾ ਮੁਹਾਂਦਰਾ ਪੇਸ਼ ਹੋਇਆ ਹੈ। ਇਹ ਹਸਤੀਆਂ ਹਨ : ਭਾਈ ਜੋਧ ਸਿੰਘ, ਨਾਨਕ ਸਿੰਘ, ਮੋਹਨ ਸਿੰਘ ਦੀਵਾਨਾ, ਸੰਤ ਸਿੰਘ ਸੇਖੋਂ, ਜੀਤ ਸਿੰਘ ਸੀਤਲ, ਹਰਚਰਨ ਸਿੰਘ, ਪ੍ਰੀਤਮ ਸਿੰਘ ਸਫ਼ੀਰ ਤੇ ਰਾਮ ਸਿੰਘ। ਪ੍ਰੋ. ਪ੍ਰੀਤਮ ਸਿੰਘ ਕਿਸੇ ਦੇ ਗੁਣਾਂ ਦੀ ਪਟਾਰੀ ਖੋਲ੍ਹਣ ਦੇ ਨਾਲ-ਨਾਲ ਸਹਿਜ ਰੂਪ ਵਿੱਚ ਉਸ ਦੇ ਔਗੁਣ ਬਰਾਬਰ ਨਸ਼ਰ ਕਰ ਦੇਂਦਾ ਹੈ। ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਵੱਡੀਆਂ ਹਸਤੀਆਂ ਬਾਰੇ ਨਾ ਕੇਵਲ ਗੁਣ ਵਾਲੀਆਂ ਗੱਲਾਂ ਹਨ, ਬਲਕਿ ਉਹਨਾਂ ਦੀਆਂ ਕਮਜ਼ੋਰੀਆਂ ਦਾ ਵੀ ਜ਼ਿਕਰ ਹੈ। ਇਸ ਪੁਸਤਕ ਦੀ ਰਚਨਾ-ਦ੍ਰਿਸ਼ਟੀ ਸਾਮਾਨਯ ਕਿਸਮ ਦੀ ਹੈ। ਇਸ ਵਿੱਚ ਵਧੇਰੇ ਕਿਰਦਾਰਾਂ ਬਾਰੇ ਬਹੁਰੰਗੀ ਤਸਵੀਰ ਸਾਹਮਣੇ ਆਉਂਦੀ ਹੈ। ਡਾ. ਮੋਹਨ ਸਿੰਘ ਦੀਵਾਨਾ ਜਿੱਥੇ ਵਿਦਵਤਾ ਦਾ ਜੋਗੀ ਹੈ ਉੱਥੇ ਉਹ ਪੂਰਾ 'ਭੋਗੀ' ਵੀ ਹੈ। ਡਾ. ਦੀਵਾਨਾ ਵਿਦਵਤਾ ਦੇ ਖੇਤਰ ਦਾ ਮਹਾਂਪੁਰਸ਼ ਸੀ। ਪਰ ਉਹ ਈਰਖਾ, ਧੜੇਬੰਦੀ ਵਿੱਚ ਸਿਮਟਿਆ ਅਤੇ ਦੁਨੀਆਵੀਂ ਪਦਾਰਥਾਂ ਨੂੰ ਚੱਖਣ ਵਾਲਾ ਸੁਆਦੀ ਪੁਰਸ਼ ਵੀ ਸੀ। ਪਰ ਉਸ ਦਾ ਆਪਣੇ ਜੋਗ ਤੇ ਭੋਗ ਉੱਤੇ ਬੰਧੇਜ਼ ਦਾ ਪੂਰਾ ਕੁੰਡਾ ਸੀ। ਸੰਤ ਸਿੰਘ ਸੇਖੋਂ ਬਾਰੇ ਦੋ ਅਧਿਆਏ ਹਨ। ਇਕ ਸੇਖੋਂ ਦੇ ਅਭਿਨੰਦਨ ਬਾਰੇ ਹੈ। ਦੂਸਰਾ ਉਸਦੀ ਸੁੰਦਰ ਲੇਖਿਕਾਵਾਂ ਵਿੱਚ ਜਵਾਨ ਦਿੱਸਣ ਦੀ ਲੋਰ ਸੰਬੰਧੀ ਹੈ। ਸੇਖੋਂ ਜਿੱਥੇ ਨਾਮਵਰ ਵਿਦਵਾਨ ਲੇਖਕ ਹੈ ਉਥੇ ਹੱਡ ਚੰਮ ਦਾ ਆਮ ਵਿਹਾਰੀ ਆਦਮੀ ਵੀ। ਸੇਖੋਂ ਦੀ ਸ਼ਖ਼ਸੀਅਤ ਨੂੰ ਲੇਖਕ ਨੇ ਸੁਖਾਵਾਂ ਜਿਹਾ 'ਤ੍ਰਿਫਲਾ' (ਭਾਵ ਜੱਟ, ਸਿੱਖ ਤੇ ਮਾਰਕਸਵਾਦੀ) ਦੱਸਿਆ ਹੈ। ਸੇਖੋਂ ਆਪਣੇ ਕਿਸੇ ਵੀ ਰੰਗ ਜਾਂ ਪੱਖ ਬਾਰੇ ਕੱਟੜ ਜਾਂ ਰੂੜੀਵਾਦੀ ਨਹੀਂ ਸੀ। ਉਹ ਬੇਬਾਕ ਤੇ ਸਪੱਸ਼ਟ ਸੀ। ਸੇਖੋਂ ਜਿਵੇਂ ਦਾ ਸੀ, ਸਭ ਦੇ ਸਾਹਮਣੇ ਸੀ। ਉਸ ਵਿੱਚ ਲੁਪਤ ਕੁਝ ਵੀ ਨਹੀਂ ਸੀ। ਉਸ ਦਾ 'ਕੁਲੱਛਣ ਰੋਗ ਪੈਸਾ' ਸੀ। ਡਾ. ਜੀਤ ਸਿੰਘ ਸੀਤਲ ਦੀ ਲੇਖਕ ਨਾਲ ਸਾਂਝ ਹੋਣ ਕਰਕੇ ਡਾ. ਮੋਹਨ ਸਿੰਘ ਦੀਵਾਨਾ ਹੱਥੋਂ ਦੁਰਗੱਤ ਹੁੰਦੀ ਹੈ। ਅਜੇਹਾ ਵਿਹਾਰ ਵਿਦਵਾਨ ਆਲੋਚਕਾਂ ਅਤੇ ਪੀ. ਐਚ. ਡੀ. ਦੇ ਨਿਗਰਾਨਾਂ ਦੀ ਕਮਜ਼ੋਰੀ, ਪੱਖਪਾਤ ਤੇ ਗੁੱਟਬੰਦੀ ਦੀ ਮੂੰਹ ਬੋਲਦੀ ਤਸਵੀਰ ਹੈ। ਹੋਰਨਾਂ ਨੂੰ ਸੇਧ ਤੇ ਸਿਖਾਉਣ ਵਾਲਿਆਂ ਨੂੰ ਬਹੁਤ ਕੁਝ ਆਪ ਨੂੰ ਸਿੱਖਣ ਦਾ ਨੁਕਤਾ ਉਭਰਦਾ ਹੈ। ਬਹੁਤੇ ਵਿਦਵਾਨ ਤਾਂ ਹਨ ਪਰ ਇਨਸਾਨ ਨਹੀਂ। ਜੀਤ ਸਿੰਘ ਸੀਤਲ ਦਾ ਗਾਲੀ-ਗਲੋਚ ਵਾਲਾ ਤਕੱਈਆ ਕਲਾਮ ਸੁਭਾਵਕ ਰੂਪ ਵਜੋਂ ਪੇਸ਼ ਹੋਇਆ ਹੈ। ਨਾਟਕਕਾਰ ਹਰਚਰਨ ਸਿੰਘ ਭੋਲੇ ਭਾਅ ਹਰੇਕ ਦਾ ਕੰਮ ਕਢਾਉਣ ਲਈ ਹਰ ਰਾਹ ਦਾ ਪਾਂਧੀ ਬਣਨ ਲਈ ਤਿਆਰ ਰਹਿੰਦਾ ਹੈ। ਅਜੇਹੀ ਕਮਜ਼ੋਰੀ ਵੀ ਕਿਸੇ ਕਰਕੇ ਨਿਖੇਧ ਵਜੋਂ ਨਹੀਂ ਸਗੋਂ ਸਹਿਜ ਰੂਪ ਵਿੱਚ ਪੇਸ਼ ਹੋਈ ਹੈ। ਨਾਨਕ ਸਿੰਘ, ਪ੍ਰੀਤਮ ਸਿੰਘ ਸਫੀਰ ਅਤੇ ਕਿਸੇ ਹੱਦ ਤੱਕ ਰਾਮ ਸਿੰਘ ਵਰਗੇ ਲੇਖਕ ਇਕਹਰੇ ਸਾਊ ਸੁਭਾਅ ਤੇ ਦਇਆ ਭਾਵ ਵਾਲੇ ਪੁਰਸ਼ ਵਜੋਂ ਪੇਸ਼ ਹਨ। ਪ੍ਰੋ. ਪ੍ਰੀਤਮ ਸਿੰਘ ਦੀ ਪੁਸਤਕ ਵਿੱਚ ਹਰ ਕਿਰਦਾਰ ਚੰਗੇ ਮਾੜੇ ਜਾਂ ਗੁਣਾਂ-ਔਗੁਣਾਂ ਸਮੇਤ ਸਾਹਮਣੇ ਆਉਂਦਾ ਹੈ। ਲੇਖਕ ਕਿਸੇ ਵੀ ਕਿਰਦਾਰ ਦੀ ਕਮਜ਼ੋਰੀ ਨੂੰ ਕਿਸੇ ਤਿੱਖੀ ਨਿੰਦਾ ਚੁਗਲੀ ਜਾਂ ਭੰਡੀ ਪ੍ਰਚਾਰ ਵੱਜੋਂ ਨਹੀਂ ਬਿਆਨਦਾ, ਸਗੋਂ ਇਸ ਨੂੰ ਸਹਿਜ ਤੇ ਆਮ ਮਨੁੱਖੀ ਫ਼ਿਤਰਤ ਵਜੋਂ ਪੇਸ਼ ਕਰਦਾ ਹੈ। ਪ੍ਰੋ. ਪ੍ਰੀਤਮ ਸਿੰਘ ਦੁਆਰਾ ਕਿਸੇ ਲੇਖਕ ਵਿਦਵਾਨ ਦੇ ਦੱਸੇ ਐਬ ਵੀ ਗੁਣਾਂ ਵਰਗੇ ਜਾਪਦੇ ਹਨ। ਲੇਖਕ ਦੀ ਭਾਸ਼ਾ ਬਿਨਾਂ ਕਿਸੇ ਵਿਸ਼ੇਸ਼ਣੀ ਲਹਿਜੇ ਦੇ ਆਮ ਸਹਿਜ ਤੇ ਸਪੱਸ਼ਟ ਮੁਹਾਵਰੇ ਵਾਲੀ ਹੈ। ਸਾਡੇ ਵਿਦਿਅਕ ਜਗਤ ਦੇ ਮਹਾਂਰਥੀ ਕਿਵੇਂ ਮਹਾਂਰਥੀ ਸਨ ? ਉਹਨਾਂ ਦੀਆਂ ਕਮਜ਼ੋਰੀਆਂ ਕਿਵੇਂ ਉਨ੍ਹਾਂ ਦੇ ਕੰਮ ਦੇ ਪ੍ਰਛਾਵੇਂ ਹੇਠ ਅਲਪ ਤੇ ਨਿਗੂਣੀਆਂ ਲੱਗਦੀਆਂ ਹਨ ? ਅਜੇਹੀ ਪੇਸ਼ਕਾਰੀ 'ਮੁਹਾਂਦਰੇ' ਪੁਸਤਕ ਦੀ ਖਾਸ ਵਿਸ਼ੇਸ਼ਤਾ ਹੈ।

# ਟਾਵਰਜ਼/ਡਾ. ਜਸਬੀਰ ਜੈਨ

ਲੇਖਕ ਦਾ ਬੋਲੀ ਨਾਲ ਅਟੁੱਟ ਸੰਬੰਧ ਹੈ। ਜਿਸ ਬੋਲੀ ਨੂੰ ਉਹ ਅਪਣਾਉਂਦਾ ਹੈ, ਜਿਸ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਉਂਦਾ ਹੈ ਉਹ ਉਸ ਲਈ ਖਾਸ ਮਾਇਨਾ ਰੱਖਦੀ ਹੈ। ਇਸ ਲਈ੍ ਦੇਸ਼ ਤੋਂ ਬਾਹਰ ਵਸ ਰਹੇ ਲੇਖਕ ਆਪਣੇ ਆਲੇ-ਦੁਆਲੇ ਦੀ ਬੋਲੀ ਨੂੰ ਛੱਡ ਕੇ ਆਪਣੀ ਮਾਂ ਬੋਲੀ ਵਿੱਚ ਲਿਖਦੇ ਹਨ। ਉਹ ਉਸ ਬੋਲੀ ਨਾਲ ਆਪਣੇ ਰਿਸ਼ਤੇ ਨੂੰ ਗੂੜ੍ਹਾ ਤੇ ਮਜ਼ਬੂਤ ਕਰ ਰਹੇ ਹਨ। ਫਿਰ ਇਹ ਸਵਾਲ ਆਪਣੇ ਆਪ ਇਕ ਮਹੱਤਵ ਰੱਖਦਾ ਹੈ ਕਿ ਉਨ੍ਹਾਂ ਦਾ ਪਾਠਕ ਕੌਣ ਹੈ ਜਾਂ ਕਿੱਥੇ ਹੈ ? ਇਕ ਕਦਮ ਅੱਗੇ ਜਾ ਕੇ ਜਦ ਉਹ ਆਪਣੇ ਵਿਸ਼ੇ ਦੀ ਚੋਣ ਪਿੱਛੇ ਛੱਡੇ ਦੇਸ਼ ਅਤੇ ਉਸ ਨਾਲ ਜੁੜੀਆਂ ਯਾਦਾਂ ਜਾਂ ਇਕ ਦੂਜੀ ਸਭਿਅਤਾ ਨਾਲ ਟਕਰਾਅ ਨਾ ਚੁਣ ਕੇ ਸਾਰੇ ਪਾਤਰ ਬਾਹਰੀ ਲੈ ਲੈਂਦਾ ਹੈ ਤਾਂ ਇਹ ਸਵਾਲ ਉਭਰ ਕੇ ਹੋਰ ਵੀ ਸਾਹਮਣੇ ਆਉਂਦਾ ਹੈ। ਇਸ ਦੇ ਨਾਲ-ਨਾਲ ਇਕ ਹੋਰਸਵਾਲ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਉਨ੍ਹਾਂ ਦਾ ਵਿਸ਼ਾ ਕੀ ਹੈ ? ਉਹ ਕੀ ਕਹਿਣਾ ਚਾਹੁੰਦੇ ਹਨ। ਕਿਸ ਲਈ ਲਿਖ ਰਹੇ ਹਨ ? ਇਕ ਕਾਲਪਨਿਕ ਦੁਨੀਆਂ ਜਾਂ ਇਕ ਯਥਾਰਥਵਾਦੀ ਸੋਚ ਨੂੰ ਪ੍ਰਗਟ ਕਰ ਰਹੇ ਹਨ ? ਜਾਂ ਫਿਰ ਉਨ੍ਹਾਂ ਦਾ ਕੋਈ ਹੋਰ ਕੀ ਉਦੇਸ਼ ਹੈ ? ਕਥਨ ਪੱਧਰ ਤੇ ਜਾਂ ਬਿਰਤਾਂਤਕ ਪੱਧਰ ਤੇ ਲੇਖਕ ਅਤੇ ਪਾਠਕ ਵਿੱਚ ਕੀ ਬਦਲਾਉ ਆਉਂਦਾ ਹੈ ? ਇਹ ਤਾਂ ਸਪੱਸ਼ਟ ਹੈ ਕਿ ਸਾਹਿਤ ਇਕ ਸੰਵਾਦ ਹੈ। ਜਦ ਪਾਤਰ ਬਾਹਰੀ, ਵਿਸ਼ੇ ਦੂਸਰੇ ਦੇਸ਼ ਦੀ ਘਟਨਾ, ਪਰ ਬੋਲੀ ਪਿੱਛੇ ਛੱਡੇ ਘਰ ਦੀ। ਪਰ ਰਸਤਾ ਕਿਧਰ ਨੂੰ ਜਾ ਰਿਹਾ ਹੈ ? ਇਹ ਸਾਰੇ ਸਵਾਲ ਅਨੁਭਵ ਤੇ ਵਿਚਾਰਧਾਰਾ ਨਾਲ ਜੁੜੇ ਹੋਏ ਹਨ। ਬਾਹਰ ਵਸਦੇ ਲੇਖਕ ਦੀ ਇਕ ਨਵੀਂ ਬਰਾਬਰੀ ਦਾ, ਨਵੇਂ ਸਮਾਜ ਤੇ ਨਵੇਂ ਰਾਸ਼ਟਰ ਨਾਲ ਕੀ ਜੁੜਾਉ ਹੈ ? ਜਾਂ ਕੀ ਜੁੜਾਉ ਬਣ ਰਿਹਾ ਹੈ ? ਸਾਹਿਤ ਦਾ ਇਕ ਪੱਖ ਇਹ ਵੀ ਹੈ। ਇਸ ਸੰਦਰਭ ਵਿੱਚ ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ 'ਟਾਵਰਜ਼' ਤੇ ਉਸ ਦੀ ਮੁੱਖ ਕਹਾਣੀ ਖਾਸ ਮਹੱਤਵ ਰੱਖਦੇ ਹਨ। 'ਟਾਵਰਜ਼' ਆਪਣੇ ਆਪ ਵਿੱਚ ਇਕ ਬਹੁਤ ਹੀ ਗੁੰਝਲਦਾਰ ਕਹਾਣੀ ਹੈ, ਉਹ ਆਪਣੀਆਂ ਕਈ ਤੈਹਾਂ ਪ੍ਰਗਟ ਕਰਦੀ ਹੈ -ਯਾਦਾਂ ਤੇ ਉਦਰੇਵੇਂ, ਪਿਛਲੇ ਸਮੇਂ ਲਈ ਤਾਂਘ, ਯਾਦਾਂ ਦੀਆਂ ਝਾਕੀਆਂ, ਕੁਦਰਤ ਵੱਲ ਆਕਰਸ਼ਨ, ਬੀਤੀਆਂ ਹੋਈਆਂ ਘਟਨਾਵਾਂ, ਰਾਜਨੀਤਕ ਸੋਚ, ਰਾਸ਼ਟਰੀ ਭਾਵਨਾ ਅਤੇ ਪਰਿਵਾਰ ਦੇ ਰਿਸ਼ਤਿਆਂ ਦੀ ਟਕਰਾਹਟ। ਇਹ ਸਾਰੇ ਇਕ ਦੂਜੇ ਵਿੱਚ ਟਰਕਾਉਂਦੇ ਹਨ ਅਤੇ ਲੜੀਵਾਰ ਤਾਰੀਕ ਨਾਲ ਤੁਰਦੇ-ਤੁਰਦੇ ਮੁੜ ਇਕ ਘੁੰਮਣਘੇਰੀ ਪਾ ਲੈਂਦੇ ਹਨ। ਬੀਤੇ ਤੇ ਵਰਤਮਾਨ ਸਮੇਂ ਦੀਆਂ ਘਟਨਾਵਾਂ ਨਾਲੋਂ ਨਾਲ ਬਿਆਨ ਕਰਕੇ ਲੇਖਕ ਉਨ੍ਹਾਂ ਵਿੱਚ ਅੰਤਰ ਤੇ ਸਮਾਨਤਾ ਦੱਸਣ ਦੀ ਕੋਸ਼ਿਸ਼ ਕਰਦਾ ਹੈ। ਸਮਾਂ ਅੱਗੇ ਪਿੱਛੇ ਨਿਰੰਤਰ ਚਲਦਾ ਰਹਿੰਦਾ ਹੈ। ਇਸੇ ਸੰਗ੍ਰਹਿ ਵਿਚ ਦੂਸਰੀਆਂ ਕਹਾਣੀਆਂ ਅਲੱਗ ਅਲੱਗ ਕਿਸਮ ਦੀਆਂ ਹਨ। 'ਪਾਣੀ' ਵਿੱਚ ਪਿੱਛੇ ਛੱਡੇ ਮੁਲਕ ਲਈ ਤਾਂਘ ਹੈ। ਇਕ ਯਾਦ ਹੈ ਤੇ ਇਕ ਭਰਮ ਵੀ ਹੈ। 'ਗੁਆਂਚੇ ਲੋਕ', 'ਪਾਣੀ', ਵਾਂਗ ਇਮੀਗਰੈਂਟਸ ਦੀ ਕਹਾਣੀ ਹੈ। ਇਨ੍ਹਾਂ ਕਹਾਣੀਆਂ ਵਿੱਚ ਦੋ ਸਭਿਆਤਾਵਾਂ ਅਤੇ ਸੰਸਕ੍ਰਿਤੀਆਂ ਦਾ ਟਾਕਰਾ ਹੈ। ਇਹ ਟਾਕਰਾ ਕਈ ਗੱਲਾਂ ਪੁੱਛਦਾ ਹੈ ਅਤੇ ਕਈ ਸਵਾਲ ਖੜੇ ਕਰ ਜਾਂਦਾ ਹੈ। ਮੁੜ-ਮੁੜਕੇ ਇਕ ਪ੍ਰਮੁੱਖ ਸਵਾਲ ਸਾਹਮਣੇ ਆਉਂਦਾ ਹੈ ਕਿ ਦੋ ਅਲੱਗ-ਅੱਲਗ ਸਭਿਆਚਾਰ ਆਪਸ ਵਿੱਚ ਸਾਂਝ ਪਾ ਸਕਦੇ ਹਨ ਅਤੇ ਦੂਰੀਆਂ ਪਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕਰ ਲੈਂਦੇ ਹਨ। 'ਬਰਫ਼ ਤੇ ਦਰਿਆ' ਵਿੱਚ ਇਕ ਗੱਲ ਹੋਰ ਸਾਹਮਣੇ ਆਉਂਦਾ ਹੈ ਕਿ ਫਰਕ ਸਿਰਫ਼ ਸਭਿਅਤਾ ਦਾ ਨਹੀਂ ਹੁੰਦਾ ਸੋਚ ਵਿਚ ਵੀ ਫਰਕ ਹੁੰਦਾ ਹੈ। ਜਰਨੈਲਸਿੰਘ ਨੇ ਇਨ੍ਹਾਂ ਕਹਾਣੀਆਂ ਵਿੱਚ ਆਮ ਪਰਵਾਸੀ ਸਾਹਿਤ ਦੇ ਵਿਸ਼ੇ ਨੂੰ ਪਿੱਛੇ ਛੱਡ ਕੇ ਇਕ ਨਵੀਂ ਸੋਚ ਉਠਾਈ ਹੈ ਤੇ ਕਹਾਣੀਆਂ ਅਤੇ ਕਹਾਣੀ ਕਲਾ ਲਈ ਭਾਸ਼ਾ ਦੇ ਬੰਧਨ ਤੋੜੇ ਹਨ। ਇਹ ਇਸ ਲਈ ਵੀ ਵਧੇਰੇ ਮਹੱਤਵ ਰੱਖਦਾ ਹੈ ਕਿਉਂਕਿ ਵਾਸਤਵਿਕ ਮਸਲਿਆਂ ਰਾਹੀਂ ਇਕ ਮਨੁੱਖਵਾਦੀ ਸੋਚ ਜੋ ਸਰਵਵਿਆਪੀ (universal) ਵਿਚਾਰਾਂ ਨੂੰ ਪੱਛਮੀ ਪ੍ਰਭਾਵ ਤੋਂ ਆਜ਼ਾਦ ਕਰਕੇ ਇਕ ਵਧੇਰੀ ਵੱਡੀ ਦੁਨੀਆਂ ਵਿੱਚ ਲਿਆ ਖੜ੍ਹਾ ਕਰਦੀ ਹੈ। ਪੰਜਾਬੀ ਦਾ ਪਾਠਕ, ਸਾਹਿਤ ਨੂੰ ਕੇਵਲ ਯਾਦਾਂ ਜਾਂ ਉਦਰੇਵੇਂ ਜਾਂ ਸਵੈ ਬੀਤੀ ਤੋਂ ਆਜ਼ਾਦ ਕਰਕੇ, ਰਾਸ਼ਟਰ ਤੇ ਇਤਿਹਾਸ ਦੀਆਂ ਹੱਦਾਂ ਤੋਂ ਵੀ ਬਾਹਰ ਜਾ ਕੇ ਮਨੁੱਖ ਮਨੁੱਖ ਦੇ ਰਿਸ਼ਤੇ, ਸਵੈ ਤੇ ਪਰ ਦੇ ਰਿਸ਼ਤੇ ਇਕ ਸਭਿਅਤਾ ਦੇ ਸੰਵਾਦ ਵਿੱਚ ਦੇਖਣ ਲੱਗਦਾ ਹੈ।